
ਬਹਾਦਰ ਸ਼ਰਨ ਕੌਰ



ਗਿਆਨੀ ਅਮਰ ਸਿੰਘ

BAHADUR SHARAN KAUR

by Giani Tirlok Singh Ji

ਡੀ.ਪੀ.ਆਈ.ਪੰਜਾਬ ਮੰਜੂਰ ਸ਼ੁਦਾ ਚਿੱਠੀ ਨੰ: 3-57-68-27 (ਅ.ਪ.)
ਮਿਤੀ 14-8-68
ਸੈਂਟਰਲ ਲਾਇਬ੍ਰੇਰੀ ਮੰਜੂਰ ਸ਼ੁਦਾ ਚਿੱਠੀ ਨੰ: R.P. (Lib.)
54-5572 ਮਿਤੀ 19-11-1958

ISBN : 81-7601-135-5

ਸੋਧੀ ਹੋਈ ਪਹਿਲੀ ਐਡੀਸ਼ਨ 1998

ਦੂਜੀ ਐਡੀਸ਼ਨ 2001

ਭੇਟਾ : 40-00

ਪ੍ਰਕਾਸ਼ਕ:

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 542346, 547974, 557973
ਫੈਕਸ : (0183) 542346
E-Mail : csjs@jla.vsnl.net.in
Visit our Website : www.csjs.com

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 543478

ਭੂਮਿਕਾ

ਸਿੱਖ ਇਤਿਹਾਸ ਸੰਸਾਰ ਦੀਆਂ ਸਾਰੀਆਂ ਕੌਮਾਂ ਦੇ ਇਤਿਹਾਸਾਂ ਨਾਲੋਂ ਵੱਖਰਾ ਤੇ ਚੰਗੇਰਾ ਹੈ। ਸਿੱਖ ਇਤਿਹਾਸ ਦੀ ਇਕ ਇਕ ਘਟਨਾ ਉੱਤੇ ਕਈ ਵੱਡੀਆਂ ਵੱਡੀਆਂ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ। ਇਸ ਪੁਸਤਕ ਵਿਚ ਬਹਾਦਰੀ, ਦੇਸ਼-ਪਿਆਰ, ਪੰਥਕ ਜਜ਼ਬੇ, ਸ਼ਹੀਦੀ ਅਤੇ ਉੱਚੇ ਇਖਲਾਕ ਦੀਆਂ ਅਮਰ ਕਹਾਣੀਆਂ ਹਨ, ਜੋ ਚਾਨਣ ਮੁਨਾਰੇ ਦੀ ਤਰ੍ਹਾਂ ਹਰ ਸਮੇਂ ਕੌਮ ਨੂੰ ਗਿਰਾਵਟ ਵੱਲ ਜਾਣੋਂ ਰੋਕਦੀਆਂ ਰਹਿਣਗੀਆਂ।

ਵਰਤਮਾਨ ਸਾਹਿਤ ਵਿਚ ਨਾਵਲ ਪ੍ਰਧਾਨ ਹੈ। ਨਾਵਲ ਦੀ ਪ੍ਰਧਾਨਤਾ ਨੂੰ ਅਨੁਭਵ ਕਰਕੇ ਗਿਆਨੀ ਤ੍ਰਿਲੋਕ ਸਿੰਘ ਜੀ ਨੇ ਸਭ ਤੋਂ ਪਹਿਲਾਂ ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਮੁੱਖ ਰੱਖ ਕੇ ਇਤਿਹਾਸਕ ਨਾਵਲ ਲਿਖਣੇ ਸ਼ੁਰੂ ਕੀਤੇ। ਮਹਾਰਾਣੀ ਚੰਦ ਕੌਰ, ਮਹਾਰਾਣੀ ਜਿੰਦਾਂ, ਗੁਰਦਾਸ ਨੰਗਲ ਦੇ ਸ਼ਹੀਦ ਤੇ ਅਣਖੀਲਾ ਜਰਨੈਲ ਆਦਿਕ ਆਪ ਦੇ ਲਿਖੇ ਹੋਏ ਕਾਮਯਾਬ ਇਤਿਹਾਸਕ ਨਾਵਲ ਹਨ। ਹੁਣ ਆਪ ਨੇ ਇਕ ਇਤਿਹਾਸਕ ਪੁਸਤਕ 'ਬਹਾਦਰ ਸ਼ਰਨ ਕੌਰ' ਲਿਖੀ ਹੈ, ਜੋ ਪਹਿਲੀਆਂ ਪੁਸਤਕਾਂ ਦੀ ਤਰ੍ਹਾਂ ਸਰਲ ਪੰਜਾਬੀ ਵਿਚ ਲਿਖੀ ਹੈ। ਬਹਾਦਰ ਸ਼ਰਨ ਕੌਰ ਦੀ ਕਹਾਣੀ ਨੂੰ ਐਸੇ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ, ਜਿਸਦੇ ਪੜ੍ਹਨ 'ਤੇ ਪਾਠਕ ਦੇ ਹਿਰਦੇ ਅੰਦਰ ਦੇਸ਼-ਪਿਆਰ, ਸਵੈ-ਸਤਿਕਾਰ, ਧਰਮ ਤੇ ਕੌਮ ਵਾਸਤੇ ਕੁਝ ਕਰਨ ਦਾ ਉਤਸ਼ਾਹ ਜਾਗ ਪੈਂਦਾ ਹੈ ਤੇ ਲਹੂ ਗਰਮ ਹੋ ਉਠਦਾ ਹੈ।

ਯੂਰਪ, ਰੂਸ ਤੇ ਚੀਨ ਜਿਹੇ ਦੇਸਾਂ ਦੀ ਇਸਤਰੀ ਜ਼ਾਤੀ ਦੀ ਬਹਾਦਰੀ ਦੀਆਂ ਕਹਾਣੀਆਂ ਅੱਜ ਪੜ੍ਹਨ ਸੁਣਨ ਵਿਚ ਆਉਂਦੀਆਂ ਹਨ, ਪਰ ਸਿੱਖ ਇਸਤਰੀ ਨੇ ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀ ਵਿਚ ਹੀ ਬੇਮਿਸਾਲ ਚੰਗੇਰੀਆਂ ਬਹਾਦਰੀਆਂ ਕੀਤੀਆਂ ਹਨ। ਬਹਾਦਰ ਸ਼ਰਨ ਕੌਰ ਦੀ ਕਹਾਣੀ ਨੂੰ ਪੜ੍ਹ ਕੇ ਹਰ ਬੀਬੀ ਨਿਰਭੈਤਾ ਨਾਲ ਆਪ ਸਵੈ-ਸਤਿਕਾਰ ਦੀ ਰਾਖੀ ਕਰਨ ਯੋਗ ਬਣ ਸਕਦੀ ਹੈ। ਦੇਸ਼, ਧਰਮ ਤੇ ਸਮਾਜ ਨਾਲ ਪਿਆਰ ਰੱਖਣ ਵਾਲੀਆਂ ਬੀਬੀਆਂ ਨੂੰ ਇਹ ਪੁਸਤਕ ਜ਼ਰੂਰੀ ਪੜ੍ਹਨੀ ਚਾਹੀਦੀ ਹੈ।

ਅੰਤ ਵਿਚ ਮੈਂ ਗਿਆਨੀ ਤ੍ਰਿਲੋਕ ਸਿੰਘ ਜੀ ਨੂੰ ਇਸ ਪੁਸਤਕ ਦੇ ਲਿਖਣ 'ਤੇ ਵਧਾਈ ਦੇਂਦਾ ਹਾਂ ਤੇ ਆਸ ਕਰਦਾ ਹਾਂ ਕਿ ਆਪ ਸਿੱਖ ਇਤਿਹਾਸ ਵਿਚੋਂ ਹੋਰ ਵੀ ਪੁਸਤਕਾਂ ਨਾਵਲੀ ਢੰਗ ਨਾਲ ਲਿਖ ਕੇ ਸਿੱਖ ਧਰਮ ਤੇ ਸਿੱਖ ਸਭਿਅਤਾ ਦਾ ਪ੍ਰਚਾਰ ਕਰਨਗੇ।

ਦਾਸ
ਮਨੋਹਰ ਸਿੰਘ

ਬਹਾਦਰ ਸ਼ਰਨ ਕੌਰ

(ਇਤਿਹਾਸਕ ਨਾਵਲ)

੧.

ਪਿਸ਼ਾਵਰ ਤੋਂ ਅੱਗੇ ਕਿਲ੍ਹਾ ਜਮਰੌਦ ਹੈ। ਇਹ ਕਿਲ੍ਹਾ ਉਸ ਵੇਲੇ ਬਣ ਰਿਹਾ ਸੀ। ਇਸ ਨੂੰ ਉਸਾਰਨ ਵਾਲੇ ਸਿੱਖ ਰਾਜ ਦੇ ਅਣਖੀਲੇ ਜਰਨੈਲ ਸ: ਹਰੀ ਸਿੰਘ ਨਲੂਆ ਸਨ। ਮਹਾਰਾਜਾ ਰਣਜੀਤ ਸਿੰਘ ਵੱਲੋਂ ਨਲੂਆ ਜੀ ਬੇ ਪੀਰੇ ਪਠਾਣੀ ਇਲਾਕੇ ਦੇ ਗਵਰਨਰ ਮੁਕਰਰ ਹੋਏ ਸਨ। ਸਿੱਖ ਫ਼ੌਜ ਦੇ ਰਖਣ ਵਾਸਤੇ ਕਿਲ੍ਹਾ ਉਸਰ ਰਿਹਾ ਸੀ। ਹਜ਼ਾਰਾਂ ਮਜ਼ਦੂਰ ਦਿਨ ਰਾਤ ਇਕ ਕਰਕੇ ਕੰਮ ਕਰ ਰਹੇ ਸਨ। ਸਰਕਾਰ ਦਾ ਹੁਕਮ ਸੀ ਅੱਠਾਂ ਦਿਨਾਂ ਦਾ ਕੰਮ ਦੋਂਹ ਦਿਨਾਂ ਵਿਚ ਮੁੱਕੇ।

ਉਨ੍ਹਾਂ ਦਿਨਾਂ ਦੀ ਗੱਲ ਹੈ। ਜਮਰੌਦ ਤੋਂ ਪੰਝੀ ਕੁ ਮੀਲ ਉੱਤਰ ਪੱਛਮ ਵਿਚ ਮਤਨੀਆਂ ਨਾਂ ਦਾ ਇਕ ਪਹਾੜੀ ਪਿੰਡ ਸੀ। ਜਿਸ ਸਿਆਣੇ ਨੇ ਵੀ ਇਸ ਪਿੰਡ ਦੀ ਮੋਹੜੀ ਗੱਡੀ, ਉਸਨੇ ਬਹੁਤ ਸਿਆਣਪ ਕੀਤੀ। ਹਰਿਆ ਪਹਾੜ, ਦੋਂਹ ਪਾਸੀਂ ਖੁੱਲ੍ਹਾ ਮੈਦਾਨ, ਜਿਸ ਮੈਦਾਨ ਨੂੰ ਕਿਸਾਨਾਂ ਨੇ ਖੇਤਾਂ ਵਿਚ ਬਦਲਿਆ ਹੋਇਆ ਸੀ। ਸੈਂਕੜੇ ਮਣ ਚਾਵਲ ਪੈਦਾ ਹੁੰਦੇ ਸਨ। ਤੀਹ ਕੁ ਘਰਾਂ ਦੀ ਵਸੋਂ ਸੀ।

ਉਨ੍ਹਾਂ ਤੀਹਾਂ ਘਰਾਂ ਵਿਚੋਂ, ਸਿਰਫ਼ ਤਿੰਨ ਘਰ ਹਿੰਦੂਆਂ ਦੇ ਸਨ, ਬਾਕੀ ਸਾਰੇ ਮੁਸਲਮਾਨ ਪਠਾਣਾਂ ਦੇ। ਉਹਨਾਂ ਪਠਾਣਾਂ ਵਿਚੋਂ ਥੋੜ੍ਹੇ ਜਿਹੇ ਮਰਦ ਕਿਸਾਨੀ ਕਰਦੇ ਸੀ। ਕੁਝ ਸੌਦਾਗਰ ਸਨ, ਜੋ ਪੰਜਾਬ ਤੇ ਦਿੱਲੀ

ਤਕ ਸੌਦਾਗਰੀ ਕਰਨ ਆਉਂਦੇ ਸੀ ਤੇ ਕੁਝ ਗੱਭਰੂ ਪਠਾਣ ਸਰਦਾਰਾਂ ਕੋਲ ਨੌਕਰ ਸਨ। ਉਹ ਨੌਕਰ ਫ਼ੌਜੀ ਸਨ। ਪਿੰਡ ਦੀ ਮਾਲੀ ਹਾਲਤ ਚੰਗੀ ਸੀ। ਵੈਸੇ ਵੀ ਚੌਗਿਰਦੇ ਵਿਚ ਪਿੰਡ ਵਾਲਿਆਂ ਦਾ ਦਬਦਬਾ ਸੀ।

ਹਿੰਦੂ ਦੁਕਾਨਦਾਰ ਸਨ। ਉਹਨਾਂ ਨੂੰ ਇਸ ਪਿੰਡ ਵਿਚ ਆ ਕੇ ਵਸਿਆਂ ਕੋਈ ਤੀਹ ਕੁ ਸਾਲ ਹੋ ਗਏ ਸਨ। ਦੁਕਾਨਾਂ ਚੰਗੀਆਂ ਚਲਦੀਆਂ ਸਨ। ਤਿੰਨ ਘਰਾਂ ਵਿਚੋਂ ਇਕ ਘਰ ਕਰਮ ਚੰਦ ਦਾ ਸੀ। ਕਰਮ ਚੰਦ ਦੇ ਦੋ ਭਰਾ ਸਨ – ਰਾਮਨਾਥ ਤੇ ਘਸੀਟਾ ਮਲ। ਘਸੀਟਾ ਮਲ ਦੀ ਨਾ ਵਹੁਟੀ ਸੀ ਤੇ ਨਾ ਕੋਈ ਬਾਲ, ਉਹ ਜਨਮ ਤੋਂ ਅਨ-ਵਿਆਹਿਆ ਸੀ। ਰਾਮਨਾਥ ਦੇ ਦੋ ਪੁੱਤਰ ਸਨ, ਜਿਨ੍ਹਾਂ ਦੀ ਉਮਰ ਉਸ ਵੇਲੇ ੧੩-੧੫ ਸਾਲ ਦੀ ਸੀ। ਕਰਮ ਚੰਦ ਦੇ ਇਕ ਲੜਕੀ ਸ਼ਰਨੀ ਸੀ।

ਸ਼ਰਨੀ ਉਮਰ ਦੇ ਸਤਾਰ੍ਹਵੇਂ ਸਾਲ ਵਿਚ ਪੁੱਜ ਗਈ। ਪਹਾੜ ਦੀ ਖੁੱਲ੍ਹੀ ਸੀਤਲ ਆਬੋ-ਹਵਾ, ਮਾਪਿਆਂ ਦੇ ਪਿਆਰ, ਘਿਉ-ਦੁੱਧ ਤੇ ਫਲਾਂ ਦੀ ਅਮੀਰ ਖ਼ੁਰਾਕ ਅਤੇ ਬੇ-ਫ਼ਿਕਰੀ ਨੇ ਉਸ ਨੂੰ ਪਠਾਣੀਆਂ ਵਾਂਗ ਜੁਆਨ ਤੇ ਸੁੰਦਰ ਕੀਤਾ ਸੀ। ਧੀ ਨੂੰ ਜੁਆਨ ਹੋਇਆਂ ਵੇਖ ਕੇ ਕਰਮ ਚੰਦ ਤੇ ਉਹਦੀ ਵਹੁਟੀ ਖ਼ੁਸ਼ ਵੀ ਹੋਏ ਤੇ ਉਦਾਸ ਵੀ। ਖ਼ੁਸ਼ ਇਸ ਕਰਕੇ ਸਨ ਕਿ ਉਨ੍ਹਾਂ ਦੀ ਬੇਟੀ ਰੂਪਵਤੀ ਸੀ। ਜਿਸ ਘਰ ਜਾਏਗੀ, ਉਸ ਘਰ ਦਾ ਸ਼ਿੰਗਾਰ ਬਣੇਗੀ। ਉਹਨਾਂ ਦੀ ਉਦਾਸੀ ਦੇ ਦੋ ਕਾਰਨ ਸਨ ਇਕ ਇਹ ਕਿ ਜੇ ਸ਼ਰਨੀ ਨੂੰ ਵਿਆਹ ਦਿੱਤਾ ਤਾਂ ਉਹ ਸਹੁਰੇ ਘਰ ਚਲੀ ਜਾਏਗੀ। ਉਨ੍ਹਾਂ ਦਾ ਘਰ ਸੁੰਞਾ ਹੋ ਜਾਵੇਗਾ। ਹੋਰ ਕੋਈ ਬਾਲ ਨਹੀਂ ਸੀ, ਜਿਸ ਨਾਲ ਚਿਤ ਪਰਚਾ ਲੈਣਗੇ। ਉਹੋ ਬੇਟੀ ਉਨ੍ਹਾਂ ਦਾ ਜੀਵਨ ਸਹਾਰਾ ਸੀ। ਏਸੇ ਵਿਛੋੜੇ ਤੋਂ ਡਰਦੇ ਉਹ ਕਿੰਨਾ ਚਿਰ ਐਸੇ ਲੜਕੇ ਦੀ ਭਾਲ ਕਰਦੇ ਰਹੇ ਜੋ ਵਿਆਹ ਤੋਂ ਪਿੱਛੋਂ ਉਹਨਾਂ ਦੇ ਘਰ ਰਹਿਣਾ ਪਰਵਾਨ ਕਰੇ ਪਰ ਸਰਹੱਦ ਦੀ ਥੋੜ੍ਹੀ ਹਿੰਦੂ ਗਿਣਤੀ ਵਿਚੋਂ ਉਹਨਾਂ ਨੂੰ ਕੋਈ ਐਸਾ

ਲੜਕਾ ਨਾ ਮਿਲਿਆ। ਦੂਸਰਾ ਉਦਾਸੀ ਦਾ ਕਾਰਨ ਸੀ ਕਿ ਲੜਕੀ ਜੁਆਨ ਤੇ ਸੁੰਦਰ ਸੀ। ਉਸ ਇਲਾਕੇ ਵਿਚ ਪਠਾਣਾਂ ਦੀ ਬਹੁ-ਗਿਣਤੀ ਸੀ। ਪਠਾਣ ਬਹੁਤ ਵਹਿਸ਼ੀ, ਆਪ-ਹੁਦਰੇ ਤੇ ਲੁਟੇਰੇ ਸਨ। ਹਿੰਦੂਆਂ ਨਾਲ ਪੁਰਾਣੀ ਦੁਸ਼ਮਨੀ ਦੀ ਰੂਹ ਅਜੇ ਪਠਾਣਾਂ ਦੇ ਲਹੂ ਵਿਚ ਚੱਕਰ ਕੱਟ ਰਹੀ ਸੀ। ਜੇ ਕਿਸੇ ਪਾਗਲ ਪਠਾਣ ਨੇ ਸ਼ਰਨੀ ਉਤੇ ਅੱਖ ਰੱਖ ਲਈ ਤਾਂ ਜਾਨ ਮਾਲ ਤੇ ਇਜ਼ਤ ਦੇ ਲੁੱਟ ਜਾਣ ਦਾ ਡਰ ਸੀ। ਸ਼ਰਨੀ ਨੂੰ ਘਰੋਂ ਬਾਹਰ ਨਾ ਨਿਕਲਣ ਦੇਂਦੇ। ਸ਼ਰਨੀ ਦੀ ਮਾਂ ਸ਼ਰਨੀ ਨਾਲ ਛਾਯਾ ਵਾਂਗ ਰਹਿੰਦੀ।

ਆਖਰ ਧੀਆਂ ਘਰੋਂ ਤੋਰਨੀਆਂ ਹੀ ਪੈਂਦੀਆਂ ਨੇ, ਇਹ ਜਗਤ ਦੀ ਚਾਲ ਹੈ। ਧੀ ਬੇਗਾਨਾ ਧਨ ਹੈ ਇਹ ਬੇਗਾਨੇ ਘਰ ਜਾਂਦੇ ਹੀ ਸ਼ੋਭਾ ਦੇਂਦਾ ਹੈ ਸੰਜੋਗ ਜੋਰਾਵਰ ਹੁੰਦੇ ਨੇ। ਸ਼ਰਨੀ ਵਾਸਤੇ ਵਰ ਲੱਭ ਪਿਆ। ਉਹ ਸੀ ਵੀਰ ਭਾਨ ਦਾ ਇਕਲੌਤਾ ਪੁੱਤਰ ਭੀਮ ਸੈਨ। ਭੀਮ ਸੈਨ ਦੀ ਉਮਰ ਵੀਹ ਸਾਲ ਸੀ। ਲੰਮਾ ਤਾਂ ਪੰਜ ਫੁਟ ਦਸ ਇੰਚ ਹੋਵੇਗਾ, ਪਰ ਸਰੀਰ ਵਲੋਂ ਕਾਹਰੇ ਪਿੰਡੇ ਦਾ ਸੀ। ਮਲੂਕੜੇ ਅੰਗਾਂ ਵਾਲਾ, ਭਾਵੇਂ ਉਹ ਪਠਾਣਾਂ ਦੇ ਦੇਸ਼ ਵਿਚ ਜੰਮਿਆਂ ਸੀ, ਪਰ ਦਿਲ ਦਾ ਬਹੁਤ ਹੋਲਾ ਸੀ। ਸੂਰਜ ਡੁੱਬੇ ਤੋਂ ਪਿੱਛੋਂ ਕਦੀ ਘਰੋਂ ਬਾਹਰ ਨਹੀਂ ਸੀ ਨਿਕਲਦਾ। ਪਿਉ ਪੁੱਤਰਾਂ ਦੇ ਉੱਤੇ ਮਾਯਾ ਬਹੁਤ ਮਿਹਰਬਾਨ ਸੀ। ਮਿੱਟੀ ਨੂੰ ਹੱਥ ਪਾਉਂਦੇ ਤਾਂ ਉਹ ਸੋਨਾ ਹੋ ਜਾਂਦਾ। ਭਾਵੇਂ ਕੋਈ ਵੀ ਬਿਉਪਾਰ ਕਰਨ, ਕਦੀ ਘਾਟਾ ਨਹੀਂ ਸੀ ਪੈਂਦਾ, ਨਫ਼ਾ ਹੀ ਹੁੰਦਾ ਸੀ। ਉਹਨਾਂ ਦੀ ਚੰਗੀ ਕਮਾਈ ਵੇਖ ਕੇ ਹੀ ਕਰਮ ਚੰਦ ਨੇ ਸਾਕ ਦੀ ਹਾਂ ਕੀਤੀ ਸੀ। ਕੁਛ ਭੀਮ ਸੈਨ ਵੀ ਸੁਨੱਖਾ ਤੇ ਕਮਾਊ ਪ੍ਰਤੀਤ ਹੋਇਆ। ਕਰਮ ਚੰਦ ਨੇ ਖਿਆਲ ਕੀਤਾ ਕਿ ਅਮੀਰ ਘਰ ਵਿਚ ਧੀ ਸੁਖੀ ਵਸੇਗੀ।

ਹਿੰਦੂ ਮਰਿਯਾਦਾ ਅਨੁਸਾਰ ਸ਼ਗਨ ਤੋਰਿਆ ਗਿਆ। ਦਿਨਾਂ ਦੇ ਚੱਕਰ ਨਾਲ ਸਾਰੇ ਵਿਹਾਰ ਕੀਤੇ ਗਏ। ਮਿਥੇ ਦਿਹਾੜੇ ਉੱਤੇ ਬਾਰਾਤ ਆ

ਗਈ। ਗੀਤ ਗਾਏ ਗਏ। ਵਾਜੇ ਵੱਜੇ, ਆਤਸ਼ਬਾਜੀ ਚੱਲੀ। ਗਰੀਬ ਗੁਰਬੇ ਨੂੰ ਲਾਗ ਤੇ ਦਾਨ ਵੰਡਿਆ ਗਿਆ। ਸਵੇਰੇ ਵੇਦੀ ਉਦਾਲੇ ਲਾਵਾਂ ਹੋਈਆਂ। ਸ਼ਰਨੀ ਦਾ ਹੱਥ ਭੀਮ ਸੈਨ ਦੇ ਹੱਥ ਫੜਾਇਆ ਗਿਆ। ਧਰਮ ਤੇ ਸਮਾਜ ਦੀ ਰਹੁ ਰੀਤੀ ਅਨੁਸਾਰ ਭੀਮ ਸੈਨ ਉਸ ਵੇਲੇ ਤੋਂ ਸ਼ਰਨੀ ਦਾ ਪਤੀ, ਰਾਖਾ ਤੇ ਮਾਲਕ ਮਿਥਿਆ ਗਿਆ। ਸ਼ਰਨੀ ਦੀ ਇਜ਼ਤ ਤੇ ਜਾਨ ਦੀ ਰਾਖੀ ਵੀ ਉਸ ਨੇ ਕਰਨੀ ਹੋਵੇਗੀ। ਭਾਵੇਂ ਉਸ ਨੂੰ ਜਾਨ ਕੁਰਬਾਨ ਕਰਨੀ ਪਵੇ। ਪੰਡਿਤਾਂ ਨੇ ਉਸਨੂੰ ਸਿੱਖਿਆ ਦਿੱਤੀ।

''........ਜੀ! ਧੀ ਨੂੰ ਮੈਂ ਫੁੱਲਾਂ ਵਾਂਗ ਪਾਲਿਆ ਹੈ, ਇਸ ਨੂੰ ਤੰਗ ਨਾ ਕਰਨਾ। ਲਾਡ ਪਿਆਰ ਦੇ ਪੰਘੂੜਿਆਂ ਵਿਚ ਖੇਡੀ ਹੈ, ਉਦਾਸ ਨਾ ਹੋਵੇ। ਜੇ ਕੋਈ ਕੰਮ ਵਿਗੜੇ ਤਾਂ ਪਿਆਰ ਨਾਲ ਸਮਝਾਉਣਾ! ਇਹ ਕ੍ਰੋਧ ਦਾ ਸੇਕ ਝੱਲਣ ਜੋਗੀ ਨਹੀਂ।''

ਸ਼ਰਨੀ ਦੀ ਮਾਂ ਨੇ ਡੋਲੀ ਤੋਰਨ ਵੇਲੇ ਆਪਣੇ ਕੁੜਮ ਵੀਰ ਭਾਨ ਨੂੰ ਆਖਿਆ ਸੀ।

''ਹੁਣ ਤੋਂ ਇਹ ਮੇਰੀ ਧੀ ਹੋਈ। ਮੈਂ ਇਸ ਨੂੰ ਹਰ ਤਰ੍ਹਾਂ ਸੁਖੀ ਰਖਾਂਗਾ।'' ਵੀਰ ਭਾਨ ਨੇ ਉੱਤਰ ਦਿੱਤਾ ਸੀ।

ਬਾਰਾਤ ਦੇ ਨਾਲ ਪੰਝੀ ਬੰਦੇ ਸਨ, ਜਿਹਨਾਂ ਵਿਚੋਂ ਛੇ ਵਡੇਰੀ ਉਮਰ ਦੇ ਸੀ ਤੇ ਬਾਕੀ ਅਧ-ਖੜ ਤੇ ਗੱਭਰੂ। ਕਿਸੇ ਦੇ ਹੱਥ ਵਿਚ ਡਾਂਗ ਤੇ ਕਿਸੇ ਦੇ ਤਲਵਾਰ ਸੀ। ਉਹ ਲਾੜੇ ਦੇ ਨਾਲ ਮਦਦ ਵਾਸਤੇ ਆਏ ਹੋਏ ਸਨ। ਉਹਨਾਂ ਸਮਿਆਂ ਵਿਚ ਲੁੱਟ-ਮਾਰ ਬਹੁਤ ਸੀ। ਵਹਿਸ਼ੀ ਪਠਾਣ ਰਾਹ ਜਾਂਦਿਆਂ ਡੋਲੀਆਂ ਲੁੱਟ ਲੈਂਦੇ ਸੀ।

ਵੀਰ ਭਾਨ ਨੇ ਕੁੜਮ ਨੂੰ ਆਖਿਆ-'ਰਤਾ ਛੇਤੀ ਤੋਰੋ, ਰਾਹ ਵਿਚ ਹਨੇਰਾ ਨਾ ਹੋ ਜਾਵੇ। ਰਾਹ ਭੈੜਾ ਹੈ। ਪਠਾਣਾਂ ਨੇ ਤਾਂ ਅੰਨ੍ਹੀ ਪਾਈ ਹੋਈ ਹੈ। ਸਿੱਖ ਰਾਜ ਦੀ ਵੀ ਪਰਵਾਹ ਨਹੀਂ ਕਰਦੇ।'

'ਸਿੱਖ ਰਾਜ ਅਜੇ ਚੰਗੀ ਤਰ੍ਹਾਂ ਕਾਇਮ ਨਹੀਂ ਹੋਇਆ, ਖੈਰ ਬਚ

ਬਚਾ ਕੇ ਜਾਣਾ।' ਕਰਮ ਚੰਦ ਨੇ ਉੱਤਰ ਦਿੱਤਾ, 'ਤੁਰੋ ਸਾਡੇ ਵੱਲੋਂ ਤਾਂ ਸਾਰੇ ਵਿਹਾਰ ਪੂਰੇ ਹੋ ਚੁਕੇ ਨੇ। ਜ਼ਨਾਨੀਆਂ ਮਿਲ ਰਹੀਆਂ ਨੇ ਉਹਨਾਂ ਨੂੰ ਰੋਕ ਦੇਂਦਾ ਆਂ।'

'ਅਸੀਂ ਪੰਝੀ ਬੰਦੇ ਆਂ, ਡਰ ਵਾਲੀ ਕੋਈ ਗੱਲ ਨਹੀਂ, ਦਸ ਕੁ ਤਕੜੇ ਗੱਭਰੂ ਨੇ।'

ਤਿੰਨਾਂ ਖੋਤਿਆਂ ਉੱਤੇ ਦਾਜ ਲੱਦ ਦਿੱਤਾ ਗਿਆ। ਕੁਹਾਰਾਂ ਨੇ ਡੋਲੀ ਚੁੱਕ ਲਈ। ਚੀਕਾਂ ਮਾਰਦੀ ਸ਼ਰਨੀ ਬਾਬਲ ਦੇ ਪਿੰਡੋਂ ਚਲੀ। ਕਰਮ ਚੰਦ ਤੇ ਉਹਦੀ ਵਹੁਟੀ ਵੀ ਰੋਂਦੇ ਸਨ। ਲਾਡਾਂ ਨਾਲ ਪਾਲੀ ਪੋਸੀ ਧੀ ਨੂੰ ਘਰੋਂ ਤੋਰ ਰਹੇ ਸੀ।

ਉਸ ਪਿੰਡ ਦੀ ਹੱਦ ਲੰਘ ਕੇ ਵੀਰ ਭਾਨ ਨੇ ਆਖਿਆ-ਸੁਣੋ ਭਰਾਵੋ! ਰਤਾ ਹੁਸ਼ਿਆਰੀ ਨਾਲ ਚਲਣਾ ਜੇ। ਤਲਵਾਰਾਂ ਵਾਲੇ ਕੁਛ ਅੱਗੇ ਹੋ ਜਾਣ ਤੇ ਕੁਝ ਪਿੱਛੇ, ਇਕੱਠੇ ਸਾਰੇ ਤੁਰੇ ਚਲੋ। ਚਲੋ ਕਾਹਲੀ। ਗੜ੍ਹੀ ਹਬੀਬ ਉੱਲਾ ਚਾਨਣੇ ਲੰਘ ਜਾਈਏ।'

ਚਾਚਾ! ਕੋਈ ਫਿਕਰ ਨਾ ਕਰ-ਜੋ ਆਵੇਗਾ ਉਹਦੇ ਡਕਰੇ ਕਰ ਦਿਆਂਗੇ। ਪਠਾਣ ਅਸਾਂ ਜੇਹੇ ਆਦਮੀ ਨੇ, ਵੇਖੀਂ ਹੱਥ ਗਭਰੂਆਂ ਦੇ। ਅਸਾਂ ਵੀ ਮਾਵਾਂ ਦੇ ਦੁੱਧ ਪੀਤੇ। ਅਸਾਡੀਆਂ ਵੀ ਬਾਹਾਂ ਵਿਚ ਜ਼ੋਰ ਹੈ। 'ਬੇ-ਫਿਕਰ ਹੋ ਕੇ ਤੁਰਿਆ ਚਲ' ਇਕ ਗਭਰੂ ਬੋਲਿਆ। ਉਸ ਦੇ ਹੱਥ ਵਿਚ ਤਲਵਾਰ ਸੀ। ਉਹ ਤਲਵਾਰ ਬੜੀ ਪੁਰਾਣੀ ਪਠਾਣੀ ਤਲਵਾਰ ਸੀ, ਜਿਸ ਨੇ ਹਿੰਦੂਆਂ ਕੋਲ ਵੇਚੀ ਸੀ, ਉਹ ਆਖਦਾ ਸੀ ਕਿ ਉਸਦੇ ਵੱਡੇਰਿਆਂ ਨੇ ਉਸ ਤਲਵਾਰ ਨਾਲ ਕਈ ਵਾਰ ਲਾਹੌਰ ਦੀਆਂ ਲੜਾਈਆਂ ਲੜੀਆਂ। ਸੈਂਕੜੇ ਹਿੰਦੂਆਂ ਦੇ ਸਿਰ ਵੱਢੇ ਸਨ। ਉਸ ਗੱਲ ਨੂੰ ਚੇਤੇ ਕਰਦੇ ਉਹ ਬੋਲਿਆ 'ਚਾਚਾ! ਇਹ ਤਲਵਾਰ ਹੁਣ ਤਕ ਹਿੰਦੂਆਂ ਦੇ ਸਿਰ ਕੱਟਦੀ ਰਹੀ ਹੈ, ਅੱਜ ਪਠਾਣਾਂ ਦੇ ਸਿਰ ਕੱਟੇਗੀ। ਓਨੇ ਬਦਲੇ ਲਵੇਗੀ......ਮੈਂ ਤਾਂ ਆਖਦਾ ਆਂ ਸਗੋਂ ਕੋਈ ਲੁਟੇਰਾ ਆਵੇ ਤੇ ਹੱਥ ਦੇਖੇ।

ਵੀਰ ਭਾਨ ਨੇ ਉਹਦੀਆਂ ਤਿੜਾਂ ਵੱਲ ਕੋਈ ਖ਼ਿਆਲ ਨਹੀਂ ਕੀਤਾ। ਉਹਦਾ ਦਿਲ ਡਰਦਾ ਸੀ, ਕਿਉਂਕਿ ਦਸ ਬਾਰਾਂ ਹਜ਼ਾਰ ਦੀ ਜਾਇਦਾਦ ਅਤੇ ਪਰੀ ਵਰਗੀ ਨੂੰਹ ਲੈ ਕੇ ਜਾ ਰਿਹਾ ਸੀ। ਉਹ ਕਾਲੀ ਕਲਕੱਤੇ ਵਾਲੀ, ਭੈਰੋਂ, ਹਨੂੰਮਾਨ, ਸ੍ਰੀ ਕ੍ਰਿਸ਼ਨ, ਰਾਮ ਚੰਦ੍ਰ, ਗੁਰੂ, ਪੀਰਾਂ ਤੇ ਰੱਬ ਨੂੰ ਮਨ ਹੀ ਮਨ ਵਿਚ ਧਿਆਈ ਜਾਂਦਾ ਸੀ ਕਿ ਸਾਰੇ ਰਲ ਕੇ ਉਸ ਦੀ ਸਹਾਇਤਾ ਕਰਨ, ਉਹ ਸੁਖੀ ਸਾਦੀਂ ਘਰ ਪਹੁੰਚ ਜਾਵੇ, ਉਸਦੀਆਂ ਅੱਖਾਂ ਅੱਗੇ, ਪਿੱਛੇ ਤੇ ਆਸੀਂ ਪਾਸੀਂ ਵੇਖਦੀਆਂ ਜਾ ਰਹੀਆਂ ਸਨ। ਓਹਦੇ ਦਿਲ ਉੱਤੇ ਪਠਾਣਾਂ ਦੇ ਵਹਿਸ਼ੀਪਣ ਦਾ ਬਹੁਤ ਬੁਰਾ ਅਸਰ ਸੀ।

੨.

ਵੀਰ ਭਾਨ ਦੀ ਅਗਵਾਈ ਹੇਠ ਬਾਰਾਤ ਤੁਰੀ ਗਈ। ਘਰ ਨੂੰ ਮੁੜਦੀ ਹੋਈ ਬਾਰਾਤ ਕਾਹਲੀ ਪੈਰ ਪੁਟ ਰਹੀ ਸੀ। ਸੱਤ ਕੁ ਮੀਲ ਦੂਰ ਬਾਰਾਤ ਆ ਗਈ। ਕਿਸੇ ਖ਼ਤਰੇ ਦਾ ਸਾਹਮਣਾ ਨਾ ਕਰਨਾ ਪਿਆ। ਅਠਵੇਂ ਮੀਲ 'ਤੇ ਜਦ ਆਏ ਤਾਂ ਰਾਹ ਬੜਾ ਬਿਖੜਾ ਤੇ ਉਜਾੜ ਆ ਗਿਆ, ਇਕ ਪਾਸੇ ਜੰਗਲ ਸੀ ਦੂਸਰੇ ਉੱਚੀ ਪਹਾੜੀ ਤੇ ਤੀਸਰੇ ਡੂੰਘੀਆਂ ਹਨੇਰੀਆ, ਖੱਡਾਂ ਰਾਹ ਦਾ ਉਸ ਹਿੱਸੇ ਦਾ ਨਾਂ ਮੌਤ ਦਾ ਪੜਾਅ ਰਖਿਆ ਹੋਇਆ ਸੀ। ਪੰਦਰਾਂ ਕੁ ਫੁਟ ਚੋੜਾ ਉਹ ਰਾਹ ਸੀ, ਜਿਸ ਵਿਚ ਉਗੜੇ ਦੁਗੜੇ ਪੱਥਰ ਪਏ ਹੋਏ ਸਨ। ਹੋਲੀ ਹੌਲੀ ਤੁਰਨਾ ਪੈਂਦਾ ਸੀ। ਉਸ ਹਿੱਸੇ ਵਿਚੋਂ ਇਕ ਗੜ੍ਹੀ ਹਬੀਬ ਉੱਲਾ ਨੂੰ ਜਾਂਦੀ ਸੀ। ਗੜ੍ਹੀ ਹਬੀਬ ਉੱਲਾ ਦਾ ਮਾਲਕ ਅੱਲਾ ਦਿੱਤਾ ਵੱਡਾ ਰਾਹ-ਮਾਰ ਸੀ। ਉਸ ਨੇ ਕੁਝ ਆਦਮੀ ਰੱਖੇ ਹੋਏ ਸੀ, ਜੋ ਮੌਤ ਨਾਲ ਖੇਡਣ ਨੂੰ ਸਦਾ ਤਿਆਰ ਰਹਿੰਦੇ ਸਨ।

ਹੈਂ! ਡਾਕੂ! ਵੀਰ ਭਾਨ ਨੇ ਆਪਣੇ ਸੱਜੇ ਪਾਸੇ ਦੇਖ ਕੇ ਆਖਿਆ। ਉਸ ਦਾ ਸਰੀਰ ਕੰਬ ਗਿਆ ਤੇ ਦਿਲ ਧੜਕਣ ਲੱਗਾ। ਉਹ ਡਰ ਨਾਲ ਐਸਾ ਠਠੰਬਰਿਆ ਕਿ ਦੂਸਰੀ ਵਾਰ ਉਸ ਦੀ ਜ਼ਬਾਨੋਂ ਡਾਕੂ ਵੀ ਨਾ ਨਿਕਲ ਸਕਿਆ।

ਏਨੇ ਨੂੰ ਤੋੜੇਦਾਰ ਬੰਦੂਕਾਂ ਦੇ ਚਲਣ ਦੀ ਭਿਆਨਕ ਆਵਾਜ਼ ਠਾਹ ਆਈ। ਉਸ ਆਵਾਜ਼ ਦੇ ਨਾਲ ਹੀ ਅੱਠ ਕੁ ਦਿਓਆਂ ਵਰਗੇ ਪਠਾਣ ਹੱਥ ਵਿਚ ਨੰਗੀਆਂ ਤਲਵਾਰਾਂ ਲਈ ਗੋਲੀ ਵਾਂਗ ਹੇਠਾਂ ਨੂੰ ਰਿੜ੍ਹੇ।

ਉਹ ਪਸ਼ਤੋ ਬੋਲੀ ਵਿਚ ਲਲਕਾਰੇ ਮਾਰਦੇ ਬਾਰਾਤੀਆਂ ਨੂੰ ਗਾਲ੍ਹਾਂ ਕੱਢਦੇ ਭੱਜੇ ਆਉਂਦੇ ਸਨ।

ਵੀਰ ਭਾਨ ਤਾਂ ਘੋੜਲਕੇ ਆਪਣੇ ਪੁੱਤਰ ਭੀਮ ਦੇ ਗਲ ਜਾ ਚੰਬੜਿਆ। ਦੂਸਰੇ ਬਾਰਾਤੀਆਂ ਦਾ ਲਹੂ ਠੰਢਾ ਹੋ ਗਿਆ। ਲੱਤਾਂ ਕੰਬਣ ਲੱਗੀਆਂ। ਕਈਆਂ ਦੇ ਹੱਥਾਂ ਵਿਚੋਂ ਡਾਂਗਾਂ ਡਿੱਗ ਪਈਆਂ। ਛੇ ਗਭਰੂਆਂ ਨੇ ਦਿਲ ਕੱਢਿਆ। ਉਹਨਾਂ ਵੀ ਪਸ਼ਤੋ ਵਿਚ ਲਲਕਾਰਾ ਮਾਰਿਆ ਤੇ ਤਲਵਾਰਾਂ ਨੂੰ ਸੂਤਿਆ। ਬਾਕੀ ਬੋਦੀਆਂ ਫੜ ਕੇ ਬੈਠ ਗਏ, ਕਿਉਂਕਿ ਬੋਦੀ ਫੜਕੇ ਬੈਠਣ ਦਾ ਮਤਲਬ ਹੁੰਦਾ ਸੀ ਓਹ ਹਾਰੇ ਤੇ ਜੀਵਨ ਦਾਨ ਮੰਗਦੇ ਹਨ। ਉਹਨਾਂ ਨੂੰ ਮਾਰਿਆ ਨਾ ਜਾਵੇ। ਕੁਹਾਰਾਂ ਨੇ ਡੋਲੀ ਹੇਠਾਂ ਰੱਖ ਦਿੱਤੀ। ਖੋਤਿਆਂ ਵਾਲਾ ਪਠਾਣ ਹੇਠਾਂ ਖੱਡ ਵਿਚ ਉੱਤਰ ਗਿਆ। ਉਸਨੇ ਖੋਤਿਆਂ ਦੀ ਵੀ ਪ੍ਰਵਾਹ ਨਾ ਕੀਤੀ, ਕੁਹਾਰ ਵੀ ਡੋਲੀ ਕੋਲ ਬੋਦੀਆਂ ਫੜ ਕੇ ਬੈਠ ਗਏ।

ਡਾਕੂ ਰਾਹ ਵਿਚ ਆ ਗਏ। ਲੜਾਈ ਹੋਣ ਲੱਗੀ। ਪੰਜਾਂ ਮਿੰਟਾਂ ਵਿਚ ਲੜਾਈ ਮੁੱਕ ਵੀ ਗਈ। ਤਿੰਨ ਹਿੰਦੂ ਗਭਰੂ ਮਰ ਗਏ, ਦੋ ਫਟੜ ਹੋ ਗਏ, ਬਾਕੀ ਦਿਆਂ ਦੇ ਹੱਥ ਪਹਿਲਾਂ ਕੰਬ ਰਹੇ ਸਨ। ਇਕ ਪਠਾਣ ਬਹੁਤ ਬੁਰੀ ਤਰ੍ਹਾਂ ਜ਼ਖਮੀ ਹੋਇਆ।

ਡਾਕੂਆਂ ਨੇ ਭੀਮ ਸੈਨ ਨੂੰ ਫੜ ਲਿਆ, ਦਾਜ ਵਾਲੇ ਖੋਤਿਆਂ ਨੂੰ ਘੇਰ ਲਿਆ। ਡੋਲੀ ਦੇ ਉਦਾਲੇ ਹੋ ਖਲੋਤੇ। ਨੰਗੀਆਂ ਤਲਵਾਰਾਂ ਦੀ ਚਮਕ ਨਾਲ ਬਾਰਾਤੀਆਂ ਨੂੰ ਡਰਾ ਕੇ ਤਿੰਨਾਂ ਡਾਕੂਆਂ ਨੇ ਸਭ ਦੀਆਂ ਤਲਾਸ਼ੀਆਂ ਲਈਆਂ। ਨਗਦੀ, ਚੰਗਾ ਕੱਪੜਾ ਤੇ ਸੋਨੇ ਚਾਂਦੀ ਦੀ ਟੂਮ ਸਭ ਖੋਹ ਲਿਆ। ਬਾਰਾਤੀਆਂ ਦੀ ਤਲਾਸ਼ੀ ਪਿੱਛੋਂ ਡੋਲੀ ਦੇ ਕੋਲ ਖਲੋ ਕੇ ਪਸ਼ਤੋ ਵਿਚ ਆਪਣੇ ਡਾਕੂ ਸਾਥੀ ਨੂੰ ਕਹਿਣ ਲੱਗਾ,

'ਲਾੜੇ ਨੂੰ ਮਾਰ ਦੇਈਏ।'

ਵੀਰ ਭਾਨ ਨੇ ਜਦੋਂ ਇਹ ਬੋਲ ਸੁਣਿਆ ਤਾਂ ਉਹਦੇ ਪੈਰਾਂ ਹੇਠੋਂ

ਮਿੱਟੀ ਨਿਕਲ ਗਈ। ਉਸ ਨੇ ਹੱਥ ਜੋੜ ਕੇ ਉਹਨਾਂ ਡਾਕੂਆਂ ਅੱਗੇ ਤਰਲਾ ਕੀਤਾ-''ਓ ਦੁਹਾਈ ਖ਼ੁਦਾ ਦੀ! ਮੇਰੇ ਪੁੱਤਰ ਨੂੰ ਕੁਝ ਨਾ ਆਖੋ! ਇਸ ਦੀ ਜਾਨ ਬਖ਼ਸ਼ੀ ਕਰੋ! ਸਾਰੀ ਨਗਦੀ, ਗਹਿਣੇ, ਕੱਪੜੇ ਤੇ ਭਾਂਡੇ ਲੈ ਜਾਓ! ਅਸੀਂ ਕਿਤੇ ਦਾਦ ਫਰਿਆਦ ਨਹੀਂ ਕਰਦੇ! ਪਰ ਮੇਰੇ ਪੁੱਤਰ ਨੂੰ ਕੁਝ ਨਾ ਆਖੋ..... ਏਹੋ ਮੇਰੇ ਜੀਵਨ ਦੀ ਪੂੰਜੀ ਹੈ। ਮੇਰੇ ਪ੍ਰਾਣ.......

ਡਾਕੂ ਲਾਲ ਪੀਲਾ ਹੋ ਕੇ ਵੀਰ ਭਾਨ ਵੱਲ ਵਧਿਆ ਤੇ ਉਸ ਨੂੰ ਚਪੇੜ ਮਾਰ ਕੇ ਆਖਣ ਲੱਗਾ-''ਕੁੱਤੇ! ਕਾਫ਼ਰ! ਚੁੱਪ ਰਹੁ! ਜੋ ਅਸਾਡਾ ਜੀਅ ਕਰੇਗਾ ਸੋ ਕਰਾਂਗੇ! ਤੇਰੇ ਪੁੱਤਰ ਨੂੰ ਮਰਨਾ ਹੀ ਚੰਗਾ ਹੈ।''

ਵੀਰ ਭਾਨ ਮਰੇੜਾ ਸੀ ਇਹ ਚਪੇੜ ਨਾਲ ਹੀ ਬੌਂਦਲ ਕੇ ਧਰਤੀ ਉੱਤੇ ਬੈਠ ਗਿਆ। ਉਹਦੀਆਂ ਅੱਖਾਂ ਅੱਗੇ ਭੰਬਰ ਤਾਰੇ ਆ ਗਏ।

ਭੀਮ ਸੈਨ........ ਜਿਸ ਦਾ ਨਾਂ ਰੱਖ ਕੇ ਹੀ ਮਾਂ ਨੇ ਗਵਾਇਆ ਸੀ, ਨਾਂ ਤੇ ਉਸ ਬਹਾਦਰ ਦਾ ਰਖਿਆ ਜਿਸ ਕੋਲੋਂ ਧਰਤ ਕੰਬਦੀ ਸੀ। ਜਿਸਨੇ ਪਾਪੀ ਕੌਰਵਾਂ ਦਾ ਨਾਸ ਕੀਤਾ ਸੀ। ਪਰ ਵੀਰ ਭਾਨ ਦਾ ਭੀਮ ਸੈਨ ਭੇਡ ਦੇ ਦਿਲ ਵਾਲਾ ਸੀ। ਉਹ ਐਸਾ ਘਬਰਾਇਆ ਕਿ ਜ਼ਬਾਨੋਂ ਕੋਈ ਗੱਲ ਵੀ ਨਾ ਕਰ ਸਕਿਆ। ਉਸਦੇ ਹੱਥਲੀ ਸ਼ਗਨਾਂ ਦੀ ਤਲਵਾਰ ਜਿਸਨੂੰ ਫੜਕੇ ਲਾਵਾਂ ਲਈਆਂ ਤੇ ਸ਼ਰਨੀ ਦੀ ਇੱਜ਼ਤ ਤੇ ਜਾਨ ਦੀ ਰਾਖੀ ਕਰਨ ਦਾ ਪ੍ਰਣ ਕੀਤਾ ਸੀ, ਜਿਵੇਂ ਬਿਜਲੀ ਪਈ ਸੀ। ਉਸਦਾ ਸਾਰਾ ਤਨ ਇੰਝ ਕੰਬੀ ਜਾਂਦਾ ਸੀ, ਜਿਵੇਂ ਬਿਜਲੀ ਦੇ ਕਰੰਟ ਨਾਲ ਕੋਈ ਚੀਜ਼ ਥਰਥਰਾਉਂਦੀ ਹੈ। ਡਰ ਨੇ ਉਸਦੀ ਐਸੀ ਸੁਰਤ ਮਾਰੀ ਸੀ। ਉਹਨੂੰ ਇਹ ਵੀ ਖ਼ਿਆਲ ਨਾ ਰਿਹਾ ਕਿ ਉਸ ਨੇ ਆਪਣੀ ਸੱਜ ਵਿਆਹੀ ਲਾੜੀ ਦੀ ਰਾਖੀ ਕਰਨੀ ਹੈ।

ਡਾਕੂਆਂ ਨੇ ਆਪੋ ਵਿਚਦੀ ਪਸ਼ਤੋ ਮਾਰ ਕੇ ਫ਼ੈਸਲਾ ਕੀਤਾ ਕਿ ਜੁੱਤੀਆਂ ਮਾਰ ਮਾਰ ਕੇ ਸਾਰੇ ਬਰਾਤੀਆਂ ਨੂੰ ਅੱਗੇ ਤੋਰ ਦਿਓ। ਡੋਲੀ ਲਾੜਾ ਤੇ ਸਾਮਾਨ ਡੱਕ ਲਵੋ। ਦੋ ਜਣੇ ਅਗਲੇ ਪਾਸਿਓਂ ਸ਼ੁਰੂ ਕਰਨ ਤੇ

ਜਿਸਨੂੰ ਜੁੱਤੀਆਂ ਲਾਉਣ ਉਸਨੂੰ ਅੱਗੇ ਤੋਰੀ ਜਾਣ।

ਉਹਨਾਂ ਨੇ ਉਸੇ ਤਰ੍ਹਾਂ ਕਰਨਾ ਸ਼ੁਰੂ ਕੀਤਾ। ਹਰ ਇਕ ਨੂੰ ਪੰਜ ਜੁੱਤੀਆਂ ਸਿਰ ਵਿਚ ਮਾਰਕੇ ਆਖਣ-''ਨੱਸ ਜਾਹ! ਪਿੱਛੇ ਮੁੜ ਕੇ ਨਾ ਦੇਖੀਂ। ਜੇ ਪਿੱਛੇ ਮੁੜ ਕੇ ਦੇਖਿਆ ਤਾਂ ਜਾਨੋਂ ਮਾਰ ਦਿਆਂਗੇ।''

ਬਿਨਾਂ ਚੀਕ ਮਾਰੇ ਤੇ ਅਥਰੂ ਕੇਰੇ ਬਹਾਦਰ ਮਲ, ਤੇਜੂ ਰਾਮ, ਨਿਕੂ ਸ਼ਾਹ, ਕਰੋੜੀ ਰਾਮ, ਛੋਟੂ ਰਾਮ, ਦੇਵੀ ਦਾਸ, ਬੂਆ ਚੰਦ ਹੁਰੀਂ ਅੱਗੇ ਨੂੰ ਨੱਸਣ ਲੱਗੇ। ਨਿੱਕੇ ਨਿੱਕੇ ਕਦਮ ਪੁਟਦੇ ਉਹ ਗੋਲੀ ਵਾਂਗ ਨੱਸੇ ਗਏ, ਕਿਸੇ ਨੇ ਪਿੱਛੇ ਭੌਂ ਕੇ ਨਹੀਂ ਦੇਖਿਆ। 'ਜਾਨ ਬਚੀ ਲਾਖੋਂ ਪਾਏ' ਦਾ ਵਾਕ ਬੁਲ੍ਹਾਂ ਤੋਂ ਉਚਾਰੀ ਜਾਂਦੇ ਸਨ। ਜਿਸ ਡੋਲੀ ਦੀ ਰਾਖੀ ਕਰਨ ਵਾਸਤੇ ਘਰੋਂ ਆਏ ਸੀ, ਉਸਦਾ ਚੇਤਾ ਹੀ ਨਾ ਰਿਹਾ। ਠੀਕ ਹੈ, ਬੇਗਾਨੀ ਮੌਤੇ ਕੌਣ ਮਰਦਾ ਹੈ। ਹਰ ਇਕ ਨੂੰ ਜਾਨ ਪਿਆਰੀ ਹੈ।

ਹੋਰ ਸਾਰੇ ਤੋਰ ਦਿੱਤੇ। ਚਾਰ ਕੁਹਾਰ, ਵੀਰ ਭਾਨ, ਭੀਮ ਸੈਨ, ਸ਼ਰਨੀ ਅਤੇ ਉਸ ਦੇ ਨਾਲ ਆਈ ਹੋਈ ਲਾਗਣ ਪਿੱਛੇ ਰਹਿ ਗਏ।

ਡਾਕੂਆਂ ਨੇ ਕੁਹਾਰਾਂ ਨੂੰ ਕਿਹਾ – ਤੁਸੀਂ ਵੀ ਪਿੱਛੇ ਨੂੰ ਮੁੜ ਜਾਓ! ਡੋਲੀ ਏਥੇ ਰਹੇਗੀ।

ਉਹ ਵੀ ਚੁਪਚਾਪ ਤੁਰ ਗਏ। ਉਹਨਾਂ ਵੀ ਪੰਜ ਪੰਜ ਜੁੱਤੀਆਂ ਸਿਰ ਵਿਚ ਖਾ ਲਈਆਂ। ਜੁੱਤੀਆਂ ਖਾ ਕੇ ਸਿਰ ਝਾੜਨ ਦਾ ਵੀ ਚੇਤਾ ਨਾ ਰਿਹਾ।

ਇਕ ਡਾਕੂ ਨੇ ਵੀਰ ਭਾਨ ਨੂੰ ਆਖਿਆ, ''ਕਿਉਂ ਓਏ ਬੁੱਢਿਆ! ਦੱਸ ਤੇਰੇ ਡੱਕਰੇ ਕਰੀਏ ਤੇ ਖੱਡ ਵਿਚ ਸੁੱਟ ਦੇਈਏ?'

'ਮੈਂ.....ਮੈਂ..... ਕੀ..... ਕੀ...... ਗਵਾਇਆ ਏ! ਮੈਨੂੰ ਕਿਉਂ ਮਾਰਦੇ ਜੇ? ਮੈਨੂੰ ਤੇ ਮੇਰੇ ਪੁੱਤਰ ਨੂੰ ਕੁਝ ਨਾ ਕਹੋ। ਧਨ ਸਾਰਾ ਲੈ ਲਵੋ, ਮੇਰੀ ਨੂੰਹ ਮੈਨੂੰ ਦੇ ਦਿਓ।'

ਵੀਰ ਭਾਨ ਦਾ ਇਹ ਤਰਲਾ ਸੁਣ ਕੇ ਡਾਕੂ ਹੱਸ ਪਏ, 'ਇਕ

ਹਸਦਾ ਹੋਇਆ ਬੋਲਿਆ-"ਤੂੰ ਆਪਣੀ ਜਾਨ ਦੀ ਸੁੱਖ ਮੰਗ, ਨੂੰਹ ਭਾਲਦਾ ਹੈਂ ਮੂਰਖ! ਸ਼ੇਰ ਦੀਆਂ ਦਾੜ੍ਹਾਂ ਵਿਚੋਂ ਮਾਸ ਦੀ ਆਸ।"

"......ਹੱਛਾ! ਮੇਰਾ ਪੁੱਤਰ! ਭੀਮ ਸੈਨ ਇਸ ਨੂੰ ਕੁਝ ਨਾ ਆਖਿਓ। ਮੈਂ ਤਰਲਾ ਕਰਦਾ ਆਂ, ਮੇਰਾ ਇਕੋ ਇਕ ਪੁੱਤਰ! ਮੈਂ ਮਰ ਜਾਵਾਂਗਾ, ਇਹਨੂੰ ਜਾਣ ਦਿਓ! ਇਹ ਪਿੱਛੇ ਮੁੜ ਕੇ ਨਹੀਂ ਦੇਖਦਾ, ਜਾਣ ਦਿਓ!" ਵੀਰ ਭਾਨ ਦਾ ਤਰਲਾ ਸੀ-'ਲੈ ਜਾਓ ਨੂੰਹ ਨੂੰ....'

'ਇਸ ਨੂੰ ਨਹੀਂ ਛੱਡਾਂਗੇ.... ਖੱਡ ਵਿਚ ਸੁੱਟਾਂਗੇ।' ਇਕ ਡਾਕੂ ਨੇ ਆਖਿਆ, ਨਾਲ ਹੀ ਉਸ ਨੇ ਭੀਮ ਸੈਨ ਨੂੰ ਇਕ ਨਹੀਂ ਸਗੋਂ ਤਿੰਨ ਚਾਰ ਚਪੇੜਾਂ ਛੱਡ ਦਿੱਤੀਆਂ। ਚਪੇੜਾਂ ਨਾਲ ਉਹ ਬੌਂਦਲ ਗਿਆ ਉਸ ਨੂੰ ਧਰਤੀ ਭੌਂਦੀ ਨਜ਼ਰ ਆਉਣ ਲੱਗੀ। ਉਹ ਤਾਂ ਪਹਿਲਾਂ ਹੀ ਇਹ ਸੋਚਦਾ ਸੀ ਕਿ ਵਹੁਟੀ ਭਾਵੇਂ ਰਹਿ ਜਾਏ, ਪਰ ਉਸਦੀ ਜਾਨ ਬਚ ਜਾਵੇ। ਜੇ ਜਾਨ ਹੈ ਤਾਂ ਜਹਾਨ ਹੈ। ਜੇ ਜਾਨ ਹੈ ਤਾਂ ਵਹੁਟੀਆਂ ਦਾ ਘਾਟਾ ਨਹੀਂ।

ਡਾਕੂ ਇਕ ਇਕ ਪਲ ਪਿੱਛੋਂ ਦਲੀਲਾਂ ਤੇ ਪੈਂਤੜੇ ਬਦਲਦੇ ਸਨ। ਉਹਨਾਂ ਨੇ ਸਲਾਹ ਕੀਤੀ ਹੋਈ ਸੀ, ਵੀਰ ਭਾਨ ਤੇ ਭੀਮ ਸੈਨ ਨੂੰ ਜਾਨੋਂ ਮਾਰ ਦੇਣ ਦੀ, ਪਰ ਪਤਾ ਨਹੀਂ ਉਨ੍ਹਾਂ ਵਿਚੋਂ ਇਕ ਦੇ ਕੀ ਦਿਲ ਆਈ, ਉਸਨੇ ਪਸ਼ਤੋ ਵਿਚ ਆਖਿਆ, 'ਦਫ਼ਾ ਕਰੋ, ਇਨ੍ਹਾਂ ਕਰਾੜਾਂ ਨੂੰ ਮਾਰ ਕੇ ਕੀ ਹੱਥ ਆਵੇਗਾ। ਪਰੀਆਂ ਜਹੀਆਂ ਨਾਰਾਂ ਮਿਲ ਗਈਆਂ ਹਨ। ਕਰਾੜਾਂ ਨੂੰ ਮਾਰੋ ਜੁੱਤੀਆਂ ਤੇ ਛੱਡ ਦਿਓ।'

ਇਕ ਦੀ ਸਲਾਹ ਨੂੰ ਦੂਸਰਿਆਂ ਨੇ ਪ੍ਰਵਾਨ ਕਰ ਲਿਆ। ਉਸ ਵੇਲੇ ਹੀ ਦੋ ਡਾਕੂਆਂ ਨੇ ਵੀਰ ਭਾਨ ਤੇ ਭੀਮ ਸੈਨ ਦੇ ਸਿਰ ਵਿਚ ਦਸ ਦਸ ਛਿੱਤਰ ਮਾਰ ਦਿੱਤੇ। ਉਹ ਰੋਂਦੇ ਪਿੱਟਦੇ ਉਧਰੇ ਹੀ ਨੱਸ ਉਠੇ ਜਿੱਧਰ ਉਨ੍ਹਾਂ ਦੇ ਸਾਥੀ ਗਏ ਸਨ।

ਸ਼ਰਨੀ ਤੇ ਉਸ ਦੀ ਰਾਖੀ ਵੀਰੋ, ਇਨ੍ਹਾਂ ਦੋਹਾਂ ਇਸਤਰੀਆਂ ਨਾਲ ਕੀ ਬੀਤੀ, ਇਹ ਲਿਖਣ ਤੋਂ ਬਾਹਰ ਹੈ। ਵੀਰੋ ਤੀਹ ਕੁ ਸਾਲ ਦੀ

ਵਿਆਹੀ ਹੋਈ ਇਸਤਰੀ। ਉਸ ਨੂੰ ਘੇਰਾਂ ਪੈਂਦੀਆਂ ਸਨ ਕਿ ਇਹ ਵਹਿਸ਼ੀ ਜੇ ਜਾਨੋਂ ਨਾ ਮਾਰਨ ਤਾਂ ਇਸਤਰੀ-ਧਰਮ ਜ਼ਰੂਰ ਲੁੱਟਣਗੇ। ਧਰਮ ਲੁਟਾਉਣ ਨਾਲੋਂ ਮਰਨਾ ਚੰਗਾ ਹੈ। ਕੇਹੀ ਚੰਦਰੀ ਘੜੀ ਘਰੋਂ ਪੈਰ ਪੁੱਟਿਆ।

ਜਿੰਨਾ ਚਿਰ ਲੜਾਈ, ਝਗੜਾ ਤੇ ਮਾਰ ਕੁਟਾਈ ਹੁੰਦੀ ਰਹੀ, ਓਨਾ ਚਿਰ ਵੀਰੇ ਨੂੰ ਡੋਬੂ ਪੈਂਦੇ ਰਹੇ। ਉਸ ਨੂੰ ਕਦੀ ਘਰ ਚੇਤੇ ਆਉਂਦਾ, ਕਦੀ ਬੱਚੇ। ਕਦੀ ਆਪਣੇ ਆਪ ਦਾ ਖ਼ਿਆਲ। ਉਹ ਉਸ ਵੇਲੇ ਨੂੰ ਪਛਤਾ ਰਹੀ ਸੀ, ਜਿਸ ਵੇਲੇ ਉਸਨੇ ਨਾਲ ਤੁਰਨ ਦੀ ਹਾਂ ਕੀਤੀ। ਅੱਜ ਤਕ ਉਸਨੂੰ ਕਰਾੜਾਂ ਦੀ ਬਹਾਦਰੀ ਦਾ ਵੀ ਪਤਾ ਨਹੀਂ ਸੀ ਲੱਗਾ।

ਸ਼ਰਨ ਆਹ! ਮੰਦ-ਭਾਗਣ ਸ਼ਰਨੀ, ਜਿਸ ਨੂੰ ਦੁਨੀਆਂ ਦਾ ਉੱਕਾ ਹੀ ਕੋਈ ਗਿਆਨ ਨਹੀਂ ਸੀ ਜੋ ਹੁਣ ਤਕ ਕਵਾਰੀਆਂ ਸੱਧਰਾਂ ਹਿਕ ਵਿਚ ਨੱਪੀ ਬੈਠੀ ਸੀ। ਉਸਨੂੰ ਆਪਣੇ ਪਰਾਏ ਦਾ ਗਿਆਨ ਨਹੀਂ ਸੀ। ਜੁਆਨੀ ਆਉਣ 'ਤੇ ਜਿਸ ਨੂੰ ਮਾਂ-ਬਾਪ ਨੇ ਬਾਹਰਲੀਆਂ ਦਲੀਜਾਂ ਤੋਂ ਬਾਹਰ ਨਹੀਂ ਸੀ ਜਾਣ ਦਿੱਤਾ, ਜਿਸ ਸ਼ਰਨੀ ਨੇ ਪਰਾਏ ਮਰਦ ਨਾਲ ਜ਼ਬਾਨ ਸਾਂਝੀ ਨਹੀਂ ਸੀ ਕੀਤੀ, ਉਹ ਸ਼ਰਨੀ ਅੱਜ ਇਕੱਲੀ ਜੰਗਲ ਵਿਚ ਬੈਠੀ ਸੀ। ਦਿਓਆਂ ਵਰਗੇ ਪਠਾਣ-ਜਿਨ੍ਹਾਂ ਦੀ ਸੂਰਤ ਦੇਖਦਿਆਂ ਭੈ ਆਉਂਦਾ ਸੀ- ਉਹਦੇ ਚੌਗਿਰਦ ਖਲੋਤੇ ਸਨ। ਬਘਿਆੜਾਂ ਨੂੰ ਦੇਖ ਕੇ ਉਹ ਭੈ-ਭੀਤ ਹੋ ਰਹੀ ਸੀ। ਡਰ ਦੇ ਹਉਏ ਨੇ ਉਹਦੀ ਕੁਆਰੀ ਆਤਮਾ ਉੱਤੇ ਐਨਾ ਭਾਰ ਪਾਇਆ ਸੀ ਉਹ ਨਾ ਬੋਲ ਸਕਦੀ ਸੀ ਤੇ ਨਾ ਉੱਚੀ ਰੋ ਸਕਦੀ ਸੀ ਤੇ ਸਹਿਮ ਨੇ ਉਸਦੀਆਂ ਅੱਖਾਂ ਨੂੰ ਪਥਰਾ ਦਿੱਤਾ ਸੀ। ਦਿਲ ਦੀ ਧੜਕਣ ਐਨੀ ਤੇਜ਼ੀ ਫੜ ਗਈ ਸੀ ਕਿ ਸਾਰੀ ਦੇਹ ਹੀ ਹਿੱਲ ਜਾਂਦੀ ਸੀ। ਜੇ ਕਿਸੇ ਪਠਾਣ ਨੇ ਉਹਦੇ ਅਣਛੋਹੇ ਤਨ ਨੂੰ ਹੱਥ ਲਾ ਦਿੱਤਾ ਤਾਂ ਉਹ ਲਾਜਵੰਤੀ ਦੀ ਤਰ੍ਹਾਂ ਕੁਮਲਾ ਜਾਵੇਗੀ। ਲਾਜਵੰਤੀ ਤਾਂ ਮੁੜ ਖੇੜੇ ਵਿਚ ਆ ਜਾਂਦੀ ਹੈ, ਇਹ ਇਕ ਵਾਰ ਕੁਮਲਾਈ ਹੋਈ ਮੁੜ ਸੁਰਜੀਤ

ਨਹੀਂ ਹੋਵੇਗੀ। ਡੋਲੀ ਦੀਆਂ ਬਾਹੀਆਂ ਫੜ ਕੇ ਉਹਦਾ ਦਿਲ ਰੋ ਰਿਹਾ ਸੀ। ਮਾਂ-ਬਾਪ ਨੂੰ ਚੇਤੇ ਕਰਕੇ ਧਾਹੀਂ ਮਾਰਦੀ ਰਹੀ। ਸ਼ਿਕਾਰੀਆਂ ਦੇ ਜਾਲ ਵਿਚ ਫਸੀ ਸ਼ਰਨੀ ਤੜਪ ਰਹੀ ਸੀ। ਤੜਪਦੀ ਹੋਈ ਉਹ ਇਹ ਵੀ ਖ਼ਿਆਲ ਕਰਦੀ ਸੀ...ਉਹ ਕੀ ਆਖੇ-ਡਾਕੂਆਂ..... ਪਠਾਣਾਂ ਜੰਗਲੀਆਂ ਪਠਾਣਾਂ ਨੂੰ ਕੀ ਆਖੇ-ਕੀ ਇਹ ਲੋਕ ਕਿਸੇ ਇਸਤਰੀ ਦੇ ਤਰਲੇ ਸੁਣਦੇ ਨੇ? ਕੀ ਇਸਤਰੀ ਦੇ ਅੱਥਰੂ ਇਨ੍ਹਾਂ ਦੇ ਪੱਥਰ ਦਿਲ ਨੂੰ ਮੋਮ ਕਰ ਸਕਦੇ ਹਨ? ਕੀ ਮੈਂ ਮਾਂ-ਬਾਪ ਨੂੰ ਮੁੜ ਮਿਲ ਸਕਾਂਗੀ? ਇਨ੍ਹਾਂ ਸਾਰੇ ਸਵਾਲਾਂ ਦੇ ਉੱਤਰ ਇਕ ਸ਼ਬਦ 'ਨਹੀਂ' ਵਿਚ ਸੀ ਉਸਨੂੰ ਡੋਬੂ ਪੈਂਦੇ ਸਨ। ਵਾਯੂ -ਮੰਡਲ ਠੰਡਾ ਹੋਣ'ਤੇ ਵੀ ਉਹਦਾ ਸਾਰਾ ਤਨ ਮੁੜ੍ਹਕੇ ਨਾਲ ਭਿੱਜ ਗਿਆ ਸੀ। ਉਹਦੇ ਸੁਹਾਗ ਦੇ ਲਾਲ ਲੀੜਿਆਂ ਦਾ ਰੰਗ ਉਤਰ ਕੇ ਉਹਦੇ ਸਰੀਰ ਨੂੰ ਲਹੂ ਰਤੀ ਕਰੀ ਜਾਂਦਾ ਸੀ। ਉਸ ਨੇ ਘਬਰਾਹਟ ਨੂੰ ਦੂਰ ਕਰਨ ਵਾਸਤੇ ਦੋ ਵਾਰ ਵੀਰੋ ਨੂੰ ਜੱਫੀਆਂ ਪਾਈਆਂ। ਜੱਫੀ ਨੂੰ ਘੁਟਦਿਆਂ ਹੋਇਆ ਸਿਰਫ ਦੋ ਵਾਰ ਉਸਦੀ ਜ਼ਬਾਨੋਂ ਇਹ ਨਿਕਲਿਆ, "ਚਾਚੀ! ਹੁਣ ਕੀ ਬਣੇਗਾ ?.......ਚਾਚੀ!"

ਵੀਰੋ ਕੀ ਕਰ ਸਕਦੀ ਸੀ। ਉਹ ਭੁਬੀਂ ਭੁਬੀਂ ਰੋ ਪਈ, ਇਸਤ੍ਰੀ ਦਾ ਰਾਖਾ ਆਪਣਾ ਮਰਦ ਹੁੰਦਾ ਹੈ। ਮਰਦ ਜਿਊਂਦੇ ਨੱਸ ਗਏ । ਜੇ ਉਹ ਮਰ ਜਾਂਦੇ ਤਾਂ ਉਨ੍ਹਾਂ ਨੂੰ ਸ਼ਾਇਦ ਦੁੱਖ ਘੱਟ ਹੁੰਦਾ। ਬਾਰਾਤ ਆਈ ਸੀ ਰਾਖੀ ਲਈ, ਪਰ ਰਾਖੀ ਕਰ ਨਾ ਸਕੀ, ਆਪਣੀ ਜਾਨ ਬਚਾ ਕੇ ਦੌੜ ਗਈ!

ਸਾਰੇ ਬਾਰਾਤੀ ਨੱਸ ਗਏ। ਵੀਰ ਭਾਨ ਤੇ ਭੀਮ ਸੈਨ ਨੇ ਵੀ ਜਾਂਦਿਆਂ ਪਿੱਛੇ ਮੁੜਕੇ ਨਾ ਦੇਖਿਆ। ਉਹ ਜੁੱਤੀਆਂ ਪਿੱਛੇ ਛੱਡ ਗਏ। ਨੰਗੀ ਪੈਰੀਂ ਹੀ ਗੋਲੀ ਵਾਂਗ ਉੱਡੇ ਜਾ ਰਹੇ ਸਨ। ਉਹਨਾਂ ਦੀਆਂ ਪੱਗਾਂ ਤਾਂ ਪਹਿਲਾਂ ਹੀ ਡਾਕੂਆਂ ਨੇ ਖੋਹ ਲਈਆਂ ਹੋਈਆਂ ਸਨ। ਮੈਦਾਨ ਸਾਫ ਦੇਖ ਕੇ ਡਾਕੂਆਂ ਨੂੰ ਖੁਸ਼ੀਆਂ ਆ ਗਈਆਂ। ਦੌਲਤ ਹੱਥ ਲੱਗਣ ਦੇ

ਨਾਲ ਦੋ ਇਸਤਰੀਆਂ ਵੀ ਹੱਥ ਆ ਗਈਆਂ ਪੀਰਾਂ ਦੀਆਂ ਉਸਤਤਾਂ ਕਰਦੇ ਹੋਏ ਉਹ ਨੱਚ ਰਹੇ ਸਨ।

'ਚਲ ਕੋਹ ਕਾਫ ਦੀਏ ਪਰੀਏ ਚਲ।' ਇਕ ਡਾਕੂ ਨੇ ਸ਼ਰਨੀ ਦੇ ਡੌਲੇ ਨੂੰ ਫੜ ਕੇ ਡੋਲੀ ਵਿਚੋਂ ਖਿਚਿਆ..... ਤੇਰਾ ਕੋਈ ਨਹੀਂ ਰਿਹਾ। ਅਸੀਂ ਤੇਰੇ ਹਾਂ ! ਤੇਰਾ ਡੁਲ੍ਹ ਡੁਲ੍ਹ ਪੈਂਦਾ ਹੁਸਨ ਕਾਫ਼ਰਾਂ ਵਾਸਤੇ ਨਹੀ। ਖ਼ੁਦਾ ਨੇ ਸਾਡੇ ਵਾਸਤੇ ਬਣਾਇਆ ਹੈ। ਘਾਬਰ ਨਾ ਤੈਨੂੰ ਕੁਝ ਨਹੀਂ ਆਖਦੇ। ਫੁੱਲਾਂ ਵਾਂਗ ਰੱਖਾਂਗੇ। ਚੁੱਪ ਚਾਪ ਤੁਰੀ ਚੱਲ, ਜਿੱਦ ਨਾ ਕਰੀਂ। ਧਰਤੀ ਨਾਲ ਨਾ ਚੰਬੜੀਂ, ਨਹੀਂ ਤੇ ਘਸੀਟ ਕੇ ਜਾਂ ਚੁੱਕ ਕੇ ਲੈ ਜਾਵਾਂਗੇ!....... ਤੇਰੇ ਕੋਈ ਨਹੀਂ ਰਹੇ। ਆਖ਼ਰ ਹੁਣ ਤੂੰ ਜਾਣਾ ਵੀ ਕਿਥੇ ਹੈ। ਉਠ ਤੇ ਤੁਰ!

ਸ਼ਰਨੀ ਦੇ ਸਬਰ ਦਾ ਪਿਆਲਾ ਟੁੱਟ ਗਿਆ। ਸਾਰੀਆਂ ਆਸਾਂ ਖੂਹ ਵਿਚ ਪੈ ਗਈਆਂ। ਜਿਉਂ ਹੀ ਪਠਾਣ ਨੇ ਉਹਦੇ ਅਣਛੋਹੇ ਤੇ ਲੁਸ-ਲੁਸ ਕਰਦੇ ਡੌਲੇ ਨੂੰ ਘੁਟਿਆ ਤਿਉਂ ਹੀ ਉਸ ਦੀ ਡਾਡ ਨਿਕਲ ਗਈ। ਉਹ ਡਾਡ ਜਿਸ ਨੇ ਪਹਾੜਾਂ ਦੀਆਂ ਡਾਡਾਂ ਕਢਾ ਦਿੱਤੀਆਂ 'ਉ......ਈ ਰੱਬਾ! ਇਹ ਕੀ?'

ਡਾਡਾਂ ਤੇ ਚੀਕਾਂ ਨੂੰ ਕੌਣ ਸੁਣਦਾ ਸੀ? ਵੀਰੋ ਤੇ ਸ਼ਰਨੀ ਨੂੰ ਦੌਲਤ ਦੇ ਨਾਲ ਹੀ ਡਾਕੂ (ਪਠਾਣ) ਅੱਗੇ ਲਾ ਕੇ ਲੈ ਤੁਰੇ। ਧਾਹੀਂ ਮਾਰਦੀਆਂ ਭਗਵਾਨ ਨੂੰ ਯਾਦ ਕਰਦੀਆਂ ਉਹ ਅਬਲਾ ਜਾ ਰਹੀਆਂ ਸਨ। ਉਹਨਾਂ ਨੂੰ ਬਚਾਉਣ ਵਾਲਾ ਕੋਈ ਨਹੀਂ ਸੀ।

੩

ਡਾਕੂਆਂ ਕੋਲੋਂ ਮਾਰ ਖਾ ਕੇ ਬਾਰਾਤੀ ਇਉਂ ਨੱਠੇ, ਉਨ੍ਹਾਂ ਦੋ ਢਾਈ ਮੀਲ ਦੂਰ ਜਾ ਕੇ ਸਾਹ ਲਿਆ। ਕਿਸੇ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਜਿਥੇ ਇਨ੍ਹਾਂ ਸਾਹ ਲਿਆ ਉਥੇ ਪਾਣੀ ਸੀ। ਇਕ ਸਦੀਵੀ ਚਲਣ ਵਾਲਾ ਝਰਨਾ ਸੀ। ਬੁੱਲਾਂ ਨੂੰ ਪਾਣੀ ਲਾ ਲਾ ਕੇ ਘਬਰਾਹਟ ਦੂਰ ਕਰਨ ਦਾ ਯਤਨ ਕੀਤਾ। ਦੁਸ਼ਮਨ ਦੂਰ ਰਹਿ ਗਿਆ। ਕੋਲ ਕੁਝ ਨਹੀਂ ਸੀ। ਪੈਰਾਂ ਦੀਆਂ ਤਲੀਆਂ ਛਾਨਣੀ ਹੋ ਗਈਆਂ ਸਨ। ਕਈਆਂ ਦੀਆਂ ਤਲੀਆਂ ਵਿਚੋਂ ਲਹੂ ਸਿੰਮ ਆਇਆ ਸੀ। ਉਹ ਚਲਣ ਤੋਂ ਅਸਮਰਥ ਸਨ। ਉਹ ਬੈਠ ਗਏ। ਕਿਸੇ ਨੇ ਪੈਰਾਂ ਨੂੰ ਫੜ ਲਿਆ, ਕਿਸੇ ਨੇ ਸਿਰ ਨੂੰ ਘੁੱਟ ਲਿਆ। ਕੋਈ ਦਿਲ ਉੱਤੇ ਹੱਥ ਰੱਖ ਕੇ ਲੰਮਾ ਸਾਹ ਲੈਣ ਲੱਗਾ। ਕੋਈ ਕਿਸੇ ਨੂੰ ਬੁਲਾਂਦਾ ਨਹੀਂ ਸੀ। ਕਿਸੇ ਨੂੰ ਨਿਰਾਦਰੀ ਦਾ ਝੋਰਾ ਸੀ, ਕਿਸੇ ਨੂੰ ਲੀੜੇ ਖੁਸਣ ਦਾ ਸਲ੍ਹ, ਕਿਸੇ ਨੂੰ ਸੋਨੇ ਦੀ ਟੂਮ ਤੇ ਨਗਦੀ ਜਾਣ ਦਾ ਸਹਿਮ ਅਤੇ ਕੋਈ ਥਕੇਵੇਂ ਨਾਲ ਤੰਗ ਸੀ। ਉਸ ਪਾਣੀ ਦੇ ਕਿਨਾਰੇ ਉਹ ਇਕੱਠੇ ਹੁੰਦੇ ਗਏ। ਰਾਤ ਸਿਰ ਉੱਤੇ ਆਉਣ ਲੱਗੀ। ਪਿੰਡ ਦਾ ਪੰਧ ਅਜੇ ਛੇ ਸੱਤ ਮੀਲ ਰਹਿੰਦਾ ਸੀ, ਪਰ ਉਹ ਅੱਧ ਮੀਲ ਕਰਨ ਜੋਗੇ ਨਹੀਂ ਸਨ। ਡਰਿਆਂ ਤੇ ਥੱਕਿਆਂ ਨੂੰ, ਇਹ ਚੇਤਾ ਵੀ ਨਹੀਂ ਸੀ ਕਿ ਰਾਤ ਨੇੜੇ ਆ ਰਹੀ ਹੈ। ਰਾਤ ਦੇ ਹਨੇਰੇ ਵਿਚ ਉਹ ਰਹਿੰਦੇ ਲੀੜੇ ਵੀ ਲੁਹਾ ਬੈਠਣਗੇ ਤੇ ਸ਼ਾਇਦ ਜਾਨ ਨੂੰ ਵੀ ਖ਼ਤਰਾ ਹੋਵੇ।

ਵੀਰ ਭਾਨ ਤੇ ਭੀਮ ਸੈਨ ਵੀ ਲੱਤਾਂ ਧੂਹਦੇ ਉਸ ਟਿਕਾਣੇ ਪੁੱਜ

ਗਏ। ਬਾਰਾਤੀ ਸਾਥੀਆਂ ਨੂੰ ਦੇਖ ਕੇ ਵੀਰ ਭਾਨ ਨੇ ਉੱਚੀ ਆਖਿਆ, ਓਏ! ਨੱਸ ਚਲੋ ! ਕਿਉਂ ਬੈਠੇ ਜੇ ! ਉਹ ਆ ਰਹੇ ਨੇ! ਪਿੱਛਾ ਕਰੀ ਆਉਂਦੇ ਨੇ! ਜਾਨੋਂ ਮਾਰ ਦੇਣਗੇ! .....ਡਾਕੂ! ਡਾਕੂ!!

ਭੀਮ ਸੈਨ ਨੇ ਆਪਣੇ ਪਿਉ ਦਾ ਹੱਥ ਫੜਿਆ, ਉਸ ਨੂੰ ਰੋਕਣ ਦਾ ਯਤਨ ਕੀਤਾ। "ਹੁਣ ਨਹੀਂ ਆਉਂਦੇ ਪਿਤਾ ਜੀ ! ਦੂਰ ਰਹਿ ਗਏ ਘਬਰਾਓ ਨਾ। ਭਗਵਾਨ ਦੀ ਕ੍ਰਿਪਾ ਨਾਲ ਖ਼ਤਰੇ ਤੋਂ ਬਾਹਰ ਆ ਗਏ ਆਂ।"

'ਡਰੋ ਨਾ ਸ਼ਾਹ ਜੀ। ਹੁਣ ਕੋਈ ਅਸਾਡੀ, ਵਾ ਵੱਲ ਨਹੀਂ ਦੇਖ ਸਕਦਾ।' ਇਕ ਬਾਰਾਤੀ ਨੇ ਹੌਸਲਾ ਦਿੱਤਾ।

'ਬੈਠੋ ਤੇ ਸੋਚੋ ! ਹੁਣ ਕੀ ਕਰਨਾ ਚਾਹੀਦਾ?'

ਇਕ ਸਿਆਣਾ ਬਾਰਾਤੀ ਰਘਬੀਰ ਚੰਦ ਬੋਲਿਆ- 'ਇਸ ਮੰਦੀ ਦਸ਼ਾ ਵਿਚ ਕਿੱਧਰ ਚਲਾਂਗੇ ! ਕੀ ਪਿੰਡ ਪੁੱਜਣ ਜੋਗੇ ਹਾਂ? ਲੋਕਾਂ ਨੂੰ ਕੀ ਦੱਸਾਂਗੇ? ਡੋਲੀ ਦਾਜ ਤੋਂ ਬਿਨਾਂ ਗਲ ਦੇ ਲੀੜੇ ਵੀ ਲੁਹਾ ਆਏ, ਆਦਮੀ ਮਰਵਾ ਆਏ ਤੇ ਉਹਨਾਂ ਦੀਆਂ ਲੋਥਾਂ ਵੀ ਉਥੇ ਰਹਿ ਗਈਆਂ ਨੇ। ਬਹੁਤ ਬੁਰੀ ਦਸ਼ਾ ਹੋਈ।'

'ਤਾਇਆ! ਕੀਤਾ ਵੀ ਕੀ ਜਾਂਦਾ ਉਹ ਜ਼ਬਰਦਸਤ ਸਨ। ਉਹਨਾਂ ਕੋਲ ਬੰਦੂਕਾਂ ਸਨ। ਇਕ ਗਭਰੂ ਬੋਲਿਆ— ਅਸੀਂ ਖ਼ਾਲੀ ਹੱਥ ਸਾਂ।'

'ਵੀਰ ਭਾਨ ਨੇ ਤਾਂ ਪਾਗਲ ਹੋ ਜਾਣਾ ਏ। ਇਹ ਇਸ ਸੱਟ ਨੂੰ ਸਹਿ ਨਹੀਂ ਸਕੇਗਾ। ਸ਼ਰਮ ਤਾਂ ਸਭ ਨੂੰ ਹੈ।.....ਇਕ ਆਸ ਹੈ ਜੇ ।'

ਰਘਬੀਰ ਚੰਦ ਦਾ ਕਥਨ ਸੀ—

'ਉਹ ਕੀ ?' ਭੀਮ ਸੈਨ ਬੋਲਿਆ।

'ਸਭ ਖੁੱਸੀਆਂ ਚੀਜ਼ਾਂ ਵਾਪਸ ਆ ਸਕਦੀਆਂ ਹਨ, ਜੇ.....!'

'ਜੇ, ਕੀ?'

'ਘਰ ਜਾਣ ਦੀ ਥਾਂ ਜਮਰੌਦ ਚੱਲੀਏ, ਉਥੇ ਸਿੱਖ ਨੇ, ਸਿੱਖ ਸਰਦਾਰ

ਸੁਣਿਆ ਏ ਹਰੀ ਸਿੰਘ ਆਇਆ ਏ। ਉਸ ਕੋਲੋਂ ਪਠਾਣ ਡਰਦੇ ਨੇ। ਉਹਦਾ ਨਾਂ ਨਲੂਆ ਹੈ, ਉਸ ਅੱਗੇ ਰੋਵੀਏ ਪਿੱਟੀਏ। ਜੇ ਉਹ ਸਹਾਇਤਾ ਕਰੇ ਤਾਂ ਡੋਲੀ ਵਾਪਸ ਆ ਜਾਵੇਗੀ। ਪਿੰਡ ਵਿਚ ਮੂੰਹ ਵਿਖਾਉਣ ਜੋਗੇ ਰਹਿ ਜਾਵਾਂਗੇ।'

'ਤਾਇਆ! ਸ਼ੇਰਾਂ ਦੀਆਂ ਦਾੜ੍ਹਾਂ ਵਿਚੋਂ ਮਾਸ ਨਾ ਕਦੀ ਮਿਲਿਆ ਹੈ ਤੇ ਨਾ ਕੋਈ ਕੱਢ ਸਕਦਾ ਹੈ। ਹੁਣ ਤਾਂ ਸਬਰ ਹੀ ਕਰਨਾ ਪਵੇਗਾ। ਮੰਦੇ ਦਿਨਾਂ ਦੀਆਂ ਨਿਸ਼ਾਨੀਆਂ ਘਰੋਂ ਤੁਰਦਿਆਂ ਹੀ ਬਦਸ਼ਗਨੀਆਂ ਹੋਈਆਂ ਸਨ। ਭੀਮ ਸੈਨ ਦਾ ਉੱਤਰ ਸੀ।

'ਵਾਹ ਓਏ ਡੂਲਿਆ! ਐਨਾ ਹੌਂਸਲਾ! ਜਦ ਤਕ ਸਵਾਸ ਤਬ ਤਕ ਆਸ। ਹਰੀ ਸਿੰਘ ਨਲੂਆ ਸ਼ੇਰਾਂ ਦੀਆਂ ਦਾੜ੍ਹਾਂ ਤਾਂ ਇਕ ਪਾਸੇ ਰਹੀਆਂ, ਸੁਣਿਆ ਏ ਸ਼ੇਰ ਦੇ ਪੇਟ ਵਿਚੋਂ ਵੀ ਮਾਸ ਕੱਢ ਲਵੇਗਾ। ਰਘਬੀਰ ਚੰਦ ਨੇ ਆਖਿਆ।

'ਗਿਆ ਮਾਲ ਹੱਥ ਨਹੀਂ ਆਉਂਦਾ। ਉਹਨਾਂ ਅੱਗੇ ਪਿੱਛੇ ਕਰ ਦੇਣਾ। ਕਿਧਰੇ ਦੂਰ ਲੈ ਜਾਣਾ ਏ। ਏਹੋ ਜਹੀਆਂ ਸੋਹਣੀਆਂ ਇਸਤਰੀਆਂ ਨੂੰ ਕੌਣ ਮੋੜਦਾ ਹੈ। ਮਾਰ ਭਾਵੇਂ ਦੇਣ।'

ਪਿੰਡ ਜਾ ਕੇ ਕਿਹੜੀ ਡੀਂਗ ਮਾਰੋਗੇ? ਸਾਰੀ ਉਮਰ ਸ਼ਰਮ ਨਾਲ ਸਿਰ ਉੱਚਾ ਨਹੀਂ ਹੋਵੇਗਾ। ਨਾ ਕਿਸੇ ਨੇ ਕੋਈ ਰਿਸ਼ਤਾ ਦੇਣਾ ਹੈ। ਆਖਣਗੇ ਇਹ ਉਹੋ ਹੀ ਹਨ ਜੋ ਜੀਉਂਦੇ ਡੋਲੀ ਖੁਹਾ ਆਏ ਸਨ।

'ਤਾਇਆ! ਤੂੰ ਵੀ ਤਾਂ ਨਾਲ ਹੀ ਸੀ।'

'ਮੈਂ ਵੀ ਤੁਹਾਡੇ ਵਿਚੋਂ ਇਕ ਹਾਂ।'

'ਘਰ ਚੱਲੀਏ, ਕੀ ਕਿਤੇ ਜਾਣਾ ਹੈ?'

'ਮੂਰਖਾ! ਇਸ ਤਰ੍ਹਾਂ ਘਰ ਜਾਣਾ ਚੰਗਾ ਨਹੀਂ। ਅਜੇ ਦੇਰ ਹੈ। ਸਵੇਰੇ ਮਿਲ ਜਾਵੇਗਾ। ਉਸ ਅੱਗੇ ਰੋਵਾਂਗੇ। ਉਹ ਸਿੱਖ ਫੌਜੀ ਦੇਵੇਗਾ। ਮਾਲ ਵੀ ਮਿਲ ਜਾਵੇਗਾ ਤੇ ਦੁਸ਼ਮਨਾਂ ਕੋਲੋਂ ਬਦਲਾ ਵੀ ਲੈ ਲਵਾਂਗੇ।

'ਪਿਤਾ ਜੀ ਨੂੰ ਪੁੱਛ ਲਵੇ!'

ਉਸ ਨੂੰ ਪੁੱਛਿਆ ਪੁਛਾਇਆ ਏ, ਉਹ ਤਾਂ ਸ਼ਰਮ ਤੇ ਡਰ ਨਾਲ ਪਾਗ਼ਲ ਹੋ ਰਿਹਾ ਹੈ। ਉਹਦੇ ਤਾਂ ਹੋਸ਼ ਗੁੰਮ ਹੋਏ ਨੇ। 'ਸਾਹ ਲੈ ਕੇ ਜਮਰੌਦ ਵੱਲ ਮੁੜੇ।'

ਰਘਬੀਰ ਚੰਦ ਤੇ ਭੀਮ ਸੈਨ ਦੀ ਗੱਲ ਬਾਤ ਨੂੰ ਵੀਰ ਭਾਨ ਨੇ ਵੀ ਸੁਣ ਲਿਆ। ਉਹ ਇੰਝ ਤੜਪਿਆ ਜਿਵੇਂ ਬਰੇਤੇ ਉਤੇ ਪਈ ਮੱਛੀ ਤੜਫਦੀ ਹੈ। 'ਰਘੂ! ਕਿੱਧਰ ਚਲਣਾ ਈ, ਚੱਲ ਜਿਥੇ ਆਖਦਾ ਏਂ ਉਥੇ ਹੀ ਚਲ ਪੈਂਦੇ ਆਂ। ਮੈਂ ਏਥੋਂ ਤਕ ਤਾਂ ਆ ਗਿਆ ਹਾਂ, ਅੱਗੇ ਨਹੀਂ ਉ ਜਾਣਾ। ਮੈਂ ਕੀ ਆਖਾਂਗਾ, ਘਰ ਜਾ ਕੇ, ਪਿੰਡ ਦੇ ਪੁੱਛਣਗੇ ਨੂੰਹ ਕਿਥੇ ਈ ਤਾਂ ਕੀ ਉੱਤਰ ਦੇਵਾਂਗਾ। ਏਥੇ ਹੀ ਮਰ ਜਾਣਾ ਕਬੂਲ, ਪਰ ਪਿੰਡ ਇਸ ਤਰ੍ਹਾਂ ਨਹੀਂ ਜਾਣਾ। ਚਲੋ ਜਮਰੌਦ ਨੂੰ ਹੀ ਚਲੋ। ਮੇਰੇ ਤਾਂ ਢਿੱਡ ਵਿਚ ਸੂਲ ਹੋ ਰਿਹਾ ਹੈ। ਮੇਰੀ ਜਾਨ ਨਿਕਲਦੀ ਜਾਂਦੀ ਏ। ਕੀ ਭਾਣੇ ਵਰਤ ਗਏ.....ਭਗਵਾਨ!''

ਸਾਰੇ ਇਕੱਠੇ ਹੋ ਕੇ ਜਮਰੌਦ ਵੱਲ ਤੁਰ ਪਏ। ਨੰਗੇ ਪੈਰ ਤੇ ਨੰਗੇ ਸਿਰ। ਉਹਨਾਂ ਦੀਆਂ ਸੂਰਤਾਂ ਵਿਗੜੀਆਂ ਹੋਈਆਂ ਸਨ। ਉਹ ਬੌਂਦਲੇ ਹੋਏ ਸਨ। ਜਿਸ ਟਿਕਾਣੇ ਤੋਂ ਉਹ ਜਮਰੌਦ ਨੂੰ ਮੁੜੇ ਸਨ, ਉਥੋਂ ਜਮਰੌਦ ਤਿੰਨ ਕੋਹ ਸੀ। ਸਵਾ ਘੰਟੇ ਦਾ ਪੈਦਲ ਰਸਤਾ ਸੀ, ਪਰ ਉਹ ਤਿੰਨਾਂ ਘੰਟਿਆਂ ਵਿਚ ਪੁੱਜੇ। ਉਹਨਾਂ ਦਾ ਚਿਰਾਕੇ ਪੁੱਜਣ ਦਾ ਕਾਰਨ ਇਕ ਤਾਂ ਇਹ ਸੀ ਕਿ ਉਹ ਨੱਸ ਨੱਸ ਕੇ ਥੱਕੇ ਹੋਏ ਸਨ ਤੇ ਨਾਲੇ ਉਹਨਾਂ ਦੇ ਪੈਰੀਂ ਛਾਲੇ ਪੈ ਚੁਕੇ ਸਨ। ਦੂਸਰਾ ਇਹ ਕਿ ਰਾਹ ਵਿਚ ਸਬੱਬ ਨਾਲ ਦੋ ਕਾਲੇ ਨਾਗ ਸਨ। ਉਹ ਦੋਵੇਂ ਆਪੋ ਵਿਚ ਦੀ ਲੜ ਰਹੇ ਸਨ। ਆਸ ਪਾਸ ਦੀ ਹੋਰ ਰਾਹ ਨਹੀਂ ਸੀ। ਇਹ ਡਰਦੇ ਪਿੱਛੇ ਖਲੋਤੇ ਰਹੇ ਕਿ ਜੇ ਲਾਗਿਓਂ ਦੀ ਲੰਘੇ ਤਾਂ ਨਾਗ ਡੰਗ ਨਾ ਮਾਰਨ, ਤਕਰੀਬਨ ਇਕ ਘੰਟਾ ਉਥੇ ਉਹਨਾਂ ਨੂੰ ਸਹਿਮ ਵਿਚ ਖਲੋਣਾ ਪਿਆ।

ਉਹ ਕਿਲ੍ਹੇ ਦੇ ਬੂਹੇ ਦੇ ਕੋਲ ਪੁੱਜੇ। ਉਸ ਵੇਲੇ ਹਨੇਰਾ ਹੋ ਚੁੱਕਿਆ ਸੀ। ਕਿਲ੍ਹੇ ਦੀ ਉਸਾਰੀ ਦਾ ਕੰਮ ਬੰਦ ਹੋ ਚੁੱਕਾ ਸੀ। ਸਾਰੇ ਮਜ਼ਦੂਰ ਤੇ ਮਜ਼ਦੂਰਨੀਆਂ ਆਪੋ ਆਪਣੀ ਟਿਕਾਣੀਂ ਰੋਟੀ ਟੁਕ ਖਾਣ ਪਕਾਉਣ ਵਿਚ ਰੁਝੇ ਸਨ। ਸਿੱਖ ਸਿਪਾਹੀ ਆਪੋ ਆਪਣਿਆਂ ਅੱਡਿਆਂ ਉਤੇ ਬਿਰਾਜਮਾਨ ਸਨ। ਹਰ ਪਾਸੇ ਚੁੱਪ ਛਾਈ ਹੋਈ ਸੀ।

ਕਿਲ੍ਹੇ ਦੀ ਡਿਉੜੀ ਦੀਆਂ ਕੰਧਾਂ ਉਸਰ ਚੁੱਕੀਆਂ ਸਨ, ਪਰ ਛੱਤ ਅਜੇ ਨਹੀਂ ਸੀ ਪਈ। ਲੰਮੀਆਂ ਪੂਰੀਆਂ ਬਿਆਰ ਦੀਆਂ ਸ਼ਤੀਰੀਆਂ ਦਾ ਦਰਵਾਜ਼ਾ ਨਵਾਂ ਹੀ ਬਣਾਇਆ ਸੀ। ਮੁਕੰਮਲ ਕਰ ਕੇ ਉਸੇ ਦਿਨ ਲਾਇਆ ਗਿਆ ਸੀ, ਉਹ ਦਰਵਾਜ਼ਾ ਅਜੇ ਖੁਲ੍ਹਾ ਸੀ। ਬੂਹੇ ਵਿਚ ਖਲੋਤਾ ਸੰਤਰੀ ਪਹਿਰਾ ਦੇ ਰਿਹਾ ਸੀ।

ਦੂਸਰੇ ਦਸ ਕੁ ਕਦਮ ਪਿੱਛੇ ਖਲੋਤੇ ਰਹੇ। ਰਘਬੀਰ ਚੰਦ ਤੇ ਵੀਰ ਭਾਨ ਸੰਤਰੀ ਕੋਲ ਗਏ। ਦੋਹਾਂ ਨੇ ਹੱਥ ਜੋੜ ਕੇ ਫ਼ਤਹਿ ਬੁਲਾਈ। ਫ਼ਤਹਿ ਬੁਲਾਉਣ ਪਿੱਛੋਂ ਰਘਬੀਰ ਚੰਦ ਨੇ ਆਖਿਆ- 'ਸਿੰਘ ਜੀ! ਅਸਾਂ ਸਰਦਾਰ ਹਰੀ ਸਿੰਘ ਜੀ ਨਲੂਏ ਨੂੰ ਮਿਲਣਾ ਹੈ।'

'ਕਿਉਂ?' ਸੰਤਰੀ ਨੇ ਪੁੱਛਿਆ।

'ਜੀ ਅਸੀਂ ਲੁੱਟੇ ਪੁਟੇ ਗਏ ਹਾਂ। ਇਹ ਮੇਰਾ ਭਰਾ ਵੀਰ ਭਾਨ ਹੈ। ਇਸ ਦੇ ਲੜਕੇ ਦੀ ਸ਼ਾਦੀ ਸੀ। ਡੋਲੀ ਲੈ ਕੇ ਮੁੜੇ ਆਉਂਦੇ ਸਾਂ, ਡਾਕੂ ਪਠਾਣਾਂ ਨੇ ਡੋਲੀ ਖੋਹ ਲਈ। ਦਾਜ ਤੇ ਲੜਕੀ ਲੈ ਗਏ। ਅਸਾਂ ਗ਼ਰੀਬਾਂ ਦੀ ਸਹਾਇਤਾ ਕਰੋ।'

'ਇਹ ਗੱਲ ਹੈ! ਹੱਛਾ ਰਤਾ ਠਹਿਰੋ। ਮੈਂ ਆਵਾਜ਼ ਦੇਂਦਾ ਆਂ।'

ਇਹ ਆਖ ਕੇ ਸੰਤਰੀ ਨੇ ਅਗਲੇ ਸੰਤਰੀ ਨੂੰ ਆਵਾਜ਼ ਦਿੱਤੀ। ਉਸ ਨੇ ਅੱਗੇ ਕਿਸੇ ਨੂੰ ਆਖਿਆ। ਕੋਈ ਪੰਜਾਂ ਕੁ ਮਿੰਟਾਂ ਪਿੱਛੋਂ ਇਕ ਫ਼ੌਜੀ ਸਰਦਾਰ ਆਇਆ। ਉਸ ਨੇ ਆਉਂਦਿਆਂ ਹੀ ਸੰਤਰੀ ਨੂੰ ਪੁੱਛਿਆ- 'ਕੀ ਮਾਮਲਾ ਹੈ?'

'ਸਰਦਾਰ ਜੀ! ਇਹ ਆਦਮੀ ਆਏ ਨੇ, ਸਰਦਾਰ ਕੋਲ ਫ਼ਰਿਆਦ ਕਰਨਾ ਚਾਹੁੰਦੇ ਨੇ।' ਸੰਤਰੀ ਨੇ ਅੱਗੋਂ ਉੱਤਰ ਦਿੱਤਾ।

'ਕੀ ਫਰਿਆਦ?'

ਜੋ ਕੁਝ ਰਘਬੀਰ ਚੰਦ ਨੇ ਸੰਤਰੀ ਨੂੰ ਦੱਸਿਆ ਸੀ, ਉਹੋ ਕੁਝ ਸੰਤਰੀ ਨੇ ਆਪਣੇ ਅਫਸਰ ਨੂੰ ਦੱਸ ਦਿੱਤਾ।

'ਆਓ ਅੱਗੇ!' ਸਰਦਾਰ ਜੀ ਨੇ ਰਘਬੀਰ ਚੰਦ ਹੁਰਾਂ ਨੂੰ ਆਖਿਆ।

'ਜੀ ਅਸਾਡੇ ਨਾਲ ਹੋਰ ਵੀਹ ਆਦਮੀ ਹਨ।' ਰਘਬੀਰ ਚੰਦ ਨੇ ਉੱਤਰ ਦਿੱਤਾ।

'ਕਿਥੇ ਨੇ?'

'ਉਹ ਪਿੱਛੇ ਖਲੋਤੇ ਹਨ।'

'ਉਹਨਾਂ ਨੂੰ ਵੀ ਨਾਲ ਲੈ ਆਓ।'

ਰਘਬੀਰ ਚੰਦ ਨੇ ਵੀਰ ਭਾਨ ਨੂੰ ਆਖਿਆ ਕਿ ਸਾਰਿਆਂ ਨੂੰ ਆਵਾਜ਼ ਮਾਰ। ਅੱਠ ਕੁ ਕਦਮ ਪੁੱਟ ਕੇ ਵੀਰ ਭਾਨ ਨੇ ਨਾਲ ਦੇ ਬਾਰਾਤੀਆਂ ਨੂੰ ਆਵਾਜ਼ ਦਿੱਤੀ। ਉਹ ਕੋਲ ਆ ਗਏ। ਸਾਰੇ ਇਕੱਠੇ ਹੋਏ ਤੇ ਸਿੱਖ ਸਰਦਾਰ ਦੇ ਨਾਲ ਕਿਲ੍ਹੇ ਅੰਦਰ ਚਲੇ ਗਏ।

ਰਹਿਰਾਸ ਦੀ ਅਰਦਾਸ ਪਿੱਛੋਂ ਸ: ਹਰੀ ਸਿੰਘ ਜੀ ਨਲੂਆ ਦੀਵਾਨਖਾਨੇ ਵਿਚ ਬੈਠੇ ਸਨ। ਸ਼ਮਾਦਾਨ ਜਗ ਰਹੇ ਸਨ। ਦਿਨ ਵਰਗਾ ਚਾਨਣ ਸੀ। ਤੇਜ਼ ਚਾਨਣ ਵਿਚ ਸਰਦਾਰ ਜੀ ਦਾ ਦਰਸ਼ਨੀ ਚਿਹਰਾ ਦਗ ਦਗ ਕਰਦਾ ਸੀ। ਮੋਟੇ ਨੈਣ ਮਸਾਲਾਂ ਵਾਂਗ ਬਲ ਰਹੇ ਸਨ। ਖੁਲ੍ਹਾ ਦਾੜ੍ਹਾ, ਲੰਮੀਆਂ ਤੇ ਭਾਰੀਆਂ ਮੁੱਛਾਂ। ਉਹਨਾਂ ਮੁੱਛਾਂ ਉੱਤੇ ਨਿੰਬੂ ਟਿਕ ਜਾਂਦੇ ਸਨ। ਸਰਦਾਰ ਜੀ ਦਾ ਰੋਹਬ ਦੇਖ ਕੇ ਰਘਬੀਰ ਚੰਦ ਤੇ ਉਹਦੇ ਸਾਥੀ ਦੰਗ ਰਹਿ ਗਏ।

'ਕੀ ਫ਼ਰਿਆਦ ਹੈ?' ਜਦੋਂ ਸ: ਹਰੀ ਸਿੰਘ ਨੇ ਪੁੱਛਿਆ ਤਾਂ ਵੀਰ ਭਾਨ, ਰਘਬੀਰ ਚੰਦ ਤੇ ਉਸ ਦੇ ਸਾਥੀ ਇਸਤਰੀਆਂ ਵਾਂਗ ਭੁਬੀਂ ਭੁਬੀਂ

ਰੋ ਪਏ- 'ਸਰਕਾਰ, ਲੁਟੇ ਗਏ, ਮਾਰੇ ਗਏ! ਅਸਾਡੀ ਸਹਾਇਤਾ ਕਰੋ।'

ਉਨ੍ਹਾਂ ਦਾ ਔਰਤਾਂ ਵਾਂਗ ਰੋਣਾ ਸੁਣ ਕੇ ਸਰਦਾਰ ਹਰੀ ਸਿੰਘ ਜੀ ਬਹੁਤ ਕ੍ਰੋਧ ਵਿਚ ਆਏ। ਉਨ੍ਹਾਂ ਸ਼ੇਰਾਂ ਵਾਂਗ ਭਬਕ ਮਾਰ ਕੇ ਆਖਿਆ- 'ਚੁੱਪ ਕਰੋ! ਤੁਸੀਂ ਮਰਦ ਜੇ ਜਾਂ ਔਰਤਾਂ? ਔਰਤਾਂ ਰੋਂਦੀਆਂ ਨੇ ਮਰਦ ਨਹੀਂ ਰੋਇਆ ਕਰਦੇ। ਚੁੱਪ ਕਰ ਕੇ ਸਾਰੀ ਗੱਲ ਦੱਸੋ। ਜੇ ਰੋਵੋਗੇ ਤਾਂ ਜੁੱਤੀਆਂ ਮਰਵਾਈਆਂ ਜਾਣਗੀਆਂ। ਗਿੱਦੜ!'

ਸਰਦਾਰ ਦਾ ਦਬਕਾ ਸੁਣਕੇ ਸਾਰੇ ਚੁੱਪ ਹੋ ਗਏ।

ਰਘਬੀਰ ਚੰਦ ਤੇ ਵੀਰ ਭਾਨ ਨੇ ਸਾਰੀ ਘਟਨਾ ਕਹਿ ਸੁਣਾਈ।

ਜਦੋਂ ਉਹ ਸੁਣਾ ਚੁੱਕੇ ਤਾਂ ਸਰਦਾਰ ਹਰੀ ਸਿੰਘ ਬੋਲਿਆ-'ਜੋ ਤੁਹਾਡੇ ਵਿਚੋਂ ਲੜ ਕੇ ਮਰ ਗਏ ਉਹਨਾਂ ਚੰਗਾ ਕੀਤਾ, ਪਰ ਤੁਸਾਂ......ਉਫ! ਰੱਬ ਨੇ ਕਿਉਂ ਤੁਹਾਨੂੰ ਮਰਦ ਬਣਾਇਆ। ਔਰਤਾਂ ਬਣਾਉਂਦਾ ਤਾਂ ਚੰਗਾ ਸੀ, ਘਰ ਬੈਠੀਆਂ ਆਟਾ ਗੁੰਨ੍ਹ ਛਡਿਆ ਕਰਦੀਆਂ।..... ਸ਼ਰਮ ਦੀ ਗੱਲ ਹੈ ਕਿ ਆਪ ਤੁਸੀਂ ਬੇਦੀਆਂ ਫੜ ਕੇ ਬੈਠ ਗਏ। ਜੁੱਤੀਆਂ ਖਾਧੀਆਂ, ਬੇਗਾਨੀ ਧੀ ਨੂੰ ਜ਼ਾਲਮਾਂ ਦੇ ਵੱਸ ਪਾ ਆਏ। ਤੁਸਾਂ ਜਹੇ ਬੇ-ਅਣਖਿਆਂ ਨੂੰ ਜੱਗ ਵਿਚ ਜੀਉਣਾ ਨਹੀਂ ਚਾਹੀਦਾ।.... ਹੁਣ ਔਰਤਾਂ ਵਾਂਗ ਰੋਂਦੇ ਜੇ........ ਕੀ ਲਾਭ ਰੋਣ ਦਾ। ਜੇਹੜੀ ਬੱਚੀ ਡਾਕੂ ਲੈ ਗਏ ਨੇ, ਹੁਣ ਤਕ ਖਵਰੇ ਉਸ ਨਾਲ ਕੀ ਬੀਤੀ ਹੋਵੇਗੀ। ਜਾਨ ਦੇ ਪਿਆਰੇ ਹੋ, ਇੱਜ਼ਤ ਧਰਮ ਦੇ ਨਹੀਂ। ਜਾਓ ਬੈਠੋ, ਮੇਰੇ ਅੱਗੋਂ ਦੂਰ ਹੋ ਜਾਓ। ਉਸ ਅਬਲਾ ਨੂੰ ਮੇਰੇ ਆਦਮੀ ਲੈ ਆਉਣਗੇ।.....ਜਾਓ ਕਿਸੇ ਨੁੱਕਰੇ ਪੈ ਰਹੋ। ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕੋ, ਮਤਾਂ ਜੇ ਗੁਰੂ ਤੁਹਾਡੇ 'ਤੇ ਮਿਹਰ ਕਰੇ। ਤੁਹਾਨੂੰ ਬਲ ਬਖਸ਼ੇ, ਸਵੈ-ਸਤਿਕਾਰ ਕਾਇਮ ਰੱਖਣ ਦਾ ਅਹਿਸਾਸ ਕਰਾਵੇ।

ਜੋ ਸਰਦਾਰ ਵੀਰ ਭਾਨ ਹੁਰਾਂ ਨੂੰ ਸ: ਹਰੀ ਸਿੰਘ ਪਾਸ ਲਿਆਇਆ ਸੀ, ਉਸੇ ਸਰਦਾਰ ਨੂੰ ਸ: ਹਰੀ ਸਿੰਘ ਕਹਿਣ ਲੱਗਾ-'ਪਹਾੜਾ ਸਿੰਘ ਨੂੰ

ਆਖੋ ਆਪਣੇ ਆਦਮੀ ਲੈ ਕੇ ਗੜ੍ਹੀ ਹਬੀਬ ਉੱਲਾ ਪੁੱਜੇ। ਗੜ੍ਹੀ ਨੂੰ ਫਤਹਿ ਕਰਕੇ ਢਾਹ ਢੇਰੀ ਕਰੇ। ਅੱਲਾ ਦਿੱਤੇ ਤੇ ਉਹਦੇ ਬੰਦਿਆਂ ਨੂੰ ਜੂੜ ਕੇ ਮੇਰੇ ਕੋਲ ਲਿਆਵੇ। ਸਮੇਤ ਦਾਜ ਸਾਮਾਨ ਦੇ ਹੁਣੇ ਹੀ ਆਵੇ।'

'ਸਤਿ ਬਚਨ ਜੀ!' ਆਖ ਕੇ ਉਹ ਸਰਦਾਰ ਚਲਿਆ ਗਿਆ।

ਵੀਰ ਭਾਨ ਤੇ ਉਹਦੇ ਸਾਥੀ ਵੀ ਦੀਵਾਨਖਾਨੇ ਵਿਚੋਂ ਬਾਹਰ ਆ ਗਏ। ਸਰਦਾਰ ਹਰੀ ਸਿੰਘ ਹਿੰਦੂਆਂ ਦੀ ਮਾਨਸਿਕ ਤੇ ਸਰੀਰਕ ਕਮਜ਼ੋਰੀ ਨੂੰ ਅਨੁਭਵ ਕਰਦੇ ਹੋਏ ਸੋਚ ਰਹੇ ਸਨ ਕਿ ਇਨ੍ਹਾਂ (ਹਿੰਦੂਆਂ) ਦਾ ਭਵਿੱਖਤ ਕਿਵੇਂ ਉਜਲਾ ਹੋ ਸਕਦਾ ਹੈ। ਇਹ ਕੌਮ ਸਦੀਆਂ ਤੋਂ ਪ੍ਰਦੇਸੀਆਂ ਦੇ ਦਬਾਅ ਹੇਠ ਦੱਬੀ-ਮਿੱਧੀ ਜਾ ਰਹੀ ਹੈ। ਸਵੈ-ਸਤਿਕਾਰ ਦਾ ਇਸ ਨੂੰ ਅਹਿਸਾਸ ਨਹੀਂ ਹੁੰਦਾ।

੪.

ਪੱਛਮੀ ਸਿਆਣੇ ਆਖਦੇ ਐ ਕਿ ਮਰਦ ਨੇ ਬੜੀ ਤਰੱਕੀ ਕੀਤੀ ਹੈ। ਜਾਨਵਰਾਂ ਦੇ ਜੀਵਨ ਤੋਂ ਉੱਚਾ ਉਠ ਕੇ ਸੂਝ ਬੂਝ ਵਾਲਾ ਮਰਦ ਬਣਿਆ। ਜਗਤ ਵਿਚ ਸੰਭਲ ਕੇ ਚਲਦਾ ਤੇ ਚੰਗੇਰਾ ਸੁਖੀ ਜੀਵਨ ਬਤੀਤ ਕਰਦਾ ਹੈ। ਕਿਸੇ ਨੂੰ ਦੁੱਖ ਨਹੀਂ ਦੇਂਦਾ। ਇਹ ਗੱਲਾਂ ਤੇ ਲਿਖਤਾਂ ਵਿਚ ਤਾਂ ਜ਼ਰੂਰ ਅੱਗੇ ਵਧਿਆ ਹੈ, ਪਰ ਜੇ ਮਰਦ ਦੇ ਅਮਲੀ ਜੀਵਨ ਵੱਲ ਝਾਤ ਮਾਰੀਏ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਮਰਦ ਨੇ ਕੋਈ ਤਰੱਕੀ ਨਹੀਂ ਕੀਤੀ। ਇਹ ਸੂਝ ਤੇ ਗਿਆਨ ਵੱਲ ਨਹੀਂ ਵਧਿਆ, ਸਗੋਂ ਪਸ਼ੂ-ਪਨ ਦੇ ਵੀ ਪਿਛਲੇਰੇ ਜੀਵਨ ਵੱਲ ਮੁੜ ਗਿਆ ਹੈ। ਲਾਲਚੀ ਤੇ ਖ਼ੁਦਗਰਜ਼ ਬਹੁਤ ਹੋ ਗਿਆ ਹੈ। ਜੀਵਨ ਲੋੜ ਤੋਂ ਵੱਧ ਹਰ ਚੀਜ਼ ਨੂੰ ਇਕੱਠਿਆਂ ਕਰਨਾ ਚੰਗਾ ਸਮਝਦਾ ਹੈ। ਦੂਸਰੇ ਦੀਆਂ ਜੀਵਨ ਲੋੜਾਂ ਵੱਲ ਨਜ਼ਰ ਨਹੀਂ ਕਰਦਾ, ਆਪਣੀ ਪੂਰਤੀ ਬਦਲੇ ਕਿਸੇ ਦੇ ਸੁਖਾਂ ਨੂੰ ਬਰਬਾਦ ਕਰਦਾ ਹੈ, ਕਿਸੇ ਦੇ ਪਿਆਰਾਂ ਦਾ ਅੰਤ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ। ਦੌਲਤ, ਹੁਸਨ ਤੇ ਜ਼ਮੀਨ ਬਦਲੇ ਖ਼ੂਨੀ ਬਣਦਾ ਹੈ। ਸਭ ਕੁਝ ਹੁੰਦਿਆ ਸੁੰਦਿਆ ਹੈ ਨਾ, ਸ਼ਬਦ ਦਾ ਜਾਪ ਕਰਦਾ ਨਹੀਂ ਥਕਦਾ। ਇਸਤਰੀ ਜਗਤ ਦੀ ਮਾਂ ਹੈ। ਇਸਤਰੀ ਮਰਦ ਦੀ ਦਾਸੀ ਹੈ, ਇਸਤਰੀ ਉਹ ਸੁਗੰਧੀ ਵਾਲਾ ਫੁੱਲ ਹੈ, ਜੋ ਕਦੀ ਨਹੀਂ ਕੁਮਲਾਂਦਾ। ਇਸਤਰੀ ਪਿਆਰ ਤੇ ਖ਼ੁਸ਼ੀ ਹੈ, ਪਰ ਵਹਿਸ਼ੀ ਮਰਦ ਸਦਾ ਇਸ ਨਾਲ ਧੱਕਾ ਕਰਦਾ ਆਇਆ ਤੇ ਕਰ ਰਿਹਾ ਹੈ। ਇਸਤਰੀ ਨੂੰ ਕਿਸੇ ਪਹਿਲੂ

ਵਿਚ ਆਜ਼ਾਦ ਨਹੀਂ ਹੋਣ ਦੇਂਦਾ। ਲਿੰਗ-ਵਾਸ਼ਨਾ ਦਾ ਸ਼ੁਦਾਈ ਕੀਤਾ ਹੋਇਆ ਮਰਦ ਇਸਤਰੀ ਦੇ ਦੁੱਖਾਂ, ਉਸ ਦੇ ਸਵੈ-ਸਤਿਕਾਰ, ਉਸ ਦੀਆਂ ਸੱਧਰਾਂ ਅਤੇ ਉਸ ਦੇ ਪਿਆਰ ਨੂੰ ਭੁੱਲ ਜਾਂਦਾ ਹੈ। ਏਹ ਜਤਨ ਕਰਦਾ ਹੈ ਕਿ ਬਸ ਇਸ ਦੇ ਹੁਸਨ ਤੇ ਜੋਬਨ ਨੂੰ ਡੀਕ ਲਾ ਕੇ ਪੀ ਜਾਵਾਂ। ਇਸ ਫੁੱਲ ਨੂੰ ਇਕ ਅਤਾਰ ਦੀ ਤਰ੍ਹਾਂ ਦਲ ਮਲ ਕੇ ਸੁੱਟ ਦੇਵਾਂ—ਇਹ ਮਰਦ ਨੇ ਤਰੱਕੀ ਕੀਤੀ ਹੈ? ਪਸ਼ੂ ਤੇ ਪੰਛੀ ਵੀ ਆਪਣੇ ਇਸਤਰੀ ਸਾਥੀ ਨੂੰ ਤੰਗ ਨਹੀਂ ਕਰਦੇ। ਉਸ ਦੀ ਇੱਛਾ ਤੋਂ ਬਿਨਾਂ ਉਸ ਨਾਲ ਲਿੰਗ-ਵਾਸ਼ਨਾ ਦਾ ਸੰਬੰਧ ਨਹੀਂ ਜੋੜਦੇ ਹਨ। ਗਿਆਨੀ ਹੋ ਕੇ ਮਰਦ ਬਹੁਤ ਪਾਗਲ ਹੋ ਗਿਆ ਹੈ।

ਸਾਰੀਆਂ ਕੌਮਾਂ ਨਾਲੋਂ ਯਵਨੀ ਲੋਕ—ਪਠਾਣ ਕਬਾਇਲ ਤੁਰਕੀ ਤੇ ਚੰਗੇਜ਼ੀ ਮੁਸਲਮਾਨ—ਇਸਤਰੀ ਨਾਲ ਬਹੁਤਾ ਧੱਕਾ ਕਰਦੇ ਨੇ। ਇਹ ਕਿਸੇ ਇਸਤਰੀ ਉੱਤੇ ਦਇਆ ਕਰਨੀ ਸਿਖੇ ਹੀ ਨਹੀਂ। ਤਿੰਨ ਚਾਰ ਸਦੀਆਂ ਇਹਨਾਂ ਲੋਕਾਂ ਨੇ ਹਿੰਦ ਉੱਤੇ ਹਮਲਾ ਕਰ ਕੇ ਬਹੁਤ ਜ਼ਿਆਦਾ ਜ਼ੁਲਮ ਕੀਤਾ ਅਤੇ ਉਹਨਾਂ ਹਿੰਦ ਦੀ ਇਸਤਰੀ ਉੱਤੇ ਬਹੁਤ ਜ਼ੁਲਮ ਕੀਤਾ—ਕੁਆਰੀਆਂ ਤੇ ਵਿਆਹੀਆਂ ਮੁਟਿਆਰਾਂ ਨੂੰ ਜਬਰਨ ਚੁੱਕ ਚੁੱਕ ਕੇ ਪੱਛਮੀ ਦੇਸ਼ਾਂ ਵੱਲ ਖੜਦੇ ਰਹੇ। ਪਸ਼ੂਆਂ ਵਾਂਗ ਬਾਜ਼ਾਰਾਂ ਦੀਆਂ ਖੁਲ੍ਹੀਆਂ ਮੰਡੀਆਂ ਵਿਚ ਵੇਚ ਕੇ ਗ਼ੁਲਾਮ ਬਣਾਉਂਦੇ ਰਹੇ, ਜਿਹੜਾ ਖ਼ਰੀਦਦਾ ਰਿਹਾ, ਉਹ ਜਿਹੜੇ ਧੱਕੇ ਤੇ ਪਾਪ ਕਰਦਾ ਰਿਹਾ, ਉਹ ਲਿਖਣ ਯੋਗ ਨਹੀਂ। ਹਿੰਦ ਵਿਚ ਜੰਮੀ ਦੇਵੀ ਸਦਾ ਜ਼ੁਲਮ ਦਾ ਸ਼ਿਕਾਰ ਹੁੰਦੀ ਰਹੀ। ਇਸ ਦਾ ਵੱਡਾ ਕਾਰਨ ਇਹ ਸੀ ਕਿ ਇਸਦਾ ਰਾਖਾ ਮਰਦ ਹਿੰਦੂ—ਕਮਜ਼ੋਰ ਸੀ। ਬੇ-ਅਣਖੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਪਾਲਤਾ ਕੀਤੀ, ਖ਼ਾਲਸਾ ਪੰਥ ਸਾਜਿਆ। ਅੰਮ੍ਰਿਤ ਦੇ ਬਾਟੇ ਨਾਲ ਮੁਰਦਾ ਕੌਮ ਨੂੰ ਸੁਰਜੀਤ ਕੀਤਾ। ਸਿੱਖਾਂ ਨੇ ਤਲਵਾਰ ਦੇ ਬਲ ਨਾਲ ਯਵਨੀ ਲੋਕਾਂ ਨੂੰ ਰੋਕਿਆ ਤੇ ਹਿੰਦੂ ਇਸਤਰੀ ਨੂੰ ਸੁਖੀ ਰੱਖਿਆ। ਪਿੱਛਲੇ

ਸਮੇਂ ਦੀ ਗੱਲ ਤਾਂ ਪੁਰਾਣੀ ਹੈ, ੧੯੪੭ ਦੇ ਘੱਲੂਘਾਰੇ ਵਿਚ ਵੀ ਮੁਸਲਮਾਨਾਂ ਸਭ ਤੋਂ ਬਹੁਤਾ ਪਾਪ ਤੇ ਧੱਕਾ ਇਸਤਰੀ ਜਾਤੀ ਨਾਲ ਹੀ ਕੀਤਾ। ਜੰਗਲੀ ਤੇ ਵਹਿਸ਼ੀ ਕੌਮਾਂ ਨਾਲੋਂ ਵੀ ਵਰਤਮਾਨ ਆਦਮੀ ਗਿਰ ਗਿਆ। ਦੇਵੀਆਂ ਨੂੰ ਅਲਫ ਨੰਗੀਆਂ ਕਰ ਕੇ ਸੂਰਜ ਦੇ ਚਾਨਣ ਵਿਚ ਬਾਜ਼ਾਰਾਂ ਵਿਚ ਫੇਰਿਆ ਗਿਆ। ਸੁੰਦਰ ਦੇਵੀਆਂ ਦੀਆਂ ਛਾਤੀਆਂ ਛਾਂਗੀਆਂ, ਨੱਕ ਤੇ ਕੰਨ ਵੱਢੇ ਗਏ। ਅੱਖਾਂ ਦੇ ਡੇਲੇ ਕੱਢੇ ਗਏ, ਗੋਰੇ ਸਰੀਰ ਦਾ ਮਾਸ ਨੋਚਿਆ ਗਿਆ। ਮਰਦ ਦੇ ਜ਼ੁਲਮਾਂ ਤੋਂ ਡਰਦਿਆਂ ਹੋਇਆਂ ਸੈਂਕੜੇ ਦੇਵੀਆਂ ਨੇ ਹਥਿਆਰਾਂ ਤੇ ਖੂਹਾਂ ਆਸਰੇ ਆਤਮ-ਘਾਤ ਕਰ ਲਏ। ਇਹਨਾਂ ਅਤਿਆਚਾਰਾਂ ਨੂੰ ਵੇਖ ਕੇ ਕੀ ਅਸੀਂ ਕਹਿ ਸਕਦੇ ਹਾਂ ਕਿ ਮਰਦ ਸੂਝ-ਬੂਝ ਵਾਲਾ ਹੈ?

ਉਸੇ ਵਹਿਸ਼ੀ ਮਰਦ ਦੇ ਭਾਰੀ ਪੰਜੇ ਨੇ ਸ਼ਰਨੀ ਤੇ ਵੀਰੋ ਦੇ ਡੋਲੇ ਘੁਟ ਲਏ। ਤਲਵਾਰਾਂ ਦੀਆਂ ਨੋਕਾਂ, ਬੰਦੂਕਾਂ ਦੇ ਬੱਟਾਂ ਅਤੇ ਲਾਠੀਆਂ ਦੀਆਂ ਹੁੱਜਾਂ ਦੇ ਨਾਲ ਦੋਹਾਂ ਅਬਲਾਹਾਂ ਨੂੰ ਪਹਾੜੀਆਂ, ਖੱਡਾਂ ਤੇ ਜੰਗਲਾਂ ਵਿਚ ਦੀ ਧੂਹੀ ਗਏ। ਵੀਰੋ ਚਾਰ ਬੱਚਿਆਂ ਦੀ ਮਾਂ ਸੀ। ਉਹ ਮਰਦ ਦੇ ਮਨ ਤੇ ਮਰਦ ਦੇ ਵਹਿਸ਼ੀਪਣ ਨੂੰ ਜਾਣਦੀ ਸੀ। ਫਿਰ ਵੀ ਉਹ ਘਬਰਾ ਗਈ। ਪਤੀ, ਬੱਚੇ ਤੇ ਉਸ ਦਾ ਧਰਮ ਉਸਨੂੰ ਚੇਤੇ ਆਉਂਦਾ ਸੀ। ਮੌਤ ਕੋਲੋਂ ਡਰਦੀ ਉਹ ਡਾਕੂਆਂ ਅੱਗੇ ਨੱਸੀ ਭੱਜੀ ਜਾ ਰਹੀ ਸੀ। ਉਸ ਦੇ ਪੈਰਾਂ ਵਿਚੋਂ ਲਹੂ ਵਗਣ ਲੱਗ ਪਿਆ ਸੀ। ਸਹਿਮ ਨਾਲ ਅੱਖਾਂ ਤੇ ਦਿਲ ਪਥਰਾ ਗਏ ਸਨ। ਰੋਇਆ ਵੀ ਨਹੀਂ ਸੀ ਜਾਂਦਾ।

ਸ਼ਰਨੀ ਅਬੋਧ ਬਾਲਕਾ ਓਪਰੇ ਮਰਦ ਦੇ ਮੱਥੇ ਨਹੀਂ ਸੀ ਲੱਗੀ। ਕੁਵਾਰੇ-ਪਨ ਦੀ ਸੰਗ ਉਸਨੂੰ ਕੱਠਿਆਂ ਕਰੀ ਜਾਂਦੀ ਸੀ। ਮਾਂ ਤੇ ਪਿਉ ਚੇਤੇ ਆਉਂਦੇ ਸਨ। ਦਿਲ ਨੂੰ ਘੇਰਾਂ ਪੈਂਦੀਆਂ ਸਨ। ਡਾਕੂ ਪਠਾਣਾਂ ਦੇ ਬਦਸ਼ਕਲ ਚਿਹਰੇ ਉਹ ਦੇਖਣਾ ਨਹੀਂ ਸੀ ਚਾਹੁੰਦੀ। ਉਹ ਅੱਖਾਂ ਮੀਟ ਲੈਂਦੀ ਸੀ। ਉਹਦੇ ਰੋਣੇ, ਉਹਦੇ ਤਰਲਿਆਂ ਦੀ ਕੋਈ ਕੀਮਤ ਨਹੀਂ ਸੀ।

ਉਹ ਜਿਉਂ ਜਿਉਂ ਰੋਂਦੀ ਸੀ, ਤਿਉਂ ਤਿਉਂ ਡਾਕੂ ਹੱਸਦੇ ਤੇ ਉਸ ਨੂੰ ਤੰਗ ਕਰਦੇ ਸਨ। ਉਸ ਨੂੰ ਤੁਰਨ ਵਾਸਤੇ ਆਖਿਆ ਗਿਆ। ਉਹ ਨਾ ਤੁਰੀ, ਉਸ ਦੀਆਂ ਮੌਰਾਂ ਵਿਚ ਬੰਦੂਕ ਦੇ ਬੱਟ ਮਾਰੇ ਗਏ- "ਏਥੇ ਮਾਰ ਕੇ ਸੁੱਟ ਜਾਵਾਂਗੇ, ਦੀਆਂ ਧਮਕੀਆਂ ਦਿੱਤੀਆਂ ਗਈਆਂ। ਘਸੀਟ ਕੇ ਤੋਰਿਆ ਗਿਆ। ਉਹ ਨੀਵੀਂ ਪਾਈ ਉਹਨਾਂ ਦੇ ਪਿੱਛੇ ਰਿੜੀ ਗਈ। ਦੋ ਪਠਾਣ ਦੋਹਾਂ ਬਾਹਾਂ ਤੋਂ ਫੜ ਕੇ ਖਿੱਚੀ ਜਾਂਦੇ ਸਨ। ਇਕ ਪਿੱਛੋਂ ਧੱਕੀ ਜਾਂਦਾ ਸੀ। ਜਿਵੇਂ ਬੇ-ਜਾਨ ਲੋਥ ਤੋਰ ਕੇ ਖੜਨ ਦਾ ਯਤਨ ਕੀਤਾ ਜਾਂਦਾ ਹੈ। ਪਠਾਣ ਆਰਾਮ ਨਾਲ ਨਹੀਂ ਸਨ ਤੁਰੇ ਜਾਂਦੇ। ਕਦੀ ਉਸ ਨੂੰ ਹੱਥਾਂ ਨਾਲ ਛੇੜਦੇ ਸਨ, ਕਦੀ ਪਸ਼ਤੋ ਵਿਚ ਐਸੀਆਂ ਭੈੜੀਆਂ ਗੱਲਾਂ ਕਰਦੇ ਸਨ, ਜਿਨ੍ਹਾਂ ਨੂੰ ਸੁਣ ਸੁਣ ਕੇ ਸ਼ਰਨੀ ਮਰਦੀ ਜਾਂਦੀ ਸੀ। ਉਹ ਸੋਚਦੀ ਸੀ- "ਕੀ ਸੱਚਮੁਚ ਮੇਰੇ ਨਾਲ ਏਹੋ ਹਾਲ ਹੋਵੇਗਾ ਜੋ ਕੁਝ ਇਹ ਆਖ ਰਹੇ ਨੇ?.........ਇਹ ਕੁਕਰਮ ਤੇ ਜ਼ੁਲਮ ਸਹਿਣ ਨਾਲੋਂ ਮਰਨਾ ਚੰਗਾ ਹੈ। ਆਤਮਘਾਤ ਕਰਾਂਗੀ ਧਰਤੀ ਮਾਤਾ ਵਿਹਲ ਦੇਵੇ ਤਾਂ ਗ਼ਰਕ ਹੋ ਜਾਵਾਂ। ਓ ਭਗਵਾਨ! ਕੀ ਮੇਰੀ ਰਾਖੀ ਨਹੀਂ ਕਰੇਗਾ?"

ਉਸ ਨੇ ਤੁਰਦਿਆਂ ਜਾਂਦਿਆਂ ਕ੍ਰਿਸ਼ਨ ਜੀ ਤੇ ਰਾਮ ਜੀ ਨੂੰ ਯਾਦ ਕੀਤਾ। ਮਨ ਵਿਚ ਰੋਈ ਕਿ ਮੈਂ ਦਰੋਪਤੀ ਵਾਂਗ ਨਗਨ ਕਰਨ ਵਾਸਤੇ ਲਿਜਾਈ ਜਾ ਰਹੀ ਆਂ। ਮੇਰਾ ਧਰਮ ਰੱਖ। ਮੇਰੀ ਜਾਨ ਬਚਾ। ਮੈਨੂੰ ਮਾਂ ਬਾਪ ਨਾਲ ਇਕ ਵਾਰ ਮੁੜ ਮਿਲਾ। ਪਰ ਕਿਸੇ ਨੇ ਉਸਦੀ ਬੇਨਤੀ ਨਾ ਸੁਣੀ। ਡਾਕੂ ਉਸ ਨੂੰ ਖਿੱਚੀ ਗਏ। ਜੋ ਦਿਲ ਆਇਆ, ਜ਼ਬਾਨ ਰਾਹੀਂ ਬੋਲੀ ਗਏ। ਰਾਹ ਵਿਚ ਕੋਈ ਮਨੁੱਖ ਉਹਨਾਂ ਦੀ ਸਹਾਇਤਾ ਕਰਨ ਵਾਲਾ ਨਾ ਮਿਲਿਆ। ਸੂਰਜ ਡੁੱਬਣ ਤੋਂ ਪਹਿਲਾਂ ਡਾਕੂ ਸ਼ਰਨੀ ਨੂੰ ਗੜ੍ਹੀ ਹਬੀਬਉੱਲਾ 'ਚ ਲੈ ਗਏ।

ਗੜ੍ਹੀ ਹਬੀਬਉੱਲਾ ਪਹਾੜ ਦੀ ਕੁੱਖ ਵਿਚ ਇਕ ਪੱਕਾ ਪਿੰਡ ਸੀ। ਪੱਕੇ ਕੱਚੇ ਮਕਾਨ ਚੋਖੇ ਸਨ। ਇਕ ਛੋਟਾ ਜਿਹਾ ਬਾਜ਼ਾਰ ਸੀ। ਉਸ ਬਾਜ਼ਾਰ

ਦੇ ਅਗਲੇ ਪਾਸੇ ਪਹਾੜ ਦੇ ਸੀਨੇ ਵਿਚ ਤੇ ਪਿੰਡ ਦੀ ਵਸੋਂ ਨਾਲੋਂ ਚੋਖੀ ਉੱਚੀ ਥਾਂ 'ਤੇ ਇਕ ਹਵੇਲੀ ਸੀ। ਉਹ ਹਵੇਲੀ ਕਿਲ੍ਹੇ ਦੀ ਤਰ੍ਹਾਂ ਪੱਥਰਾਂ ਦੀ ਬਣਾਈ ਹੋਈ ਸੀ। ਇਸ ਹਵੇਲੀ ਦੇ ਮਾਲਕ ਉਸ ਪਿੰਡ ਤੇ ਚੌਗਿਰਦੇ ਦਸ ਬਾਰਾਂ ਪਿੰਡਾਂ ਦੇ ਮਾਲਕ ਜਾਗੀਰਦਾਰ ਸਨ, ਜਿਹੜੇ ਲੋਕਾਂ ਕੋਲੋਂ ਮਲਟਿਆਨਾ ਵਸੂਲ ਕਰਦੇ ਸਨ। ਉਸ ਵੇਲੇ ਜਾਗੀਰ ਦਾ ਮਾਲਕ ਅੱਲਾਦਿੱਤਾ ਸੀ।

ਅੱਲਾਦਿੱਤਾ ਦੀ ਉਮਰ ਪੰਜਾਹ ਸਾਲ ਦੇ ਲਗਪਗ ਸੀ। ਕਤਰੀ ਹੋਈ ਦਾੜ੍ਹੀ ਵਿਚ ਅਧਿਓਂ ਬਹੁਤੇ ਧੌਲੇ ਸਨ, ਪਰ ਚਿਹਰੇ ਉਤੇ ਲਾਲੀਆਂ ਭਖਦੀਆਂ ਸਨ। ਮੋਟੀਆਂ ਅੱਖਾਂ ਵਿਚ ਜਵਾਨੀ ਦੀਆਂ ਬਲਦੀਆਂ ਨਿਸ਼ਾਨੀਆਂ ਸਨ। ਉਸ ਦੇ ਅੱਠ ਬੱਚੇ ਸੀ ਤੇ ਪੰਜ ਵਹੁਟੀਆਂ। ਪੰਜਾਂ ਦੀ ਉਮਰ ਵੱਖੋ ਵੱਖ ਸੀ। ਪੰਜਵੀਂ ਸਭ ਤੋਂ ਛੋਟੀ ਜਿਸਦੀ ਉਮਰ ਉਸ ਵੇਲੇ ੧੯, ੨੦ ਸਾਲ ਤੋਂ ਵੱਧ ਨਹੀਂ ਸੀ। ਅਜੇ ਉਹ ਕਿਸੇ ਬੱਚੇ ਦੀ ਮਾਂ ਵੀ ਨਹੀਂ ਸੀ ਬਣੀ। ਤਿੰਨ ਸਾਲ ਨਿਕਾਹ ਨੂੰ ਹੋਏ ਸਨ। ਉਸਨੂੰ ਅੱਲਾਦਿੱਤਾ ਬਹੁਤ ਪਿਆਰਦਾ ਤੇ ਸਦਾ ਕੋਲ ਰਖਦਾ ਸੀ। ਸ਼ਰਾਬ ਦੀ ਸੁਰਾਹੀ ਤੇ ਇਸਤਰੀਆਂ ਕਦੇ ਉਹਦੇ ਕੋਲੋਂ ਦੂਰ ਨਹੀਂ ਸਨ ਹੁੰਦੀਆਂ। ਕਿਸੇ ਸਮੇਂ ਉਹ ਤੇਗ ਦਾ ਧਨੀ ਰਹਿ ਚੁੱਕਾ ਸੀ। ਉਹ ਬਾਹਰੇ ਵਿਚ ਡਾਕੂਆਂ ਦਾ ਸਰਦਾਰ ਰਿਹਾ ਸੀ, ਉਸ ਵੇਲੇ ਵੀ ਉਹਨੇ ੨੦ ਕੁ ਆਦਮੀ ਰਖੇ ਹੋਏ ਸਨ, ਜੋ ਮਾਰਧਾੜ ਕਰਕੇ ਲਿਆਉਂਦੇ ਸਨ ਤੇ ਉਨ੍ਹਾਂ ਨੂੰ ਸਰਦਾਰੀ ਦੇਂਦਾ ਸੀ, ਕਦੀ ਕਦਾਈਂ ਜੀ ਕਰਦਾ ਤਾਂ ਆਪ ਵੀ ਰਾਹ ਮਾਰਨ ਵਾਸਤੇ ਨਾਲ ਚਲਿਆ ਜਾਂਦਾ ਸੀ।

ਜਿਸ ਵੇਲੇ ਡਾਕੂ ਸ਼ਰਨੀ ਤੇ ਵੀਰੇ ਨੂੰ ਲੈ ਕੇ ਅੱਲਾ ਦਿੱਤੇ ਦੇ ਕੋਲ ਪੁੱਜੇ, ਉਸ ਵੇਲੇ ਚੋਖਾ ਹਨੇਰਾ ਹੋ ਚੁੱਕਾ ਸੀ। ਰਾਤ ਦੀ ਰੋਟੀ ਅਜੇ ਅੱਲਾਦਿੱਤੇ ਨੇ ਨਹੀਂ ਸੀ ਖਾਧੀ, ਪਰ ਰੋਟੀ ਦੀ ਤਿਆਰੀ ਵਾਸਤੇ ਸ਼ਰਾਬ ਪੀ ਰਿਹਾ ਸੀ। ਉਸ ਦੀ ਛੋਟੀ ਬੇਗਮ ਕੋਲ ਬੈਠੀ ਸੁਰਾਹੀ ਵਿਚੋਂ ਸ਼ਰਾਬ

ਦੇ ਪਿਆਲੇ ਭਰ ਕੇ ਪਿਲਾ ਰਹੀ ਸੀ। ਡਾਕੂਆਂ ਦਾ ਜਥੇਦਾਰ ਵੀਰੇ ਤੇ ਸ਼ਰਨੀ ਨੂੰ ਅਬੱਕ ਅੱਲਾ ਦਿੱਤੇ ਦੇ ਦੀਵਾਨਖਾਨੇ ਵਿਚ ਲੈ ਗਿਆ।

'ਇਹ ਲਉ ਨਵਾਂ ਹੁਸਨ।' ਪਸ਼ਤੋ ਵਿਚ ਡਾਕੂਆਂ ਦੇ ਜਥੇਦਾਰ ਨੇ ਅੱਲਾ ਦਿੱਤੇ ਨੂੰ ਆਖਿਆ।

'ਖੁਸ਼ ਰਹੋ, ਮੇਰੇ ਜੁਆਨੋ! ਜੁੱਗ ਜੁੱਗ ਜੀਵੋ! ਸੱਚਮੁਚ ਅਰਸ਼ਾਂ ਦਾ ਹੁਸਨ ਹੈ ਵਾਹਵਾ! ਖ਼ੁਦਾ ਨੇ ਸੋਹਣੇ ਬੁੱਤ ਘੜੇ ਹਨ।'' ਸ਼ਰਾਬ ਦੇ ਪਿਆਲੇ ਨੂੰ ਪਾਸ ਰੱਖ ਕੇ ਅੱਲਾ ਦਿੱਤਾ ਬੋਲਿਆ, ਉਹ ਫ਼ਰਸ਼ ਉੱਤੇ ਵਿਛੇ ਗਲੀਚੇ ਉੱਤੇ ਬੈਠਾ ਸੀ। ਉਛਲ ਕੇ ਉਠਿਆ। ਕੰਬਦੀਆਂ ਲੱਤਾਂ ਨਾਲ ਲੰਮੀਆਂ ਦੋ ਕਦਮਾਂ ਪੁੱਟ ਕੇ ਅੱਗੇ ਹੋਇਆ। ਉਸਦਾ ਸਰੀਰ ਕੰਬਦਾ ਸੀ ਤੇ ਅੱਖਾਂ ਮਸਾਲਾਂ ਵਾਂਗ ਬਲਦੀਆਂ ਸਨ। ਸ਼ਰਾਬ ਦੀ ਸੜ੍ਹਿਹਾਨ ਉਸ ਦੇ ਮੂੰਹ ਵਿਚੋਂ ਤੂਸਾਂ ਛੱਡ ਰਹੀ ਸੀ, ਹੈਰਾਨੀ ਨਾਲ ਦੇਖਦੀ ਤੇ ਡਰ ਨਾਲ ਕੰਬਦੀ ਹੋਈ ਸ਼ਰਨੀ ਖਲੋਤੀ ਸੀ। ਉਹ ਲਾਜਵੰਤੀ ਦੀ ਤਰ੍ਹਾਂ ਸੁੰਘੜਦੀ ਜਾਂਦੀ ਸੀ ਪਹਿਲੇ ਉਸ ਦੇ ਪਿੱਛੇ ਡਾਕੂ ਸਨ ਤੇ ਅੱਗੋਂ ਅੱਲਾ ਦਿੱਤਾ ਆ ਗਿਆ। ਜਿਵੇਂ ਦੋਹ ਪੁੜਾਂ ਵਿਚ ਕਣਕ ਦੇ ਦਾਣੇ ਆ ਜਾਂਦੇ ਨੇ, ਤਿਵੇਂ ਦੋਂਹ ਕਸਾਈਆਂ ਦੇ ਵਿਚਲੇ ਉਹ ਅਬਲਾ ਖਲੋਤੀ ਸੀ। ਅੱਲਾ ਦਿੱਤਾ ਨੇੜੇ ਪੁੱਜ ਗਿਆ। ਬਲਦੇ ਸ਼ਮਾਦਾਨਾਂ ਦੇ ਚਾਨਣ ਵਿਚ ਸ਼ਰਨੀ ਦਾ ਭੱਖਦਾ ਜੋਬਨ ਉਸ ਨੇ ਤੱਕਿਆ। ਅੱਥਰੂਆਂ ਵਾਲੀਆਂ ਮੋਟੀਆਂ ਅੱਖਾਂ ਨੂੰ ਦੇਖ ਕੇ ਉਸ ਨੂੰ ਪਿਆਰ ਦੇ ਲਹਿਜੇ ਵਿਚ ਆਖਿਆ- 'ਹੁਸਨ ਤੇ ਜੋਬਨ ਨੂੰ ਇਸ ਹਵੇਲੀ ਵਿਚ ਰੋਣਾ ਨਹੀਂ ਚਾਹੀਦਾ।....ਚੰਗਾ ਹੈ.... ਆ ਗਈ ਏਥੇ। ਇਹ ਸੁਖਾਂ ਦਾ ਐਸ਼ਵਰਜ ਹੈ।......ਸੁਲੇਮਾਨ ਦਾ ਜਾਦੂਬਾਗ, ਏਥੇ ਹੁਸਨ ਤੇ ਜਵਾਨੀ ਦਾ ਸਤਿਕਾਰ ਕੀਤਾ ਜਾਂਦਾ ਹੈ। ਦੱਸ ਤਾਂ ਸਹੀ ਤੇਰਾ ਕੀ ਨਾਂ ਹੈ, ਤੂੰ ਕੌਣ ਹੈਂ?'

ਕੁਦਰਤ ਦੇ ਰੰਗ ਨਿਆਰੇ ਨੇ, ਕਦੀ ਵਾਰੀ ਨਿਰਬਲਾਂ ਦੇ ਲਹੂ ਵਿਚ ਵੀ ਬਲਦਾ ਤੂਫ਼ਾਨ ਆ ਜਾਂਦਾ ਹੈ। ਰੋਣ ਤੇ ਤਰਲੇ ਕਰਨ ਵਾਲੀ ਸ਼ਰਨੀ

ਅੱਲਾ ਦਿੱਤਾ ਦੇ ਉਪਰਲੇ ਸਵਾਲ ਸੁਣ ਕੇ ਚਮਕ ਉਠੀ ਜੋਸ਼ ਨਾਲ ਉਸਦਾ ਸਰੀਰ ਥਰਥਰਾਇਆ। ਉਹ ਹੌਂਸਲੇ ਨਾਲ ਬੋਲੀ 'ਮੇਰਾ ਨਾਂ ਹੋਣੀ ਹੈ! ਮੈਂ ਤੇਰੀ ਮੌਤ ਹਾਂ!'

ਸਾਫ਼ ਪਸ਼ਤੋ ਵਿਚ ਇਹ ਉੱਤਰ ਸੁਣ ਕੇ ਅੱਲਾ ਦਿੱਤਾ ਖ਼ੁਸ਼ੀ ਨਾਲ ਹੱਸ ਪਿਆ। ਅੱਗੇ ਹੋ ਕੇ ਉਸਨੇ ਸੱਜੇ ਹੱਥ ਦੀਆਂ ਉਂਗਲੀਆਂ ਦੇ ਪੋਟਿਆਂ ਨਾਲ ਸ਼ਰਨੀ ਦੀ ਗੋਲ ਤੇ ਗੋਰੀ ਅਣਛੋਹ ਠੋਡੀ ਨੂੰ ਪਪੋਲਨ ਵਾਸਤੇ ਅੱਗੇ ਹੱਥ ਵਧਾਇਆ ਤੇ ਜ਼ਬਾਨੋਂ ਆਖਿਆ-"ਜੇ ਮੇਰੀ ਮੌਤ ਬਣੇਂ ਤਾਂ ਹੋਰ ਕੀ ਚਾਹੀਦਾ ਹੈ। ਮੈਂ ਸਿੱਧਾ ਬਹਿਸ਼ਤ ਨੂੰ ਜਾਵਾਂ। ਤੇਰੀ ਜੇਹੀ ਰੂਹ ਸੱਚਮੁਚ ਹੀ ਹੋਣੀ ਹੁੰਦੀ ਹੈ। ਇਹ ਮਰਦ ਦਾ ਤਨ, ਮਨ ਤੇ ਧਨ ਲੁੱਟ ਲੈਂਦੀ ਹੈ। ਤੇਰੇ ਜੇਹੀਆਂ ਹੁਸੀਨਾਂ ਬਦਲੇ ਮਰਦ ਮੌਤ ਨਾਲ ਖੇਡਣ ਤੋਂ ਨਹੀਂ ਡਰਦਾ।"

ਇਨ੍ਹਾਂ ਵਾਕਾਂ ਦੇ ਨਾਲ ਹੀ ਅੱਲਾ ਦਿੱਤੇ ਦੀਆਂ ਉਂਗਲੀਆਂ ਠੋਡੀ ਵੱਲ ਆਈਆਂ। ਅਜੇ ਠੋਡੀ ਨਾਲ ਛੂਹੀਆਂ ਨਹੀਂ ਸਨ ਕਿ ਸ਼ਰਨੀ ਦੇ ਖੱਬੇ ਹੱਥ ਨੇ ਜ਼ੋਰ ਨਾਲ ਉਲਾਰ ਕੇ ਉਸਦੀਆਂ ਉਂਗਲਾਂ ਨੂੰ ਦੂਰ ਕਰ ਦਿੱਤਾ। ਨਾਲ ਹੀ ਸ਼ੇਰਨੀ ਵਾਂਗ ਗਰਜੀ 'ਪਰੇ ਰਹੁ ਮੌਤ ਦੇ ਨੇੜੇ ਨਾ ਹੋ?....... ਸ਼ਰਮ ਕਰ, ਤੂੰ ਮੇਰੇ ਬਾਪ ਵਰਗਾ ਹੈਂ?'

'ਰੁਸਤਮ! ਕੀ ਇਹ ਕਾਫ਼ਰ ਦੀ ਬੇਟੀ ਹੈ? ਅੱਲਾ ਦਿੱਤੇ ਨੇ ਡਾਕੂਆਂ ਕੋਲੋਂ ਪੁੱਛਿਆ। ਉਸ ਦੀ ਸ਼ਰਾਬ ਦਾ ਅੱਧਾ ਨਸ਼ਾ ਉੱਤਰ ਗਿਆ।

'ਹਾਂ ਸਰਕਾਰ! ਕਾਫਰ ਦੀ ਬੇਟੀ ਹੈ?' ਡਾਕੂ ਨੇ ਉੱਤਰ ਦਿੱਤਾ।

'ਬਹੁਤਾ ਹੱਛਾ! ਤਦੇ ਆਕੜ ਬਹੁਤ ਸੂ, ਮੈਂ ਇਸ ਦੇ ਹੰਕਾਰ ਨੂੰ ਦੂਰ ਕਰਾਂਗਾ। ਇਹ ਮੇਰੇ ਪੈਰ ਧੋ ਧੋ ਕੇ ਪੀਆ ਕਰੇਗੀ........।'

ਉਹ ਸ਼ਰਨੀ ਨੂੰ ਸੰਬੋਧਨ ਕਰਕੇ ਬੋਲਿਆ-'ਸੁਣ ਲੈ.......ਕੰਨ ਖੋਲ੍ਹ ਕੇ ਸੁਣ ਲੈ! ਤੂੰ ਮੇਰੀ ਹਵੇਲੀ ਵਿਚ ਪਹੁੰਚ ਗਈ ਏਂ। ਏਥੇ ਆਇਆ ਪੰਛੀ ਵੀ ਮੇਰੀ ਮਰਜ਼ੀ ਤੋਂ ਬਿਨਾਂ ਜਿਉਂਦਾ ਬਾਹਰ ਨਹੀਂ ਜਾ ਸਕਦਾ। ਮੈਂ

ਇਲਾਕੇ ਦਾ ਸਰਦਾਰ ਹਾਂ। ਸਾਰੇ ਮੈਥੋਂ ਡਰਦੇ ਨੇ।..... ਮੇਰੇ ਆਦਮੀਆਂ ਕੋਲੋਂ ਦਿਓ ਡਰਦੇ ਨੇ। ਤੇਰੇ ਜਹੀਆਂ ਨੂੰ ਮੈਂ ਕੱਚਿਆਂ ਖਾ ਕੇ ਹੱਡੀਆਂ ਵੀ ਚੱਬ ਜਾਂਦਾ ਹਾਂ।' ਅੱਲਾ ਦਿੱਤਾ ਬੋਲਣੋ ਰੁਕ ਗਿਆ। ਪਿੱਛੇ ਮੁੜ ਕੇ ਉਸ ਨੇ ਆਪਣੀ ਬੇਗਮ ਵੱਲ ਦੇਖਿਆ ਤੇ ਸ਼ਰਾਬ ਦੇ ਜਾਮ ਵੱਲ ਇਸ਼ਾਰਾ ਕੀਤਾ। ਉਹ ਬੇਗਮ ਪਿਆਲਾ ਹੱਥ ਵਿਚ ਲਈ ਖਲੋਤੀ ਸ਼ਰਨੀ ਤੇ ਵੀਰੋ ਵੱਲ ਦੇਖੀ ਜਾਂਦੀ ਸੀ। ਉਹ ਸ਼ਰਨੀ ਦੀ ਦਲੇਰੀ 'ਤੇ ਖ਼ੁਸ਼ ਸੀ ਕਿ ਇਕ ਇਸਤਰੀ ਅੱਲਾ ਦਿੱਤੇ ਦੇ ਅੱਗੇ ਬੋਲ ਸਕਦੀ ਹੈ। ਉਸ ਨੇ ਪਿਆਲਾ ਅੱਗੇ ਕੀਤਾ। ਅੱਲਾ ਦਿੱਤਾ ਸਾਰੇ ਪਿਆਲੇ ਨੂੰ ਗਟਾ ਗਟ ਪੀ ਗਿਆ। ਪਿਆਲਾ ਬੇਗਮ ਨੂੰ ਫੜਾ ਕੇ ਅਤੇ ਵੀਣੀ ਨਾਲ ਮੂੰਹ ਪੂੰਝ ਕੇ ਉਹ ਫਿਰ ਸ਼ਰਨੀ ਨੂੰ ਆਖਣ ਲੱਗਾ-'...... ਤੂੰ ਬਾਲੜੀ ਨਹੀਂ..... ਮੁਟਿਆਰ ਏਂ......ਪੂਰੀ ਔਰਤ ਬਣ ਚੁਕੀ ਹੈ, ਸ਼ਗਨਾਂ ਦੀ ਮਹਿੰਦੀ ਹੱਥੀਂ ਹੈ। ਵਿਆਹ ਦੇ ਲੀੜੇ ਉਦਾਲੇ ਨੇ ਤੂੰ ਕਿਸੇ ਕਾਫ਼ਰ ਨਾਲ ਵਿਆਹੀ ਚੱਲੀ ਸੀ—ਕਾਫ਼ਰ—ਏਥੋਂ ਦਾ ਹਿੰਦੂ-ਹੂੰ ਉਹ ਵੀ ਮਰਦ ਹੈ ਨਹੀਂ- ਕਮਜ਼ੋਰ—ਬੇ ਅਣਖ ਕੁੱਤਾ-ਗ਼ੁਲਾਮ—ਉਸ ਕੋਲ ਤੇਰੇ ਜਹੀ ਪਰੀ ਕਿਵੇਂ ਰਹਿ ਸਕਦੀ ਹੈ ਜਿਥੇ ਰਹਿਣ ਦੇ ਯੋਗ ਸੀ, ਉਥੇ ਪੁੱਜ ਗਈ। ਤੈਨੂੰ ਖ਼ੁਸ਼ ਹੋਣਾ ਚਾਹੀਦਾ ਹੈ, ਭੁੱਲ ਨਾ ਕਰ। ਦਿਲੋਂ ਕ੍ਰੋਧ ਨੂੰ ਤਿਆਗ ਦੇ। ਮੱਥੇ ਉੱਤੋਂ ਤਿਊੜੀਆਂ ਮਿਟਾ ਦੇ। ਲਾਲ ਬੁਲ੍ਹੀਆਂ ਉੱਤੇ ਹਾਸਾ ਲਿਆ। ਇਹਨਾਂ ਲੀੜਿਆਂ ਤੇ ਗਹਿਣਿਆਂ ਨਾਲ ਸਵੇਰੇ ਤੇਰਾ ਮੇਰਾ ਨਿਕਾਹ ਹੋਵੇਗਾ। ਬੇਗਮ ਬਣੇਂਗੀ ਖ਼ੁਸ਼ੀਆਂ ਪਾਵੇਂਗੀ। ਦੁੰਬੇ ਖਾਏਂਗੀ। ਹਿੰਦੂ—ਮੂੰਗੀ ਦੀ ਦਾਲ ਖਾਣੇ—ਪੈਸੇ ਦੇ ਪੁੱਤ ਕਰਾੜ, ਨਾ ਉਨ੍ਹਾਂ ਨੂੰ ਖਾਣ ਦਾ ਪਤਾ, ਨਾ ਪਹਿਨਣ ਦਾ। ਜੋ ਖਾ ਨਹੀਂ ਸਕਦਾ ਉਹ ਤੇਰੇ ਜਹੀ ਔਰਤ ਨੂੰ ਕਿਵੇਂ ਰੱਖ ਸਕਦਾ ਹੈ? ਮੇਰੇ ਆਦਮੀ ਤਕੜੇ ਸਨ, ਖੋਹ ਲਿਆਏ ਨਾ ਤੈਨੂੰ। ਕੀ ਮੁੜ ਉਨ੍ਹਾਂ ਕਮਜ਼ੋਰ ਗੀਦੀਆਂ ਕੋਲ ਜਾਣਾ ਚਾਹੁੰਦੀ ਏਂ ਜੋ ਤੇਰੀ ਰਾਖੀ ਨਹੀਂ ਰੱਖ ਸਕੇ? ਹੂੰ ਪਾਗਲ, ਖ਼ੁਸ਼ ਹੋ ਮੈਨੂੰ ਕ੍ਰੋਧ ਚੜ੍ਹਾ ਕੇ ਇਹ ਰੇਸ਼ਮ ਵਰਗੇ ਤਨ ਨੂੰ ਦੁੱਖਾਂ

ਵਿਚ ਨਾ ਪਾਈਂ। ਮੇਰੇ ਗੁੱਸੇ ਕੋਲੋਂ ਇਸ ਹਵੇਲੀ ਦੇ ਪੱਥਰ ਵੀ ਕੰਬਦੇ ਨੇ, ਮੈਂ ਜਦੋਂ ਚਮੜੇ ਦਾ ਛਾਂਟਾ ਫੜ ਲੈਂਦਾ ਹਾਂ, ਉਸ ਵੇਲੇ ਮੌਤ ਵੀ ਮੇਰੇ ਕੋਲੋਂ ਡਰ ਜਾਂਦੀ ਹੈ।'

'ਤੇਰੇ ਗੁੱਸੇ ਕੋਲੋਂ ਪੱਥਰ ਵੀ ਕੰਬਦੇ ਹੋਣਗੇ, ਪਰ ਸ਼ਰਨੀ ਨਹੀਂ ਡਰਦੀ। ਦੁਨੀਆਂ ਮੌਤ ਕੋਲੋਂ ਡਰਦੀ ਹੈ। ਮੈਂ ਮਰਨ ਵਾਸਤੇ ਪਹਿਲਾਂ ਤਿਆਰ ਹੋ ਪਈ ਹਾਂ। ਮਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ, ਇਹ ਮੈਂ ਸਮਝ ਚੁੱਕੀ ਹਾਂ। ਮੇਰਾ ਵਿਆਹ ਕਿਸੇ ਮਰਦ ਨਾਲ ਨਹੀਂ ਹੋਇਆ, ਸਗੋਂ ਕਾਲ (ਮੌਤ) ਨਾਲ ਹੋਇਆ ਹੈ, ਮੇਰੀਆਂ ਲਾਵਾਂ ਇਕ ਵਾਰ ਹੋ ਗਈਆ ਨੇ, ਹੁਣ ਦੂਸਰੀ ਵਾਰੀ ਨਿਕਾਹ ਨਹੀਂ ਹੋਵੇਗਾ। ਮੇਰੇ ਸਰੀਰ ਨੂੰ ਕੋਈ ਹੱਥ ਨਹੀਂ ਲਾ ਸਕਦਾ।' ਸ਼ਰਨੀ ਨੇ ਉੱਤਰ ਦਿੱਤਾ। ਨਾਲ ਹੀ ਉੱਛਲ ਕੇ ਇਕ ਪਾਸੇ ਹੋ ਗਈ ਕੰਧ ਵੱਲ। ਹੁਣ ਡਾਕੂ ਤੇ ਅੱਲਾ ਦਿੱਤਾ ਉਹਦੇ ਸਾਹਮਣੇ ਸਨ। ਦੋਵੇਂ ਹੱਸੇ।

ਡਾਕੂ ਹੱਸਦਾ ਹੋਇਆ ਬੋਲਿਆ – 'ਜ਼ਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜੱਫੇ। ਮੂਰਖ ਕਰਦੀ ਕੀ ਹੈ?'

ਅੱਲਾ ਦਿੱਤਾ– ਹੱਡੀਆਂ ਤੁੜਵਾਉਣ ਨੂੰ ਚਿੱਤ ਕਰਦਾ ਸੂ। ਹੱਛਾ ਇਸਦੇ ਨਾਲ ਦੀ (ਵੀਰੋ) ਨੂੰ ਲੈ ਜਾਓ। ਇਹ ਤੁਹਾਡਾ ਮਾਲ। ਇਸ (ਸ਼ਰਨੀ) ਨੂੰ ਮੇਰੇ ਕੋਲ ਛੱਡ ਜਾਓ। ਮੈਂ ਹੁਣੇ ਇਹਦਾ ਦਿਮਾਗ਼ ਦਰੁਸਤ ਕਰ ਦੇਂਦਾ ਆਂ। ਔਰਤ ਤੇ ਘੋੜੀ ਸੋਟੇ ਤੇ ਲਗਾਮ ਬਿਨਾਂ ਵੱਸ ਵਿਚ ਨਹੀਂ ਆਉਂਦੀ।

ਡਾਕੂ ਵੀਰੋ ਨੂੰ ਡੌਲਿਓਂ ਫੜ ਕੇ ਧੂਹਣ ਲੱਗਾ। ਸ਼ਰਨੀ ਨੇ ਵੀਰੋ ਦਾ ਦੂਸਰਾ ਡੌਲਾ ਫੜ ਲਿਆ। 'ਇਹ ਮੇਰੇ ਕੋਲ ਹੀ ਰਹੇਗੀ।' ਸ਼ਰਨੀ ਨੇ ਆਖਿਆ।

ਇਹ ਸੁਣ ਕੇ ਅੱਲਾ ਦਿੱਤਾ ਅੱਗੇ ਹੋਇਆ। ਉਸਨੇ ਸ਼ਰਨੀ ਦੀ ਬਾਂਹ ਫੜ ਲਈ ਜ਼ੋਰ ਦੀ ਹੁਝਕਾ ਮਾਰ ਕੇ ਆਪਣੇ ਵੱਲ ਖਿਚਿਆ। ਵੀਰੋ

ਦੀ ਬਾਂਹ ਉਸ ਦੇ ਹੱਥੋਂ ਛੁੱਟ ਗਈ। ਵੀਰੇ ਦੀਆਂ ਧਾਹੀਂ ਨਿਕਲ ਗਈਆਂ। ਵੀਰੇ ਨੂੰ ਡਰਾਉਣ ਲਈ ਡਾਕੂ ਨੇ ਤਿੰਨ ਚਾਰ ਮੁੱਕੀਆਂ ਮਾਰ ਦਿੱਤੀਆਂ। ਬੌਂਦਲੀ ਹੋਈ ਨੂੰ ਡਾਕੂ ਖਿੱਚ ਕੇ ਬਾਹਰ ਲੈ ਗਿਆ।

ਸ਼ਰਨੀ ਇਕੱਲੀ ਰਹਿ ਗਈ, ਅੱਲਾ ਦਿੱਤੇ ਨੇ ਉਹਦੀ ਬਾਂਹ ਛੱਡ ਦਿੱਤੀ। ਬਾਂਹ ਛੱਡ ਕੇ ਉਹ ਸ਼ਰਨੀ ਨੂੰ ਆਖਣ ਲੱਗਾ-'ਬੈਠ ਜਾ ਹੁਣੇ ਖਾਣੇ ਆਉਂਦੇ ਨੇ। ਸਵੇਰੇ ਤੇਰਾ ਮੇਰਾ ਨਿਕਾਹ ਹੋਵੇਗਾ...... ਤੂੰ ਕਵਾਰੀ ਕੁੜੀ ਏਂ ਕਿਉਂਕਿ ਮੈਂ ਜਾਣਦਾ ਹਾਂ ਜੁ ਕਾਫ਼ਰਾਂ ਦੀਆਂ ਕੁੜੀਆਂ ਵਿਆਹ ਤੋਂ ਪਹਿਲਾਂ ਕਵਾਰੀਆਂ ਹੁੰਦੀਆਂ ਨੇ। ਮੈਨੂੰ ਗੁੱਸਾ ਨਾ ਚੜ੍ਹਾ, ਨਹੀਂ ਤਾਂ ਮੈਂ.....।'

ਸ਼ਰਨੀ ਸਹਿਮੀ ਹੋਈ ਸੀ। ਉਹ ਭਵਿੱਖਤ ਦੇ ਖ਼ਤਰਿਆਂ ਨੂੰ ਅਨੁਭਵ ਕਰਦੀ ਹੋਈ ਡਰ ਰਹੀ ਸੀ। ਜੀਵਨ ਬਚਾਉਣ ਦਾ ਉਸਨੂੰ ਕੋਈ ਵਸੀਲਾ ਨਜ਼ਰ ਨਹੀਂ ਸੀ ਆਉਂਦਾ। ਸ਼ਰਾਬੀ ਪਾਗਲ ਹੁੰਦੇ ਨੇ। ਪਾਗਲ ਕਿਸੇ ਦੀ ਨਿਰਾਦਰੀ ਜਾਂ ਇਜ਼ਤ ਨੂੰ ਅਨੁਭਵ ਨਹੀਂ ਕਰਦਾ। ਉਸਨੇ ਮਕਾਨ ਦੀਆਂ ਕੰਧਾਂ ਵੱਲ ਦੇਖਿਆ। ਦੇਖਦਿਆਂ ਦੇਖਦਿਆਂ ਉਸਨੂੰ ਕੰਧ ਨਾਲ ਟੰਗੀ ਹੋਈ ਤਲਵਾਰ ਦਿਖਾਈ ਦਿੱਤੀ, ਉਹ ਤਲਵਾਰ ਨੂੰ ਦੇਖ ਕੇ ਮੁਸਕਰਾ ਪਈ। ਉਹਦੇ ਚੇਹਰੇ ਉਤੇ ਰੌਣਕ ਆ ਗਈ। ਉਸਨੇ ਉਸ ਸਮੇਂ ਮਨ ਹੀ ਮਨ ਵਿਚ ਇਹ ਫ਼ੈਸਲਾ ਕਰ ਲਿਆ- 'ਹੁਣ ਕੋਈ ਡਰ ਨਹੀਂ, ਜੀਵਨ ਉੱਤੇ ਖੇਡ ਜਾਵਾਂਗੀ। ਇਸ ਤਲਵਾਰ ਨਾਲ ਜਾਂ ਦੁਸ਼ਮਨ ਨੂੰ ਮਾਰਾਂਗੀ ਜਾਂ ਆਪ ਮਰਾਂਗੀ, ਪਰ ਮਿੱਟੀ ਦੀ ਲੋਥ ਬਣ ਕੇ ਨਿਰਾਦਰੀ ਨਹੀਂ ਕਰਾਵਾਂਗੀ। ਮਰਦ (ਅੱਲਾ ਦਿੱਤਾ) ਹੈ ਤਾਂ ਕੀ! ਦੋ ਹੱਥ ਉਸਦੇ ਦੋ ਹੱਥ ਮੇਰੇ। ਮੈਂ ਮੁਟਿਆਰ, ਇਹ ਬੁੱਢਾ ਸ਼ਰਾਬੀ। ਹੁਣ ਮੇਰੀ ਸ੍ਵਾ ਵੱਲ ਕੋਈ ਨਹੀਂ ਵੇਖ ਸਕਦਾ। ਕਮਰੇ ਦੇ ਬੂਹੇ ਬੰਦ ਕਰ ਲਵਾਂਗੀ। ਰਾਤ ਨੂੰ ਕੋਈ ਏਧਰ ਨਹੀਂ ਆਵੇਗਾ। ਹੋ ਸਕਦਾ ਹੈ ਸ਼ਰਾਬ ਦਾ ਨਸ਼ਾ ਇਸ ਨੂੰ ਬੇਸੁਰਤ ਕਰ ਦੇਵੇ।

ਇਹ ਵਿਉਂਤ ਸੋਚ ਕੇ ਸ਼ਰਨੀ ਨੇ ਅੱਲਾ ਦਿੱਤੇ ਵੱਲ ਦੇਖਿਆ। ਮੁਸਕਰਾਈ, ਮੁਸਕਰਾਹਟ ਦੇ ਨਾਲ ਹੀ ਬਚਨ ਆਖੇ– ਇਹ ਠੀਕ ਹੈ ਕਿ ਮੈ ਕੁਆਰੀ ਹਾਂ। ਭਗਵਾਨ ਮਿਹਰ ਕਰੇ, ਕੁਵਾਰੀ ਰਹਾਂ ਧਰਮ ਨਾ ਗੁਆਚੇ। ਤੁਸੀਂ ਮੇਰੇ ਉੱਤੇ ਕ੍ਰੋਧਵਾਨ ਨਾ ਹੋਵੋ। ਮੈਂ ਘਬਰਾਈ ਹੋਈ ਹਾਂ। ਮੇਰਾ ਸਿਰ ਚਕਰਾ ਰਿਹਾ ਹੈ ਦਿਲ ਦੀ ਧੜਕਣ ਸਰੀਰ ਨੂੰ ਨਿਰਬਲ ਕਰ ਰਹੀ ਹੈ। ਇਕਾਂਤ ਵਿਚ ਮੈਨੂੰ ਆਰਾਮ ਕਰਨ ਦਿਓ। ਦਿਨ ਚੜ੍ਹੇਗਾ, ਦੇਖੀ ਜਾਵੇਗੀ। ਜੋ ਤੇਰੇ ਖ਼ੁਦਾ ਤੇ ਮੇਰੇ ਭਗਵਾਨ ਨੂੰ ਭਾਵੇਗਾ, ਸੋ ਹੋ ਕੇ ਰਹੇਗਾ, ਇਕ ਇਸਤ੍ਰੀ ਉੱਤੇ ਦਇਆ ਕਰਨੀ ਚਾਹੀਦੀ ਹੈ। ਮੈਨੂੰ ਚੁਪ ਚਾਪ ਬੈਠੀ ਰਹਿਣ ਦਿਓ, ਤੁਸੀ ਨਸ਼ਾ ਪੀਵੋ ਰੱਜ ਕੇ ਪੀਵੋ, ਬਹੁਤ ਖ਼ੁਸ਼ ਹੋਵੋ ਕਿਉਂਕਿ ਮਾਲ ਗ਼ਨੀਮਤ ਤੁਹਾਡੇ ਹੱਥ ਆਇਆ ਹੈ।

ਮੂਰਖ ਅੱਲਾ ਦਿੱਤਾ ਸ਼ਰਨੀ ਦੀਆਂ ਇਹ ਗੱਲਾਂ ਸੁਣ ਕੇ ਖ਼ੁਸ਼ੀ ਨਾਲ ਉਛਲ ਪਿਆ। ਉੱਤਰ ਦਿੱਤਾ, 'ਰਹੁ! ਆਰਾਮ ਨਾਲ ਰਹੁ! ਇਹ ਘਰ ਤੇਰਾ......ਜਿਥੇ ਜੀ ਕਰੇ, ਬਹੁ! ਸਾਰੇ ਡਰ ਦਿਲੋਂ ਦੂਰ ਕਰਦੇ। ਤੇਰੀ ਮਰਜ਼ੀ ਦੇ ਵਿਰੁੱਧ ਰਾਤ ਕੁਝ ਨਹੀਂ ਹੋਵੇਗਾ, ਆਹ! ਕੋਹ ਕਾਫ਼ ਦੀ ਰੂਹ ਹੁਸਨਬਾਨੋ! ਉਹੋ, ਜਿਸ ਬਦਲੇ ਸ਼ਾਹ ਬਹਿਰਾਮ ਪਾਗਲ ਹੋਇਆ ਦਿਸਦਾ ਸੀ। ਮੌਜ ਕਰ!

ਅੱਲਾ ਦਿੱਤਾ ਖਾਣ ਪੀਣ ਵਿਚ ਰੁਝ ਗਿਆ।

ਸ਼ਰਨੀ ਚੁਪ ਚਾਪ ਬੈਠੀ ਭਗਵਾਨ ਨੂੰ ਚੇਤ ਕਰਨ ਲੱਗੀ। ਉਸ ਨੂੰ ਇਕ ਭਗਵਾਨ ਦਾ ਹੀ ਆਸਰਾ ਸੀ।

੫.

ਰਾਤ ਦੀ ਉਮਰ ਵਡੇਰੀ ਹੋ ਗਈ। ਪਹਿਲਾ ਪਹਿਰ ਖ਼ਤਮ ਹੋ ਗਿਆ। ਅੱਲਾ ਦਿੱਤਾ ਖਾਣਾ ਖਾ ਬੈਠਾ। ਸ਼ਰਨੀ ਨੇ ਕੁਝ ਨਾ ਖਾਧਾ। ਉਸ ਨੂੰ ਲਾਡ, ਪਿਆਰ ਤੇ ਧਮਕੀਆਂ ਨਾਲ ਖਾਣਾ ਖਾਣ ਵਾਸਤੇ ਆਖਿਆ ਗਿਆ ਪਰ ਉਸ ਨੇ ਇਕ ਨਾ ਮੰਨੀ। ਅੱਲਾ ਦਿੱਤਾ ਨੂੰ ਪਤਾ ਨਹੀਂ ਕੀ ਸੁਝੀ, ਉਸ ਨੇ ਸ਼ਰਨੀ ਨੂੰ ਇਕ ਕਮਰੇ ਵਿਚ ਬੰਦ ਕਰ ਦਿੱਤਾ। ਕਮਰਾ ਵੀ ਐਸਾ ਸੀ, ਜਿਸ ਵਿਚੋਂ ਕੋਈ ਲੱਖ ਯਤਨ ਕਰਨ 'ਤੇ ਵੀ ਨਹੀਂ ਸੀ ਨਿਕਲ ਸਕਦਾ, ਉੱਚੀ ਛੱਤ ਸੀ, ਫ਼ਰਸ਼ ਪੱਕਾ ਸੀ, ਅੰਦਰ ਸਾਮਾਨ ਕੁਝ ਨਹੀਂ ਸੀ, ਦੋ ਕੁ ਸਫ਼ਾਂ ਪਈਆਂ ਹੋਈਆਂ ਸਨ। ਉਹ ਕਮਰਾ ਅਸਲ ਵਿਚ ਅੱਲਾ ਦਿੱਤੇ ਨੇ ਬੰਦੀਖਾਨਾ ਮਿਥਿਆ ਹੋਇਆ ਸੀ। ਆਪਣੇ ਦੁਸ਼ਮਣਾਂ ਨੂੰ ਉਥੇ ਰੱਖਦਾ ਤਾਂ ਕਿ ਆਪਣੀਆਂ ਅੱਖਾਂ ਦੇ ਸਾਹਮਣੇ ਦੁਸ਼ਮਣਾ ਨੂੰ ਭਿਆਨਕ ਤਸੀਹੇ ਦੇ ਕੇ ਮਰਵਾਵੇ। ਪਠਾਣ ਨੂੰ ਆਪਣੇ ਬਲ ਉੱਤੇ ਹੰਕਾਰ ਸੀ। ਸ਼ਰਨੀ ਨੂੰ ਡਰਾ ਕੇ ਨਰਮ ਕਰਨ ਬਦਲੇ ਅੱਲਾ ਦਿੱਤੇ ਨੇ ਉਸ ਨੂੰ ਅੱਡ ਬੰਦ ਕੀਤਾ।

ਸ਼ਰਨੀ ਲਈ ਚੰਗਾ ਹੋ ਗਿਆ—ਉਸ ਨੇ ਸੋਚਿਆ, ਰਾਤ ਲੰਘੇ ਦਿਨੇ ਜੋ ਬੀਤੇਗੀ, ਦੇਖੀ ਜਾਵੇਗੀ, ਸਫ਼ ਉੱਤੇ ਬੈਠ ਗਈ, ਹਨੇਰਾ ਘੁਪ ਸੀ। ਪਾਪੀਆਂ ਨੇ ਦੀਵੇ ਦੀ ਲੋਅ ਨਾ ਕੀਤੀ, ਹਨੇਰੇ ਵਿਚ ਉਸ ਨੂੰ ਆਪਣੇ ਆਪ ਵੀ ਨਹੀਂ ਸੀ ਦਿਸਦਾ।

ਸ਼ਰਨੀ ਦੀਆਂ ਅੱਖਾਂ ਹਨੇਰੇ ਵਿਚ ਬਿੱਲੀ ਵਾਂਗ ਚਮਕਦੀਆਂ ਸਨ,

ਪਰ ਉਹਨਾਂ ਅੱਖਾਂ ਨੂੰ ਅੱਗੋਂ ਨਜ਼ਰ ਕੁਝ ਨਹੀਂ ਸੀ ਆਉਂਦਾ। ਉਸ ਦੇ ਮਨ ਦੀਆਂ ਅੱਖਾਂ ਖੁੱਲ੍ਹੀਆਂ ਸਨ। ਕਲਪਨਾ ਸ਼ਕਤੀ ਤੇਜ਼ ਸੀ। ਉਸ ਦੇ ਜੀਵਨ ਵਿਚ ਉਹ ਪਹਿਲੀ ਰਾਤ ਸੀ, ਜਦੋਂ ਉਹ ਮਾਂ ਬਾਪ ਕੋਲੋਂ ਵਿਛੜੀ। ਇਸ ਤੋਂ ਪਹਿਲਾਂ ਉਹ ਜਵਾਨ ਹੋਣ ਤਕ ਇਕੱਲੀ ਨਹੀਂ ਸੀ ਸੌਂਦੀ। ਆਖਿਆ ਕਰਦੀ ਸੀ ਕਿ ਡਰ ਆਉਂਦਾ ਹੈ। ਉਹਦੀ ਮਾਂ ਵੀ ਪਲ ਭਰ ਵਸਾਹ ਨਹੀਂ ਸੀ ਕਰਦੀ। ਉਹ ਸੋਚਦੀ ਸੀ ਕਿ ਮਾਂ ਬਾਪ ਤਾਂ ਧੀ ਤੋਰ ਕੇ ਉਦਾਸ ਹੋਣਗੇ। ਆਖਦੇ ਹੋਣਗੇ ਕਿ ਉਹਨਾਂ ਦੀ ਧੀ ਸਹੁਰੇ ਘਰ ਗਈ ਹੈ। ਸ਼ਗਨ ਹੁੰਦੇ ਹੋਣਗੇ। ਪਾਣੀ ਵਾਰ ਕੇ ਪੀਤਾ ਗਿਆ ਹੋਵੇਗਾ.... ਖੁਸ਼ੀਆਂ ਦੇ ਗੀਤ ਗਾਏ ਜਾ ਰਹੇ ਹੋਣਗੇ, ਪਰ ਉਹ ਬੰਦੀਖਾਨੇ ਵਿਚ ਹੈ। ਜਾਨ ਤੇ ਇਜ਼ਤ ਦਾ ਪਲ ਪਲ ਖਤਰਾ ਹੈ, ਜਿਨ੍ਹਾਂ ਨਾਲ ਤੋਰੀ ਉਹ ਵੀ ਨਹੀਂ ਰਹੇ। ਕੌਣ ਕਿੱਧਰ ਗਿਆ? ਕੋਈ ਮਰਿਆ ਕਿ ਨਹੀਂ ? ਕੋਈ ਪਤਾ ਨਹੀਂ। ਕੋਈ ਸ਼ਾਇਦ ਆਵੇਗਾ ਕਿ ਨਹੀਂ। ਕਿਸੇ ਨੂੰ ਕੀ ਪਤਾ ਹੈ ਮੈਂ ਕਿਹੜਿਆਂ ਦੁਖੜਿਆਂ ਵਿਚ ਹਾਂ? ਆਖ਼ਰ ਤਾਂ ਬੇਗਾਨੀ ਧੀ ਹਾਂ..... ਉਹਨਾਂ ਦੀ ਕੀ ਲਗਦੀ ਹਾਂ, ਕਲ੍ਹ ਉਹ ਪੁੱਤਰ ਵੀ ਹੋਰਥੇ ਵਿਆਹ ਲੈਣਗੇ। ਉਹਨਾਂ ਦਾ ਘਰ ਵੱਸ ਪਵੇਗਾ ਪਰ ਮੇਰੀ ਮਾਂ.... ਮੇਰਾ ਬਾਪ ਜਦੋਂ ਸੁਣੇਗਾ ਕਿ ਡਾਕੂ ਉਹਨਾਂ ਦੀ ਧੀ ਨੂੰ ਖੋਹ ਕੇ ਲੈ ਗਏ ਨੇ ਤਾਂ ਕੀ ਜੀਉਂਦੇ ਰਹਿਣਗੇ? ਮਾਂ ਗੋਤੇ ਖਾ ਖਾ ਕੇ ਮਰ ਨਾ ਜਾਵੇਗੀ? ਪਾਗ਼ਲ ਹੋ ਕੇ ਸ਼ਰਨੀ ਸ਼ਰਨੀ ਪੁਕਾਰਦੀ ਫਿਰੇਗੀ। ਆਹ! ਦੀਦਾਰ ਨਹੀਂ ਹੋਣਗੇ ਮਾਤਾ ਪਿਤਾ ਦੇ।

ਸ਼ਰਨੀ ਨੂੰ ਨਾ ਨੀਂਦ ਆਉਣੀ ਸੀ ਤੇ ਨਾ ਆਈ। ਉਹ ਜਾਗਦੀ ਹੀ ਰਹੀ। ਉਹ ਪੜ੍ਹੀ ਲਿਖੀ ਨਹੀਂ ਸੀ, ਗੁਰਮੁਖੀ ਦੇ ਅੱਖਰ ਵੀ ਨਹੀਂ ਸੀ ਸਿਖੀ, ਪਰ ਇੰਨਾ ਜਾਣਦੀ ਸੀ, ਹਿੰਦੂਆਂ ਦੀ ਭਾਵਨਾ ਹੈ ਕ੍ਰਿਸ਼ਨ, ਰਾਮ ਤੇ ਸੀਤਾ, ਹਨੂੰਮਾਨ, ਭੈਰੋਂ ਜਤੀ ਵਿਸ਼ਨੂੰ, ਬ੍ਰਹਮਾ ਉਨ੍ਹਾਂ ਅੱਗੇ ਅਰਦਾਸ ਕਰੀਏ ਤਾਂ ਉਹ ਬੰਧਨ ਕੱਟ ਦੇਂਦੇ ਨੇ। ਹਨੇਰੇ ਵਿਚ ਹੀ ਉਸਨੇ ਹੱਥ ਜੋੜੇ।

ਮਾਸੂਮ ਆਤਮਾ ਨੇ ਦੇਵਤਿਆਂ ਅੱਗੇ ਜੋਦੜੀ ਕਰਨੀ ਸ਼ੁਰੂ ਕੀਤੀ, 'ਹੇ ਭਗਵਾਨ! ਮੈਨੂੰ ਕਿਹੜੇ ਦੁਖਾਂ ਵਿਚ ਸੁੱਟ ਦਿੱਤਾ ਈ। ਮੈਨੂੰ ਜ਼ਾਲਮਾਂ ਦੇ ਵੱਸ ਪਾ ਦਿੱਤਾ, ਹੇ ਕ੍ਰਿਸ਼ਨ ਜੀ! ਆਖਦੇ ਨੇ ਦਰੋਪਤੀ ਦਾ ਨੰਗੇਜ ਕੱਜਿਆ ਸੀ। ਅੱਜ ਮੇਰੀ ਭੀ ਸਹਾਇਤਾ ਕਰੋ। ਮੇਰਾ ਧਰਮ ਲੁੱਟਣ ਵਾਸਤੇ ਮੈਨੂੰ ਤਸੀਹੇ ਦਿੱਤੇ ਜਾ ਰਹੇ ਹਨ। ਹੇ ਰਾਮ! ਹੇ ਭਗਵਾਨ! ਹੇ ਭੈਰੋਂ ਜਤੀ! ਹੇ ਹਨੂੰਮਾਨ! ਆਓ ਦੇਵੀ ਦੇਵਤਿਓ! ਮੇਰੀ ਸਹਾਇਤਾ ਕਰੋ! ਮੈਨੂੰ ਮੇਰੇ ਮਾਪਿਆਂ ਕੋਲ ਲੈ ਚਲੋ। ਇਹ ਪੱਥਰ ਦੀਆਂ ਕੰਧਾਂ ਪਾੜ ਦਿਓ।....... ਇਹਨਾਂ ਜ਼ਾਲਮਾਂ ਦੀਆਂ ਹਵੇਲੀਆਂ ਢਾਹ ਸੁਟੋ! ਇਹ ਜਰਵਾਣੇ ਸੁੱਤੇ ਨਾ ਉਠਣ। ਇਹ ਕੁਝ ਨਾ ਹੋ ਸਕੇ ਤਾਂ ਮੈਂ ਸੁਤੀ ਨਾ ਉਠਾਂ। ਧਰਤੀ ਪਾਟ ਜਾਵੇ ਮੈਂ ਚਾਹੁੰਦੀ ਹਾਂ, ਸੂਰਜ ਚੜ੍ਹਨ ਵੇਲੇ ਕੋਈ ਮੁਸਲਮਾਨ ਮੇਰੇ ਮੱਥੇ ਨਾ ਲੱਗੇ।

ਇਸ ਦੇ ਪਿੱਛੋਂ 'ਰਾਮ ਰਾਮ! ਸ੍ਰੀ ਰਾਮ! ਹਰੇ ਰਾਮ!' ਦਾ ਜਾਪ ਕਰਨ ਲਗ ਪਈ। ਹਨੇਰੀ ਕੋਠੜੀ ਵਿਚ ਜਾਪ ਦੀ ਗੂੰਜ ਆਉਣ ਲੱਗ ਪਈ। ਉਸਦੇ ਡੋਲਦੇ ਦਿਲ ਨੂੰ ਸਹਾਰਾ ਮਿਲਿਆ। ਉਹਦਾ ਬੈਠ ਰਿਹਾ ਦਿਲ ਉਤਸ਼ਾਹੀ ਹੋਇਆ। ਮਿੱਟੀ ਹੋ ਰਹੇ ਸਰੀਰ ਵਿਚ ਲਹੂ ਚੱਕਰ ਕੱਟਣ ਲੱਗਾ। ਉਹਦੀਆਂ ਅੱਖਾਂ ਦੇ ਅੱਥਰੂ ਸੁੱਕ ਗਏ।

ਇਉਂ ਸੋਚਦੀ ਤੇ ਅਰਦਾਸਾਂ ਕਰਦੀ ਨੂੰ ਦੋ ਢਾਈ ਘੰਟੇ ਬੀਤ ਗਏ। ਰਾਤ ਨਾ ਮੁੱਕ ਸਕੀ। "ਅੱਜ ਰਾਤ ਕਿੰਨੀ ਲੰਮੇਰੀ ਹੋ ਗਈ ਹੈ। ਚੰਗਾ ਹੈ ਛੇ ਮਹੀਨੇ ਦੀ ਰਾਤ ਹੋ ਜਾਵੇ।" ਸ਼ਰਨੀ ਦੇ ਮਨ ਦੀ ਹਵਾੜ ਸੀ।

ਅਜੇ ਸਫ਼ ਉਤੇ ਬੈਠੀ ਹੀ ਸੀ ਕਿ ਉਸਦੇ ਕਮਰੇ ਦਾ ਬੂਹਾ ਖੁਲ੍ਹਿਆ। ਭਾਰੀ ਦਰਵਾਜ਼ੇ ਖੁਲ੍ਹਣ ਤੇ ਚੀਕੇ। ਨਾਲ ਹੀ ਰੋਸ਼ਨੀ ਹੋਈ। ਮਸਾਲ ਦੀ ਰੋਸ਼ਨੀ ਸੀ। ਇਕ ਲੌਂਡੀ (ਦਾਸੀ) ਨੂੰ ਮਸਾਲ ਫੜਾ ਕੇ ਅੱਲਾ ਦਿੱਤਾ ਸ਼ਰਨੀ ਦੇ ਕਮਰੇ ਵਿਚ ਆਇਆ। ਉਸਨੂੰ ਵੀ ਨੀਂਦ ਨਹੀਂ ਸੀ ਪੈਂਦੀ। ਸ਼ਰਨੀ ਦੀ ਜੁਆਨੀ, ਸੁੰਦਰਤਾ ਤੇ ਕਵਾਰਾਪਨ ਉਸਨੂੰ ਬੇਚੈਨ ਕਰੀ ਜਾਂਦਾ

ਸੀ। ਉਹ ਹਲਕੇ ਕੁੱਤੇ ਵਾਂਗ ਤੜਪ ਰਿਹਾ ਸੀ। ਉਸ ਦੀਆਂ ਵਹਿਸ਼ੀ ਤੇ ਕਾਮੀ ਵਾਸ਼ਨਾਵਾਂ ਜਾਗ ਪਈਆਂ ਸਨ। ਸਵੇਰੇ ਨਿਕਾਹ ਕਰਾਕੇ ਸ਼ਰਨੀ ਨਾਲ ਕੋਈ ਗੱਲ ਕਰਨੀ....ਇਹ ਬਹੁਤ ਦੂਰ ਦੀ ਗੱਲ ਉਸਨੂੰ ਪ੍ਰਤੀਤ ਹੁੰਦੀ ਸੀ। ਉਹ ਭੁੱਖਾ ਸੀ। ਉਸ ਵੇਲੇ ਹੀ ਖ਼ੁਰਾਕ ਨੂੰ ਮੂੰਹ ਪਾ ਲੈਣਾ ਚਾਹੁੰਦਾ ਸੀ। ਲੌਂਡੀ ਮਸਾਲ ਨੂੰ ਫੜ ਕੇ ਬੂਹੇ ਵਿਚ ਖਲੋ ਗਈ, ਵਹਿਸ਼ੀ ਪਸ਼ੂਆਂ ਨੂੰ ਕਿਸੇ ਦੀ ਸ਼ਰਮ ਨਹੀਂ ਹੁੰਦੀ। ਮੁਸਲਮਾਨ ਨਵਾਬ ਤੇ ਸਰਦਾਰ ਲੌਂਡੀਆਂ ਕੋਲੋਂ ਤਾਂ ਅਸਲੋਂ ਹੀ ਸ਼ਰਮ ਨਹੀਂ ਸਨ ਕਰਦੇ। ਲੌਂਡੀਆਂ ਬੇਸ਼ਰਮੀ ਦੀਆਂ ਜੜਾਂ ਹੁੰਦੀਆਂ ਸਨ।

'ਓ ਹੁਸਨ ਦੀਏ ਪਰੀਏ! ਨਾ ਤੜਪਾ! ਨਾ ਜ਼ਿੰਦਗੀ ਭੰਗ ਦੇ ਭਾੜੇ ਗਵਾ! ਆ ਮੇਰੇ ਗਲ ਨਾਲ ਲੱਗ ਤੇ ਸੁੱਖਾਂ ਦੀ ਪੀਂਘ ਝੂਟ। ਜਦੋਂ ਦੀ ਆਈ ਏਂ ਮੇਰੇ ਸਾਰੇ ਸੁਖ ਕਾਫੂਰ ਕਰ ਦਿੱਤੇ ਈ। ਹੁਸਨ ਦੀਆਂ ਪਰੀਆਂ ਮੈਨੂੰ ਭੁੱਲ ਗਈਆਂ ਨੇ। ਮੈਂ ਤੈਨੂੰ ਫਿਰ ਮਨਾਉਣ ਵਾਸਤੇ ਆਇਆ ਹਾਂ। ਤੇਰੇ 'ਤੇ ਮੈਨੂੰ ਤਰਸ ਆਉਂਦਾ ਹੈ। ਇਸ ਦੋਜ਼ਕੀ ਬੰਦੀਖਾਨੇ ਵਿਚ ਤੈਨੂੰ ਬੰਦ ਰਖਣਾ ਨਹੀਂ ਚਾਹੁੰਦਾ। ਉਠ! ਮਖ਼ਮਲੀ ਸੇਜ ਵਿਛੀ ਹੈ। ਮਾਪਿਆਂ ਨੇ ਤੈਨੂੰ ਤੋਰ ਦਿੱਤਾ। ਆਖ਼ਰ ਕਿਸੇ ਦੀ ਤੂੰ ਹੋਣਾ ਸੀ। ਕਿਸੇ ਦੀ ਤਾਂ ਸੇਜ ਚੜ੍ਹ ਕੇ ਬੈਠਣਾ ਸੀ। ਆ ਮੇਰੀ ਸੇਜ ਨੂੰ ਭਾਗ ਲਾ!'

ਸ਼ਰਨੀ ਦੇ ਲਾਗੇ ਜਾ ਕੇ ਇਉਂ ਅੱਲਾ ਦਿੱਤਾ ਬੋਲਦਾ ਰਿਹਾ। ਸ਼ਰਨੀ ਨਹੀਂ ਬੋਲੀ। ਉਸ ਨੇ ਸਿਰ ਨਹੀਂ ਚੁਕਿਆ, ਜ਼ਬਾਨੋਂ 'ਸ੍ਰੀ ਰਾਮ ਸ੍ਰੀ ਰਾਮ ਬੋਲੀ ਗਈ। ਉਸ ਨੇ ਤਨ ਨੂੰ ਵੀ ਨਹੀਂ ਹਿਲਾਇਆ ਜਿਵੇਂ ਕਿ ਉਸ ਨੂੰ ਅੱਲਾ ਦਿੱਤੇ ਦੇ ਆਉਣ ਦਾ ਪਤਾ ਨਹੀਂ ਲੱਗਾ। ਅੱਲਾ ਦਿੱਤਾ ਫਿਰ ਬੋਲਿਆ-'ਸੁਣਦੀ ਨਹੀਂ? ਮੈਂ ਤੈਨੂੰ ਲੈਣ ਆਇਆ ਹਾਂ ਉਠ!' ਇਹ ਆਖ ਕੇ ਅੱਲਾ ਦਿੱਤੇ ਨੇ ਸ਼ਰਨੀ ਦੀ ਬਾਂਹ ਫੜ ਲਈ।

ਬਾਂਹ ਫੜਨ ਦੀ ਦੇਰ ਸੀ ਸ਼ੇਰ ਵਾਂਗ ਗਰਜ ਕੇ ਉਛਲੀ ਤੇ ਬਾਂਹ ਨੂੰ ਛੁਡਾ ਲਿਆ। ਰਤਾ ਦੂਰ ਹੋ ਕੇ ਗਰਜੀ, "ਬੁੱਢੇ ਕੁੱਤੇ! ਇਸ ਅੰਦਰੋਂ

ਚਲਿਆ ਜਾਹ! ਮੈ ਤੇਰੀ ਬੇਟੀ ਹਾਂ, ਬੇਟੀ ਨੂੰ ਬਾਪ ਸੇਜ ਉੱਤੇ ਬਿਠਾਉਂਦਾ ਸੋਹਣਾ ਨਹੀਂ ਲਗਦਾ। ਸੂਅਰ ! ਖ਼ੁਦਾ ਨੂੰ ਚੇਤੇ ਰੱਖ। ਉਹ ਜਾਗਦਾ ਹੈ, ਤੇਰੇ ਸਾਰੇ ਕੁਕਰਮਾਂ ਨੂੰ ਦੇਖਦਾ ਹੈ। ਪਰਾਈ ਧੀ ਨਾਲ ਧੱਕਾ ਕਰਨਾ ਸ਼ੈਤਾਨੀ ਕਰਮ ਹੈ। ਮੇਰੀਆ ਅੱਖਾਂ ਅੱਗੋਂ ਦੂਰ ਹੋ ਜਾ। ਮੈ ਹੋਣੀ ਹਾਂ! ਮੌਤ ਹਾਂ ਤੈਨੂੰ ਕੱਚੇ ਨੂੰ ਖਾ ਜਾਵਾਂਗੀ।"

'ਓ ਕਾਫ਼ਰ ਦੀ ਬੇਟੀ! ਤੇਰਾ ਏਨਾ ਹੌਂਸਲਾ! ਮੈਨੂੰ ਕੁੱਤਾ ਆਖਿਆ! ਮੈਨੂੰ ਸੂਅਰ ਆਖਿਆ! ਮੈਂ ਤੇਰਾ ਸਤਿਕਾਰ ਕਰਾਂ! ਤੂੰ ਸਿਰ ਦੇ ਵਾਲਾਂ ਨੂੰ ਪਵੇਂ! ਕੀ ਤੇਰੀ ਮਰਜ਼ੀ ਚੰਮੜੀ ਲੁਹਾਣ ਦੀ ਹੈ? ਮੈਂ ਕੋਹ ਕੋਹ ਕੇ ਮਾਰ ਸੁਟਾਂਗਾ! ਮੇਰੇ ਘਰ! ਮੇਰਾ ਅਪਮਾਨ!'

"ਤੇਰੀ ਮਰਜ਼ੀ ਮਰਨ ਦੀ ਹੈ।"

"ਤਲਵਾਰ ਨਾਲ ਮਾਰਨ ਦੀ ਥਾਂ ਤੈਨੂੰ ਦੰਦੀਆਂ ਨਾਲ ਖਾ ਜਾਣਾ ਹੈ ! ਤੇਰੇ ਕੁਆਰ ਨੂੰ ..... ਤੇਰੇ ਧਰਮ ਨੂੰ ਖਤਮ ਕਰਾਂਗਾ.... ਤੂੰ।"

ਗੱਲ ਅਧੂਰੀ ਛੱਡ ਕੇ ਹੀ ਉਹ ਕੁਦ ਕੇ ਸ਼ਰਨੀ ਦੇ ਗਲ ਜਾ ਪਿਆ। ਸ਼ਰਨੀ ਜੁਆਨ ਸੀ, ਬਲਵਾਨ ਸੀ, ਦਿਲ ਨਹੀਂ ਸੀ ਛੱਡਿਆ। ਕਬੂਤਰੀ ਵਾਂਗ ਅੱਖਾਂ ਨਹੀਂ ਸੀ ਮੀਟੀਆਂ, ਸਗੋਂ ਹੌਂਸਲੇ ਨਾਲ ਦੋਹਾਂ ਹੱਥਾਂ ਨਾਲ ਅੱਲਾ ਦਿੱਤੇ ਦੇ ਹੱਥ ਰੋਕੇ, ਲੱਤਾਂ ਮਾਰੀਆਂ! ਅੱਲਾ ਦਿੱਤੇ ਨੂੰ ਆਪਣੇ ਗਲ ਨਾ ਚੰਮੜਨ ਦਿੱਤਾ। ਉਹ ਸ਼ਰਾਬੀ ਤੇ ਕ੍ਰੋਧੀ ਸੀ। ਗੁੱਸੇ ਨਾਲ ਗਰਮ ਹੋ ਗਿਆ ਪਰ ਲੱਤਾਂ ਉਸ ਦਾ ਸਾਥ ਨਹੀਂ ਸਨ ਦੇ ਰਹੀਆਂ। ਸ਼ਰਨੀ ਤੇ ਅੱਲਾ ਦਿੱਤਾ ਘੁਲ ਪਏ। ਸ਼ਰਨੀ ਆਪਣਾ ਧਰਮ ਬਚਾਉਣ ਦਾ ਯਤਨ ਕਰ ਰਹੀ ਸੀ ਤੇ ਅੱਲਾ ਦਿੱਤਾ ਉਸਦਾ ਧਰਮ ਲੁੱਟਣਾ ਚਾਹੁੰਦਾ ਸੀ। ਧਰਮ ਅਧਰਮ ਦੀ ਲੜਾਈ ਸੀ। ਆਖ਼ਰ ਧਰਮ ਤੇ ਸੱਚ ਦੀ ਫ਼ਤਹਿ ਹੋਈ। ਸ਼ਰਨੀ ਨੇ ਐਸਾ ਜ਼ੋਰ ਦੀ ਧੱਕਾ ਮਾਰਿਆ ਕਿ ਅੱਲਾ ਦਿੱਤੇ ਦੇ ਪੈਰ ਉਖੜ ਗਏ। ਉਹ ਪਿੱਠ ਭਾਰ ਡਿਗ ਪਿਆ। ਅੱਲਾ ਦਿੱਤੇ ਦੇ ਉਠਣ ਤੋਂ ਪਹਿਲਾਂ ਸ਼ੇਰਨੀ ਦੀ ਤਰ੍ਹਾਂ ਕੁਦ ਕੇ ਸ਼ਰਨੀ ਨੇ ਲੌਂਡੀ ਨੀਰੀ ਦੇ ਹੱਥੋਂ

ਮਸਾਲ ਖੋਹ ਕੇ ਧਰਤੀ 'ਤੇ ਸੁੱਟ ਦਿਤੀ। ਮਸਾਲ ਨੂੰ ਪੈਰਾਂ ਨਾਲ ਮਲ ਕੇ ਬੁਝਾ ਦਿੱਤਾ। ਮਸ਼ਾਲ ਦੇ ਬੁਝਣ 'ਤੇ ਘੁੱਪ ਹਨੇਰਾ ਹੋ ਗਿਆ। ਉਸ ਹਨੇਰੇ ਵਿਚ ਸ਼ਰਨੀ ਗੁਆਚ ਕੇ ਉਸ ਕਮਰੇ ਵਿਚੋਂ ਬਾਹਰ ਨਿਕਲ ਗਈ।

ਅੱਲਾ ਦਿੱਤੇ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਹਨੇਰੇ ਵਿਚ ਹੱਥ ਪੈਰ ਮਾਰ ਕੇ ਉਠਿਆ। ਚਾਰ ਕੁ ਕਦਮ ਅੱਗੇ ਹੋਇਆ ਤਾਂ ਅੱਗੇ ਲੌਂਡੀ ਨਾਲ ਟੱਕਰ ਵੱਜ ਗਈ। ਮੁੜ ਦੋਵੇਂ ਡਿਗ ਪਏ। ਅੱਲਾ ਦਿੱਤੇ ਨੇ ਸਮਝਿਆ ਸ਼ਾਇਦ ਸ਼ਰਨੀ ਹੈ। ਉਹ ਉਸ ਨੂੰ ਘੁਟ ਕੇ ਕਹਿਣ ਲੱਗਾ- 'ਹੁਣ ਤੂੰ ਮੇਰੇ ਪੰਜੇ ਵਿਚੋਂ ਨਹੀਂ ਨਿਕਲ ਸਕਦੀ।'

'ਮੈਂ ਨੀਰੀ ਹਾਂ,' ਲੌਂਡੀ ਨੇ ਉੱਤਰ ਦਿੱਤਾ।

'ਉਹ ਕਿਥੇ?' ਛੇਤੀ ਉਠ ਮਸਾਲ ਬਾਲ, ਮੇਰਾ ਚਾਬਕ ਲਿਆ। ਮੈਂ ਉਸਦੀ ਹੱਡੀ ਪਸਲੀ ਤੋੜ ਸੁੱਟਾਂਗਾ। ਮੈਂ ਉਸਨੂੰ ਜੀਉਂਦੀ ਨਹੀਂ ਛੱਡਾਂਗਾ.....ਉਠ ਛੇਤੀ ਕਰ! ਅੱਲਾ ਦਿੱਤਾ ਨੀਰੀ ਨੂੰ ਆਖੀ ਗਿਆ।

ਲੌਂਡੀ ਨੀਰੀ ਉਠੀ, ਸੰਭਲੀ ਤੇ ਦੂਸਰੇ ਕਮਰੇ ਵਿਚੋਂ ਮਸਾਲ ਨੂੰ ਬਾਲ ਕੇ ਲੈ ਆਈ। ਹਨੇਰੇ ਦੀ ਥਾਂ ਮੁੜ ਕੇ ਚਾਨਣ ਹੋ ਗਿਆ। ਨੀਰੀ ਨੇ ਇਕ ਚਾਬਕ ਵੀ ਆਪਣੇ ਮਾਲਕ ਅੱਲਾ ਦਿੱਤੇ ਨੂੰ ਲਿਆ ਦਿੱਤਾ। ਚਾਬਕ ਨੂੰ ਹੱਥ ਵਿਚ ਫੜੀ ਅੱਲਾ ਦਿੱਤਾ ਭੁੱਖੇ ਤੇ ਪਾਗਲ ਕੁੱਤੇ ਦੀ ਤਰ੍ਹਾਂ ਸ਼ਰਨੀ ਦੀ ਭਾਲ ਕਰਨ ਲੱਗਾ। ਹੇਠਲੀ ਛੱਤ ਤੇ ਸਾਰੇ ਕਮਰੇ ਦੇਖੇ, ਆਲੇ ਦੁਆਲੇ ਦੇਖਿਆ, ਪਰ ਸ਼ਰਨੀ ਦਾ ਪਤਾ ਨਾ ਲੱਗਾ। ਉਹ ਹੈਰਾਨ ਸੀ ਕਿ ਕਿਧਰ ਉਡ ਗਈ। ਹਵੇਲੀ ਦੀਆਂ ਉਪਰਲੀਆਂ ਛੱਤਾਂ ਦੇਖਣ ਵਾਸਤੇ ਪਉੜੀਆਂ ਚੜ੍ਹ ਕੇ ਅਜੇ ਕੋਠੇ ਉਤੇ ਪੈਰ ਰਖਿਆ ਹੀ ਸੀ ਕਿ ਘੋੜਿਆਂ ਦੀਆਂ ਟਾਪਾਂ ਦਾ ਖੜਾਕ ਸੁਣਾਈ ਦਿੱਤਾ—ਘੋੜੇ ਵੀ ਬਹੁਤੇ। ਉਹ ਬਾਜ਼ਾਰ ਵਿਚਦੀ ਹਵੇਲੀ ਨੂੰ ਆ ਰਹੇ ਸਨ ਉਸ ਨੇ ਖਲੋ ਕੇ ਵੇੜ ਲਈ। ਸੁੰਬਾਂ ਦੀ ਟਪ ਟਪ! ਟਪ ਟਪ! ਨੇੜੇ ਆ ਗਈ। ਉਸਨੂੰ ਸ਼ਰਨੀ ਦੀ ਭਾਲ ਭੁੱਲ ਗਈ, ਆਪਣੀ ਜਾਨ ਦਾ ਫ਼ਿਕਰ ਪੈ ਗਿਆ। ਉਸ ਦੇ

ਕੰਨਾਂ ਨੇ ਸੁਣਿਆ, ਏਹੋ ਸਾਹਮਣੀ ਹਵੇਲੀ ਜੇ। ਇਸਨੂੰ ਘੇਰ ਲਵੋ, ਦਰਵਾਜ਼ੇ ਤੋੜ ਦਿਓ! ਅੱਲਾ ਦਿੱਤੇ ਨੂੰ ਜੀਉਂਦਿਆਂ ਫੜਨਾ ਜੇ। ਸ਼ਾਬਾਸ਼! ਜੁਆਨੋਂ ਸ਼ਾਬਾਸ਼!

'ਹੈਂ! ਮੇਰੇ ਦੁਸ਼ਮਨ! ਕੌਣ! ਕਾਫਰ ਹੀ ਨਾ ਆ ਗਏ ਹੋਣ! ਪਰ ਕਿੱਥੋਂ ? ਇਉਂ ਸੋਚਦਾ ਉਹ ਹੇਠਾਂ ਉਤਰ ਗਿਆ। ਉਸ ਦੀ ਨੌਬਤ ਖ਼ਤਰੇ ਦਾ ਅਲਾਰਮ ਸੀ। ਹਵੇਲੀ ਦੇ ਸਾਰੇ ਵਸਨੀਕ ਜਾਗ ਪਏ। ਜਿਸ ਕੋਲ ਜੋ ਹਥਿਆਰ ਸੀ ਉਨ੍ਹਾਂ ਨੂੰ ਫੜ ਕੇ ਖ਼ਤਰੇ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਹੋ ਕੇ ਚੌੜੇ ਚੱਕਰ ਵਿਚ ਆਣ ਇਕੱਠੇ ਹੋਏ। ਰੌਲਾ ਪੈ ਗਿਆ, ਦਰਵਾਜ਼ੇ ਟੁਟਣੇ ਸ਼ੁਰੂ ਹੋ ਗਏ। ਫੜ ਲਵੋ, ਮਾਰ ਦੇਵੋ! .....ਦੁਸ਼ਮਨ ਆ ਗਿਆ ਦੀਆਂ ਆਵਾਜ਼ਾਂ ਨੇ ਪਹਾੜ ਦੀ ਚੁੱਪ ਨੂੰ ਤੋੜ ਦਿੱਤਾ। ਪਿੰਡ ਵਾਲੇ ਜਾਗ ਪਏ। ਊਈ ਮੈਂ ਮਰ ਗਿਆ। ਥੋੜ੍ਹੇ ਜਿਹੇ ਗੱਭਰੂ ਲੜਨ ਨੂੰ ਤਿਆਰ ਹੋਏ, ਦੂਸਰੇ ਕੋਈ ਅੰਦਰੀਂ ਵੜ ਰਹੇ ਤੇ ਕੁਝ ਪਿੰਡ ਛੱਡ ਕੇ ਤੁਰ ਗਏ। ਜੋ ਲੜਨ ਵਾਸਤੇ ਆਏ ਉਹ ਸਿੰਘਾਂ ਦੀ ਮਾਰ ਨਾ ਝਲ ਸਕੇ ਕੁਝ ਮਰ ਗਏ, ਕੁਝ ਫੱਟੜ ਹੋ ਕੇ ਜਿਧਰੋਂ ਆਏ ਸੀ ਓਧਰੇ ਹੀ ਮੁੜ ਗਏ।

ਹਵੇਲੀ ਦਾ ਦਰਵਾਜ਼ਾ ਟੁੱਟ ਗਿਆ। ਅੱਲਾ ਦਿੱਤੇ ਨੂੰ ਇਸ ਦਰਵਾਜ਼ੇ ਉੱਤੇ ਬੜਾ ਮਾਣ ਸੀ। ਉਹ ਆਖਿਆ ਕਰਦਾ ਸੀ ਕਿ ਹਵੇਲੀ ਦੀਆਂ ਕੰਧਾਂ ਭਾਵੇਂ ਟੁੱਟ ਜਾਣ ਪਰ ਦਰਵਾਜ਼ਾ ਦੁਸ਼ਮਨ ਕੋਲੋਂ ਨਹੀਂ ਟੁੱਟ ਸਕਦਾ। ਗੁਰੂ ਗੋਬਿੰਦ ਸਿੰਘ ਦੇ ਖਾਲਸੇ ਦੀ ਮਾਰ ਉਹ ਲੱਕੜੀ ਤੇ ਲੋਹੇ ਦਾ ਦਰਵਾਜ਼ਾ ਨਾ ਸਹਿ ਸਕਿਆ; ਚੂਲਾਂ ਟੁੱਟ ਗਈਆਂ! ਫੱਟੇ ਦੜ ਕਰਕੇ ਕੰਧ ਵਾਂਗ ਧਰਤੀ ਉੱਤੇ ਡਿਗ ਪਏ। ਕ੍ਰਿਪਾਨਾਂ ਸੂਤ ਕੇ ਸਿੰਘ ਅੱਗੇ ਵੱਧੇ। ਅੱਲਾ ਦਿੱਤੇ ਦੇ ਆਦਮੀ ਮੁਕਾਬਲਾ ਕਰਨ ਦੀ ਥਾਂ ਸਭ ਲੁਕ ਗਏ। ਸਿੰਘਾਂ ਨੇ ਪਟਿਆਂ ਤੋਂ ਫੜ ਕੇ ਅਤੇ ਧੂਹ ਧੂਹ ਕੇ ਬਾਹਰ ਕੱਢੇ। ਅੱਲਾ ਦਿੱਤਾ ਵੀ ਜ਼ਨਾਨੇ ਕਮਰਿਆਂ ਵਿਚੋਂ ਸਿੰਘਾਂ ਦੇ ਕਾਬੂਆ ਗਿਆ। ਦਸ ਕੁ ਮਿੰਟ ਉਸ ਨੇ ਆਪਣੀ ਤਲਵਾਰ ਵਾਹੀ। ਪਰ ਇਕੱਲਾ ਕੀ ਕਰ

ਸਕਦਾ ਸੀ। ਤਲਵਾਰ ਟੁੱਟ ਗਈ। ਜਾਨ ਬਚਾਉਣ ਖ਼ਾਤਰ ਹੱਥ ਜੋੜ ਖਲੋਤਾ। ਸਿੰਘਾਂ ਨੇ ਫੜ ਕੇ ਸਰਦਾਰ ਦੇ ਪੇਸ਼ ਲਿਆ ਕੀਤਾ।

"ਕਿਉਂ ਚੌਧਰੀ ਜੀ! ਉਹ ਹਿੰਦੂ ਕੰਨਿਆਂ ਕਿਥੇ ਹੈ?" ਸਿੱਖ ਸਰਦਾਰ ਪਹਾੜਾ ਸਿੰਘ ਨੇ ਪੁਛਿਆ, "ਉਹ ਆਦਮੀ ਕਿਹੜੇ ਹਨ, ਜਿਨ੍ਹਾਂ ਨੇ ਬਾਰਾਤ ਲੁੱਟੀ ਸੀ।"

" ਦੋਵੇਂ ਔਰਤਾਂ ਅੰਦਰ ਹਨ, ਮੇਰੀਆਂ ਬੇਗਮਾਂ ਕੋਲ!" ਅੱਲਾ ਦਿੱਤੇ ਨੇ ਉੱਤਰ ਦਿੱਤਾ। "ਆਦਮੀਆਂ ਦਾ ਕੋਈ ਪਤਾ ਨਹੀਂ ਆਪ ਦੇ ਕਾਬੂ ਆਏ ਜਾਂ ਨੱਸ ਗਏ।"

"ਜਾਓ ਅੰਦਰੋਂ ਹਿੰਦੂ ਦੇਵੀਆਂ ਨੂੰ ਬਾਹਰ ਲਿਆਓ। ਇਸ ਦੀਆਂ ਬੇਗਮਾਂ ਨੂੰ ਕੁਝ ਨਹੀਂ ਕਹਿਣਾ ਕਿਉਂਕਿ ਸਿੰਘ ਦਾ ਧਰਮ ਨਹੀਂ ਕਿਸੇ ਦੀ ਬਹੂ ਬੇਟੀ ਉੱਤੇ ਹੱਥ ਚੁੱਕੇ ਜਾਂ ਉਸ ਦਾ ਨਿਰਾਦਰ ਕਰੇ।"

ਪਹਾੜਾ ਸਿੰਘ ਨੇ ਫ਼ੌਜੀ ਸਿੰਘਾਂ ਨੂੰ ਹੁਕਮ ਦਿੱਤਾ। ਚਾਰ ਸਿੰਘ ਅੱਗੇ ਵਧੇ ਤੇ ਹਵੇਲੀ ਦੇ ਸਾਰੇ ਕਮਰੇ ਦੇਖ ਕੇ ਸ਼ਰਨੀ ਤੇ ਵੀਰੋ ਨੂੰ ਲੱਭ ਕੇ ਲੈ ਆਏ।

ਵੀਰੋ ਦੀ ਬਹੁਤ ਮੰਦੀ ਦਸ਼ਾ ਸੀ, ਉਸ ਦੇ ਉਦਾਲੇ ਦੇ ਲੀੜੇ ਲੀਰਾਂ ਲੀਰਾਂ ਹੋਏ ਸਨ। ਗਲ੍ਹਾਂ ਉੱਤੇ ਚੀਰ ਆਏ ਹੋਏ ਸਨ। ਨੱਕ ਦਾ ਲਹੂ ਬੰਦ ਨਹੀਂ ਸੀ ਹੁੰਦਾ। ਮਸਾਲ ਦੇ ਚਾਨਣ ਵਿਚ ਉਹਦਾ ਚਿਹਰਾ ਦੇਖ ਕੇ ਪਹਾੜਾ ਸਿੰਘ ਨੇ ਪੁਛਿਆ....."ਭੈਣ! ਤੇਰੇ ਨਾਲ ਕੀ ਵਾਪਰੀ? ਕੋਈ ਖ਼ਾਸ ਧੱਕਾ ਤਾਂ ਨਹੀਂ ਹੋਇਆ?"

"ਮਹਾਰਾਜ! ਮੇਰਾ ਰਿਹਾ ਕੱਖ ਨਹੀਂ, ਮੈਨੂੰ ਕੁਹਿਆ ਗਿਆ, ਮੇਰੇ ਨਾਲ ਧੱਕਾ ਕੀਤਾ ਗਿਆ। ਤਿੰਨ ਪਠਾਣਾਂ ਨੇ ਮੇਰੇ ਨਾਲ ਮੂੰਹ ਕਾਲਾ ਕੀਤਾ ਹੈ।" ਰੋਂਦੀ ਹੋਈ ਵੀਰੋ ਨੇ ਦੱਸਿਆ।

"ਹੱਛਾ! ਐਨਾ ਜ਼ੁਲਮ? ਸ: ਹਰੀ ਸਿੰਘ ਜੀ ਨਲੂਆ ਦੇ ਹੁੰਦਿਆਂ, ਹਿੰਦੂ ਦੇਵੀਆਂ 'ਤੇ ਜ਼ੁਲਮ! ਉਹ ਕਿਹੜੇ ਬੰਦੇ ਨੇ, ਪਛਾਣ ਸਕਦੀ ਹੈਂ?"

ਪਹਾੜਾ ਸਿੰਘ ਕ੍ਰੋਧਵਾਨ ਹੋ ਗਿਆ।

" ਹਾਂ ਜੀ ! ਪਛਾਣ ਸਕਦੀ ਹਾਂ ਚੰਗੀ ਤਰ੍ਹਾਂ ਪਛਾਣ ਸਕਦੀ ਹਾਂ।"

"ਪਛਾਣ ਫਿਰ।"

ਵੀਰੋ ਨੇ ਉਹਨਾਂ ਤਿੰਨਾਂ ਪਠਾਣਾਂ ਨੂੰ ਪਛਾਣ ਲਿਆ, ਜਿਨ੍ਹਾਂ ਉਹਦੇ ਨਾਲ ਧੱਕਾ ਕੀਤਾ ਸੀ। "ਇਹ ਹਨ ਜੀ!" ਵੀਰੋ ਨੇ ਹੱਥ ਲਾ ਆਖਿਆ।

"ਅੱਗੇ ਆਓ!" ਪਸ਼ਤੋ ਵਿਚ ਪਹਾੜਾ ਸਿੰਘ ਬੋਲਿਆ। ਪਠਾਣ ਅੱਗੇ ਆਏ।

"ਗੋਡਿਆਂ ਉੱਤੇ ਹੱਥ ਰੱਖ ਕੇ ਝੁਕੋ!" ਪਹਾੜਾ ਸਿੰਘ ਨੇ ਹੁਕਮ ਦਿੱਤਾ।

ਪਠਾਣ ਉਸੇ ਤਰ੍ਹਾਂ ਝੁਕ ਗਏ। ਉਨ੍ਹਾਂ ਦੀਆਂ ਸਿਰੀਆਂ ਨੀਵੀਆਂ ਹੋ ਗਈਆਂ।

"ਇਨ੍ਹਾਂ ਤਿੰਨਾਂ ਦੇ ਸਿਰ ਧੜਾਂ ਨਾਲੋਂ ਵੱਖ ਕਰ ਦੇ । ਇਨ੍ਹਾਂ ਨੂੰ ਸਜਾਏ ਮੌਤ ਦਾ ਹੁਕਮ ਦਿੱਤਾ ਜਾਂਦਾ ਹੈ," ਇਕ ਫ਼ੌਜੀ ਨੂੰ ਆਖਿਆ। ਉਸ ਨੇ ਖੰਡਾ ਸੂਤਿਆ। ਅੱਖ ਦੇ ਫੋਰ ਵਿਚ ਤਿੰਨਾਂ ਹੀ ਪਠਾਣਾਂ ਨੂੰ ਝਟਕਾ ਦਿੱਤਾ ਗਿਆ। ਸਿਰ ਅੱਡ ਤੜਫਨ ਲੱਗੇ ਤੇ ਧੜ ਅੱਡ.....'ਸੁਣ ਲਓ ਪਠਾਣੋ!' ਸਰਦਾਰ ਪਹਾੜਾ ਸਿੰਘ ਬੋਲਿਆ- ਖ਼ਾਲਸਾ ਰਾਜ ਵਿਚ ਜੋ ਕਿਸੇ ਦੀ ਨੂੰਹ ਧੀ ਨਾਲ ਧੱਕਾ ਕਰੇਗਾ, ਉਸ ਨਾਲ ਏਹੋ ਸਲੂਕ ਕੀਤਾ ਜਾਵੇਗਾ। ਇਸ ਦੋਸ਼ ਦਾ ਡੰਨ ਮੌਤ ਹੈ। (ਵੀਰੋ ਨੂੰ) "ਭੈਣ! ਤੇਰਾ ਕੋਈ ਦੋਸ਼ ਨਹੀਂ ਮਰਦ ਸ਼ਕਤੀ ਨੇ ਤੇਰੇ ਨਾਲ ਧੱਕਾ ਕੀਤਾ। ਤੇਰੀ ਕਮਜ਼ੋਰੀ ਤੋਂ ਲਾਭ ਉਠਾਇਆ ਗਿਆ ਹੈ। ਤੂੰ ਨਾ ਘਬਰਾ। ਪਾਪ ਉਹ ਹੁੰਦਾ ਹੈ, ਜੋ ਆਪਣੀ ਇੱਛਾ ਨਾਲ ਕੁਕਰਮ ਕੀਤਾ ਜਾਵੇ। ਜਿਨ੍ਹਾਂ ਦਾ ਦੋਸ਼ ਸੀ, ਉਹਨਾਂ ਪਾਪ ਦਾ ਫਲ ਭੋਗ ਲਿਆ, ਤੇਰਾ ਨਵਾਂ ਜਨਮ ਹੋਵੇਗਾ। ਤੂੰ ਅੱਗੇ ਨਾਲੋਂ ਬਹੁਤ ਭਜਨੀਕ ਦੇਵੀ ਬਣੇਂਗੀ, ਚਿੰਤਾ ਨਾ ਕਰ ਤੇਰਾ ਸਮਾਜ, ਤੇਰਾ ਧਰਮ, ਤੇਰਾ ਵਾਹਿਗੁਰੂ ਤੇਰੇ ਉਤੇ ਨਾਰਾਜ਼ ਨਹੀਂ ਹੋਵੇਗਾ, ਕਿਉਂਕਿ ਤੇਰਾ

ਦੋਸ਼ ਕੋਈ ਨਹੀਂ, ਤੂੰ ਮਰਦ ਬਲ ਦਾ ਮੁਕਾਬਲਾ ਕੀਤਾ ਜਿੰਨਾ ਕਰ ਸਕਦੀ ਸੈਂ।''

ਪਹਾੜਾ ਸਿੰਘ ਨੇ ਵੀਰੇ ਨੂੰ ਹੌਂਸਲਾ ਦੇ ਕੇ ਉਸਦੇ ਅੱਥਰੂ ਰੋਕੇ ਅਤੇ ਉਸ ਵਲੋਂ ਧਿਆਨ ਹਟਾ ਕੇ ਸ਼ਰਨੀ ਨੂੰ ਪੁਛਿਆ-''ਬੇਟੀ ! ਤੂੰ ਦੱਸ , ਤੇਰੇ ਨਾਲ ਕਿਵੇਂ ਬੀਤੀ?''

ਸ਼ਰਨੀ ਦੀ ਘਬਰਾਹਟ ਮਿਟ ਚੁੱਕੀ ਸੀ ਉਹ ਖ਼ੁਸ਼ ਸੀ। ਉਸਨੂੰ ਹੌਂਸਲਾ ਸੀ ਕਿ ਭਗਵਾਨ ਨੇ ਉਹਦੀਆਂ ਅਰਦਾਸਾਂ ਸੁਣ ਲਈਆਂ। ਉਹਦੇ ਧਰਮ ਗੁਆਚਣ ਤੋਂ ਪਹਿਲਾਂ ਹੀ ਉਹਦੀ ਸਹਾਇਤਾ ਵਾਸਤੇ ਸਿੱਖ ਫ਼ੌਜਾਂ ਪੁੱਜ ਗਈਆਂ। ਆਪਣੇ ਆਪ ਨੂੰ ਖ਼ੁਦਾ ਸਮਝਣ ਵਾਲਾ ਅੱਲਾ ਦਿੱਤਾ, ਹੱਥ ਜੋੜ ਕੇ ਭੋਂ ਉੱਤੇ ਬੈਠੇ ਸੀ, ਉਹਦਾ ਸਿਰ ਨੀਵਾਂ ਸੀ ਤੇ ਅੱਖਾਂ ਧਰਤੀ ਵਿਚ ਗੱਡੀਆਂ ਹੋਈਆਂ ਸਨ। ਜਿਨ੍ਹਾਂ ਡਾਕੂਆ ਨੇ ਉਹਨਾਂ ਨੂੰ ਫੜ ਕੇ ਲਿਆਂਦਾ ਸੀ, ਉਹਨਾਂ ਵਿਚੋਂ ਤਿੰਨਾ ਦੇ ਸਿਰ ਧੜ ਨਾਲੋਂ ਵੱਖ ਹੋਏ ਪਏ ਸੀ, ਆਪਣੇ ਕੁਕਰਮ ਦਾ ਫਲ ਪਾ ਚੁੱਕੇ ਸਨ। ਸ਼ਰਨੀ ਬਿਨਾਂ ਘਬਰਾਹਟ ਤੋਂ ਬੋਲੀ—''ਪਿਤਾ ਜੀ! ਭਗਵਾਨ ਦੀ ਕਿਰਪਾ ਹੈ। ਅਜੇ ਤਕ ਮੈਂ ਪਵਿੱਤਰ ਹਾਂ। ਉਸੇ ਤਰਾਂ ਪਵਿੱਤਰ ਹਾਂ, ਜਿਵੇਂ ਮਾਂ ਬਾਪ ਦੇ ਘਰੋਂ ਤੁਰੀ ਸਾਂ।....ਮੈਂ ਭਗਵਾਨ ਅੱਗੇ ਬੇਨਤੀਆਂ ਕੀਤੀਆਂ। ਇਹ ਦੁਸ਼ਟ (ਅੱਲਾ ਦਿੱਤੇ ਵੱਲ ਉਂਗਲ ਕਰ ਕੇ) ਸ਼ਰਾਬ ਨਾਲ ਅੰਨ੍ਹਾ ਹੋਇਆ ਹੋਇਆ ਮੇਰੇ ਕੋਲ ਗਿਆ ਸੀ, ਪਰ ਇਸਦੀ ਦਾਲ ਨਾ ਗਲੀ ਮੈਨੂੰ ਇਸ ਨੇ ਮਾਰਿਆ। ਮੇਰੇ ਗਲ ਪੈਣ ਦਾ ਇਸ ਨੇ ਹੌਂਸਲਾ ਕੀਤਾ, ਪਰ ਭਗਵਾਨ ਨੇ ਮੈਨੂੰ ਬਖ਼ਸ਼ ਲਿਆ। ਮੈ ਆਪਣੀ ਰਾਖੀ ਆਪ ਕੀਤੀ। ਜੇ ਆਪ ਨਾ ਪੁੱਜਦੇ ਤਾਂ ਕੋਈ ਨਾ ਕੋਈ ਮਾੜਾ ਕਾਰਾ ਜ਼ਰੂਰ ਹੋ ਜਾਣਾ ਸੀ, ਇਸ ਪਾਪੀ ਦੀ ਨੀਅੱਤ ਭੈੜੀ ਸੀ ਤੇ ਹੈ।

''ਹੱਛਾ ! ਅੱਲਾ ਦਿੱਤੇ ਨੂੰ ਸਜ਼ਾ ਤਾਂ ਸਰਕਾਰ ਦੇਵੇਗੀ।'' ਪਹਾੜਾ ਸਿੰਘ ਨੇ ਉੱਤਰ ਦਿੱਤਾ ਤੇ ਉਸੇ ਵੇਲੇ ਹੀ ਅੱਲਾ ਦਿੱਤੇ ਨੂੰ ਸੰਬੋਧਨ ਕਰਕੇ

ਬੋਲਿਆ, 'ਬਾਰਾਤ ਦਾ ਲੁਟਿਆ ਸਾਮਾਨ ਕਿਥੇ ਹੈ?'

'ਮੇਰੇ ਕੋਲ! ਅੱਲਾ ਦਿੱਤੇ ਨੇ ਉੱਤਰ ਦਿੱਤਾ।

'ਉਹ ਹਾਜ਼ਰ ਕਰ।'

'ਜਿਵੇਂ ਆਗਿਆ!'

'ਕੋਈ ਚੀਜ਼ ਨਾ ਭੁੱਲੇ।'

'ਨਹੀਂ ਭੁਲਦੀ ਜੀ'।

ਲਿਆ ਫਿਰ.....ਸਵੇਰੇ ਸ਼ਾਹ ਵੇਲੇ ਤੋਂ ਪਹਿਲਾਂ ਪਹਿਲਾਂ ਜਮਰੌਦ ਪੁਜਣਾ ਹੈ। ਸਰਕਾਰ ਦਾ ਹੁਕਮ ਹੈ ਜੇ ਦੇਰ ਹੋਈ ਤਾਂ ਹੋਰ ਫ਼ੋਜ ਆਵੇਗੀ।

ਸਿੱਖ ਫ਼ੌਜੀਆਂ ਦੀ ਨਿਗਰਾਨੀ ਹੇਠ ਅੱਲਾ ਦਿੱਤੇ ਨੇ ਲੁੱਟ ਦਾ ਸਾਰਾ ਸਾਮਾਨ ਇਕੱਠਾ ਕਰਕੇ ਸਰਦਾਰ ਪਹਾੜਾ ਸਿੰਘ ਦੇ ਅੱਗੇ ਲਿਆ ਰਖਿਆ।

੬.

ਖ਼ਾਲਸਾ ਰਾਜ ਦੇ ਸਮੇਂ ਸ: ਹਰੀ ਸਿੰਘ ਨਲੂਆ ਬਹਾਦਰ ਅਣਖੀਲਾ, ਰੋਅਬ ਦਾਬ ਵਾਲਾ, ਨਿਆਂਏਕਾਰੀ ਲੰਮੇਰੀ ਤੇ ਚੰਗੇਰੀ ਸੂਝ-ਬੂਝ ਵਾਲਾ ਜਰਨੈਲ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਉਹਨਾਂ 'ਤੇ ਬਹੁਤ ਖ਼ੁਸ਼ ਸੀ। ਲੱਖਾਂ ਰੁਪਏ ਦੀਆਂ ਜਗੀਰਾਂ ਬਖ਼ਸ਼ੀਆਂ ਸਨ। ਹਰ ਵੱਡੀ ਲੜਾਈ ਵਿਚ ਸ: ਹਰੀ ਸਿੰਘ ਜੀ ਨੇ ਬਹਾਦਰੀ ਦਿਖਾਈ। ਫ਼ਤਹਿ ਦਾ ਸਿਹਰਾ ਸ: ਹਰੀ ਸਿੰਘ ਜੀ ਦੇ ਸਿਰ ਹੁੰਦਾ ਸੀ। ਕਸ਼ਮੀਰ ਨੂੰ ਫ਼ਤਹਿ ਕਰਨ ਪਿੱਛੋਂ ਆਪ ਹਰੀ ਪੁਰ ਹਜ਼ਾਰਾ ਤੇ ਪਿਸ਼ਾਵਰ ਦੇ ਵਜ਼ੀਰ ਤੇ ਕਾਬਲੀ ਇਲਾਕੇ ਦੇ ਗਵਰਨਰ ਮੁਕੱਰਰ ਕੀਤੇ ਗਏ ਸਨ। ਕੁੱਟੀ ਮਿੱਟੀ ਦੀ ਤਰ੍ਹਾਂ ਸਰਦਾਰ ਸਾਹਿਬ ਨੇ ਅਕਲ ਤੇ ਹਿੰਮਤ ਨਾਲ ਉੱਜਡ ਮੂੜ੍ਹ, ਵਹਿਸ਼ੀ ਤੇ ਦਿਓਆਂ ਵਰਗੇ ਕੱਦਾਂ ਵਾਲਿਆਂ ਵਜ਼ੀਰਾਂ ਤੇ ਪਠਾਣਾਂ ਨੂੰ ਸੋਧਿਆ। ਉਨ੍ਹਾਂ ਨੂੰ ਅਮਨ ਨਾਲ ਰਹਿਣਾ ਦੱਸਿਆ, ਸਰਦਾਰ ਹਰੀ ਸਿੰਘ ਨਲੂਏ ਦਾ ਨਾਂ ਲੈ ਕੇ ਮਾਵਾਂ ਬੱਚਿਆਂ ਨੂੰ ਡਰਾਉਂਦੀਆਂ ਸਨ।

ਓਹੋ ਜਰਨੈਲ ਹਰੀ ਸਿੰਘ ਜਮਰੌਦ ਦੇ ਉਸਰ ਰਹੇ ਕਿਲ੍ਹੇ ਵਿਚ ਦਰਬਾਰ ਲਾਈ ਬੈਠਾ ਸੀ, ਮੁਨਸ਼ੀ ਤੇ ਫ਼ੌਜੀ ਅਫ਼ਸਰ ਸੱਜੇ ਖੱਬੇ ਬੈਠੇ ਸਨ। ਮੁਕੱਦਮੇ ਪੇਸ਼ ਹੋ ਰਹੇ ਸਨ। ਉਨ੍ਹਾਂ ਮੁਕੱਦਮਿਆਂ ਨੂੰ ਸੁਣ ਕੇ ਫ਼ੈਸਲੇ ਦਿੱਤੇ ਜਾ ਰਹੇ ਸਨ। ਜਦੋਂ ਪਿਛਲੇ ਦਿਨ ਦੇ ਰਹਿੰਦੇ ਮੁਕੱਦਮਿਆਂ ਦਾ ਕੰਮ

---

* ਸਰਦਾਰ ਹਰੀ ਸਿੰਘ ਨਲੂਏ ਦੀ ਪੂਰੀ ਜੀਵਨ ਕਥਾ ਪੜ੍ਹਨ ਵਾਸਤੇ ਗਿਆਨੀ ਤ੍ਰਿਲੋਕ ਸਿੰਘ ਦਾ ਲਿਖਿਆ ਹੋਇਆ "ਅਣਖੀਲਾ ਜਰਨੈਲ" ਪੜ੍ਹੋ।

ਮੁਕ ਗਿਆ ਤਾਂ ਸਰਦਾਰ ਜੀ ਨੇ ਆਪ ਹੀ ਮੁਨਸ਼ੀ ਨੂੰ ਆਖਿਆ- ਸਰਦਾਰ ਪਹਾੜਾ ਸਿੰਘ ਨੂੰ ਆਖੋ ਅੱਲਾ ਦਿੱਤੇ ਨੂੰ ਪੇਸ਼ ਕਰੇ। ਉਨ੍ਹਾਂ ਹਿੰਦੂਆਂ ਨੂੰ ਬੁਲਾਓ ਜਿਨ੍ਹਾਂ ਦੀ ਡੋਲੀ ਖੋਹੀ ਗਈ ਸੀ।

'ਸਤਿ ਬਚਨ' ਆਖ ਕੇ ਮੁਨਸ਼ੀ ਨੇ ਅਰਦਲੀ ਨੂੰ ਭੇਜ ਦਿੱਤਾ। ਦਸਾਂ ਮਿੰਟਾਂ ਦੇ ਅੰਦਰ ਅੰਦਰ ਸਾਰੇ ਹਾਜ਼ਰ ਹੋ ਗਏ।

ਅੱਲਾ ਦਿੱਤੇ ਨੂੰ ਸ: ਹਰੀ ਸਿੰਘ ਜੀ ਦੇ ਪੇਸ਼ ਕੀਤਾ ਗਿਆ। ਆਕੜ ਖਾਨ ਪਠਾਣ ਦਾ ਹੁਲੀਆ ਵਿਗੜਿਆ ਹੋਇਆ ਸੀ। ਸ਼ਰਨੀ, ਵੀਰੇ ਅਤੇ ਬਾਰਾਤੀਆਂ ਦੇ ਬਿਆਨ ਲੈਣ ਪਿੱਛੋਂ ਸ: ਹਰੀ ਸਿੰਘ ਨੇ ਅੱਲਾ ਦਿੱਤੇ ਨੂੰ ਪੁਛਿਆ - 'ਕਿਉਂ ਖਾਨ, ਹੁਣ ਤੈਨੂੰ ਕੀ ਸਜ਼ਾ ਦਿੱਤੀ ਜਾਵੇ?'

ਅੱਲਾ ਦਿੱਤਾ ਸਰਦਾਰ ਦੇ ਇਕਬਾਲੀ ਤੇ ਨੂਰੀ ਚਿਹਰੇ ਵੱਲ ਨਾ ਦੇਖ ਸਕਿਆ। ਉਸ ਦੀਆਂ ਅੱਖਾਂ ਨੀਵੀਆਂ ਰਹੀਆਂ।

'ਦੱਸ! ਏਹੋ ਤੇਰੀ ਬਹਾਦਰੀ ਹੈ। ਇਸੇ ਸ਼ੇਖੀ ਉਤੇ ਰਾਹ ਦੇ ਲੋਕਾਂ ਦੀਆਂ ਬਹੂ-ਬੇਟੀਆਂ ਨੂੰ ਘਰ ਪਾਉਂਦਾ ਏਂ। ਜੇ ਪਾਪ ਕਰੀਏ ਤਾਂ ਮੌਤ ਕੋਲੋਂ ਕਿਉਂ ਡਰੀਏ?' ਸਰਦਾਰ ਹਰੀ ਸਿੰਘ ਨੇ ਦੁਬਾਰਾ ਆਖਿਆ।

'ਜੋ ਜੀਅ ਕਰੇ, ਸਜ਼ਾ ਦਿਓ! ਇਸ ਕੁੜੀ ਦੇ ਹੁਸਨ ਉੱਤੇ ਲਟੂ ਹੋ ਕੇ ਮੈਂ ਇਸ ਨਾਲ ਨਿਕਾਹ ਕਰਨ ਦਾ ਫੈਸਲਾ ਕੀਤਾ ਸੀ। ਧਾੜੇ ਮਾਰੇ ਨੇ — ਅੱਲਾ ਦਿੱਤਾ ਬੋਲਿਆ।

'ਅੱਗੇ ਨੂੰ ਕੀ ਸਲਾਹ ਹੈ?'

'ਕਿਹੜੀ ਸਲਾਹ?'

'ਨੇਕ ਬਣਨਾ ਹੈ ਕਿ ਰਾਹ ਮਾਰਨੇ ਹਨ?'

ਅੱਲਾ ਦਿੱਤਾ ਚੁੱਪ ਰਿਹਾ।

'ਹੱਛਾ! ਪ੍ਰਤੀਤ ਇਹ ਹੁੰਦਾ ਹੈ ਕਿ ਅਜੇ ਨੇਕ ਨਹੀਂ ਬਣਨਾ, ਬੁਰਿਆਈ ਦੇ ਤੱਤ ਸਰੀਰ ਵਿਚ ਬਹੁਤੇ ਹਨ। ਇਨ੍ਹਾਂ ਬੁਰਿਆਈ ਦੇ ਪ੍ਰਮਾਣੂਆਂ ਨੂੰ ਤੇਰੇ ਲਹੂ-ਵਿਚੋਂ ਮਾਰਨਾ ਹੀ ਹੋਵੇਗਾ।' ਸ: ਪਹਾੜਾ ਸਿੰਘ

ਨੂੰ ਸੰਬੋਧਨ ਕਰਕੇ ਇਸ ਨੂੰ ਤੇ ਇਹਦੇ ਸਾਥੀਆਂ ਨੂੰ ਕਾਠ ਮਾਰ ਕੇ ਬੰਦੀਖਾਨੇ ਸੁੱਟੋ। ਅਠਵੇਂ ਦਿਨ ਮੇਰੇ ਪੇਸ਼ ਕਰਨੇ। ਅੱਧੀ ਖ਼ੁਰਾਕ ਦੇਣਾ। ਬਹੁਤੀ ਖਾ ਕੇ ਆਫਰੇ ਹੋਏ ਨੇ, ਲੈ ਜਾਓ।

ਅੱਲਾ ਦਿੱਤੇ ਨੇ ਕੋਈ ਹੋਰ ਗੱਲ ਕਰਨੀ ਚਾਹੀ, ਪਰ ਕਿਸੇ ਨਾ ਸੁਣੀ। ਸੰਤਰੀ ਧੂਹ ਕੇ ਪਿੱਛੇ ਲੈ ਗਏ। ਬੰਦੀਖਾਨੇ ਵਿਚ ਸੁੱਟ ਕੇ ਕਾਠ ਮਾਰ ਦਿੱਤਾ ਗਿਆ।

ਜਦੋਂ ਸਿਪਾਹੀ ਅੱਲਾ ਦਿੱਤੇ ਨੂੰ ਲੈ ਗਏ ਤਾਂ ਸ: ਹਰੀ ਸਿੰਘ ਨੇ ਬੀਬੀ ਸ਼ਰਨੀ ਨੂੰ ਆਖਿਆ-

'ਬੇਟੀ! ਵਾਹਿਗੁਰੂ ਨੇ ਤੇਰੀ ਪਤ ਰਖੀ ਹੈ। ਤੇਰੇ ਸਵੈ-ਸਤਿਕਾਰ ਤੇ ਧਰਮ ਨੂੰ ਜਿਉਂ ਦਾ ਤਿਉਂ ਪਵਿੱਤਰ ਰਖਿਆ ਹੈ। ਵਾਹਿਗੁਰੂ ਦਾ ਸਿਮਰਨ ਕਰੀਂ। ਮੈਂ ਖ਼ਾਲਸਾ ਰਾਜ ਦਾ ਸੇਵਕ ਤੇ ਪਰਜਾ ਦਾ ਵੀਰ ਹਾਂ, ਜੋ ਸੇਵਾ ਤੇ ਸਹਾਇਤਾ ਕਰ ਸਕਦਾ ਸਾਂ, ਮੈਂ ਕੀਤੀ, ਮੇਰੇ ਭਾਈਆਂ ਨੇ ਤੈਨੂੰ ਡਾਕੂ ਦੇ ਬੰਦੀਖਾਨੇ ਵਿਚੋਂ ਸੁਤੰਤਰ ਕਰਾਇਆ ਹੈ, ਜਾਹ ਹੁਣ ਆਪਣੇ ਸਹੁਰੇ ਜਾਹ। ਸੁਖੀ ਵੱਸ। ਤੇਰਾ ਦਾਜ ਤੇ ਗਹਿਣਾ ਸਾਰਾ ਮੁੜ ਆਇਆ ਹੈ, ਜੇ ਕੋਈ ਟੂਮ ਘੱਟ ਹੈ, ਉਹ ਮੇਰੇ ਕੋਲੋਂ ਲੈ ਜਾਹ। ਧੀਆਂ ਸਹੁਰੇ ਘਰ ਵਸਦੀਆਂ ਹੀ ਚੰਗੀਆਂ ਲਗਦੀਆਂ ਨੇ।'

ਸ਼ਰਨੀ ਉਹ ਸ਼ਰਨੀ ਨਹੀਂ ਸੀ ਰਹੀ, ਜਿਸ ਸ਼ਰਨੀ ਨੂੰ ਮਾਂ ਬਾਪ ਨੇ ਡੋਲੀ ਪਾਇਆ ਸੀ। ਰਾਹ ਦੀ ਘਟਨਾ ਨੇ ਉਸਦੇ ਜੀਵਨ ਵਿਚ ਭਾਰੀ ਇਨਕਲਾਬ ਲਿਆ ਦਿੱਤਾ ਸੀ। ਉਸਨੂੰ ਬਹੁਤ ਸਾਰੀਆਂ ਗੱਲਾਂ ਦਾ ਨਵਾਂ ਗਿਆਨ ਹੋ ਗਿਆ ਸੀ। ਸਭ ਤੋਂ ਵੱਡੀ ਗੱਲ ਜੋ ਉਸਨੇ ਅਨੁਭਵ ਕੀਤੀ ਉਹ ਇਹ ਸੀ ਕਿ ਬਲਹੀਨ ਹਾਥੀ ਮਾੜਾ ਹੁੰਦਾ ਹੈ। ਬਲ ਤੇ ਹਠ ਦੀ ਜੈ ਹੈ। ਹਿੰਦੂ ਜਾਤੀ ਬਹੁਤ ਨਿਰਬਲ ਹੋ ਚੁੱਕੀ ਹੈ। ਪਠਾਣਾਂ ਵਿਚ ਰਹਿ ਕੇ ਇਸ ਜਾਤੀ ਨੇ ਪੈਸੇ ਕਮਾਉਣ ਤੋਂ ਬਿਨਾਂ ਹੋਰ ਕੁਝ ਨਹੀਂ ਕੀਤਾ। ਉਸ ਨੂੰ ਆਪਣੇ ਸੁਹਾਗ ਅਤੇ ਸਹੁਰੇ ਉੱਤੇ ਕਰੋਧ ਸੀ ਕਿ ਉਹ ਆਪਣੀ ਜਾਨ

ਬਚਾਉਣ ਬਦਲੇ ਸ਼ਰਨੀ ਦੀ ਇੱਜ਼ਤ ਤੇ ਸ਼ਾਨ ਨੂੰ ਖ਼ਤਰੇ ਵਿਚ ਸੁੱਟ ਗਏ।

ਸ: ਹਰੀ ਸਿੰਘ ਨੇ ਜਦੋਂ ਸਹੁਰੇ ਘਰ ਮੁੜ ਜਾਣ ਵਾਸਤੇ ਆਖਿਆ ਤਾਂ ਉਸ ਦਾ ਸਰੀਰ ਕੰਬਿਆ, ਦਿਲ ਨੂੰ ਕੁਝ ਹੋਇਆ। ਅੱਖਾਂ ਵਿਚ ਅੱਥਰੂ ਉਤਰ ਆਏ ਤੇ ਗਲਾ ਭਾਰਾ ਹੋ ਗਿਆ। ਉਹ ਬਬੋਲਕੀ ਹੋ ਕੇ ਬੋਲੀ- "....ਪਿਤਾ ਜੀ ! ਕੀ ਮੈਨੂੰ ਹੁਣ ਫਿਰ ਉਨ੍ਹਾਂ ਕਮਜ਼ੋਰਾਂ ਤੇ ਬੇ-ਅਣਖੀਆਂ ਕੋਲ ਭੇਜਦੇ ਜੇ, ਜਿਹੜੇ ਮੈਨੂੰ ਅੱਗੇ ਰਾਹ ਵਿਚ ਹੀ ਧੋਖਾ ਦੇ ਗਏ? ਮੇਰੇ ਮਾਪਿਆਂ ਭੁੱਲ ਕੀਤੀ। ਉਹਨਾਂ ਐਸੇ ਮਰਦ ਨੂੰ ਮੇਰਾ ਰਖਵਾਲਾ ਮਿੱਥਿਆ ਹੈ, ਜੋ ਮੇਰੀ ਰਾਖੀ ਨਹੀਂ ਕਰ ਸਕਦਾ, ਮੈਂ ਐਸੇ ਮਰਦ ਕੋਲ ਨਹੀਂ ਜਾਣਾ।"

'ਪੁਤਰੀ!' ਸ: ਹਰੀ ਸਿੰਘ ਆਖਣ ਲੱਗਾ-'ਤੇਰੇ ਬਚਨ ਠੀਕ ਹਨ। ਪਰ ਹਿੰਦੂ ਧਰਮ ਤੇ ਹਿੰਦੂ ਸਮਾਜ ਦੇ ਬੰਧਨਾਂ ਤੇ ਅਸੂਲਾਂ ਅੱਗੇ ਸੀਸ ਨਿਵਾਉਣਾ ਪਵੇਗਾ। ਜੋ ਕੁਝ ਤੇਰੇ ਮਾਪਿਆਂ ਨੇ ਕੀਤਾ ਹੈ , ਉਹ ਮੰਨਣਾ ਪਵੇਗਾ। ਜਿਸ ਨਾਲ ਇਕ ਵਾਰ ਲਾਵਾਂ ਫੇਰੇ ਹੋਏ ਨੇ, ਉਹੋ ਪਤੀ ਹੈ ਪਰਮੇਸ਼ਵਰ ਰੂਪ ਹੈ। ਉਸ ਦੀ ਆਗਿਆ ਪਾਲਣ ਕਰਨੀ ਹੋਵੇਗੀ। ਉਸੇ ਦੀ ਸੇਵਾ ਵਿਚ ਉਮਰ ਗੁਜ਼ਾਰਨੀ ਪਵੇਗੀ।'

ਉਫ! ਇਸਤ੍ਰੀ ਬੇਟੀ ਦੀ ਇਹ ਹਾਲਤ! ਪਸ਼ੂਆਂ ਦੀ ਤਰ੍ਹਾਂ ਜਿਸ ਨੂੰ ਰੱਸਾ ਫੜਾ ਦਿੱਤਾ, ਉਹੋ ਵਾਰਸ। ਪਸ਼ੂ ਵਾਂਗ ਲੜਕੀ ਬੋਲ ਨਹੀਂ ਸਕਦੀ, ਉਸ ਦੀ ਮਰਜ਼ੀ ਕੋਈ ਨਹੀਂ।

'ਸਮਾਜ ਦੇ ਅਸੂਲ ਹੀ ਐਸੇ ਨੇ।'

'ਮੈਨੂੰ ਨਰਕ ਵਿਚ ਪਾਉਣ ਵਾਸਤੇ!'

ਮੇਰੇ ਵੱਸ ਦੀ ਗੱਲ ਨਹੀਂ, ਮੈਂ ਧਰਮ ਤੇ ਸਮਾਜ ਦੇ ਵਿਰੁੱਧ ਨਹੀਂ ਜਾ ਸਕਦਾ, ਮੈ ਇਕ ਰਾਜ ਦਾ ਸੇਵਕ ਹਾਂ।

"ਇਕ ਗੱਲ ਤਾਂ ਕਰ ਸਕਦੇ ਜੇ?" ;

"ਉਹ ਕਿਹੜੀ?"

"ਮੈਨੂੰ ਤੇ ਮੇਰੇ ਸੁਹਾਗ ਨੂੰ ਅੰਮ੍ਰਿਤ ਛਕਾਉ! ਗੁਰੂ ਖ਼ਾਲਸੇ ਵਿਚ

ਸ਼ਾਮਲ ਕਰੇ।"

"ਇਹ ਹੋ ਸਕਦਾ ਹੈ।"

"ਇਕ ਗੱਲ ਹੋਰ!"

"ਉਹ ਕੀ ?"

"ਅੰਮ੍ਰਿਤ ਛਕਣ ਤੋਂ ਪਿੱਛੋਂ ਅਸੀਂ ਘਰ ਨਹੀਂ ਜਾਵਾਂਗੇ, ਆਪ ਦੇ ਚਰਣਾਂ ਵਿਚ ਰਹਾਂਗੇ। ਇਸ ਕਿਲ੍ਹੇ ਵਿਚ ਹੀ ਸੇਵਾ ਕਰਾਂਗੇ।"

"ਜੇ ਆਪ ਦੇ ਪਤੀ ਮੰਨਣ ਤਾਂ ਉਨ੍ਹਾਂ ਨੂੰ ਖ਼ਾਲਸਾ ਫ਼ੌਜ ਵਿਚ ਭਰਤੀ ਕਰ ਲਿਆ ਜਾਵੇਗਾ।"

"ਇਹ ਭਰਤੀ ਹੋਣਗੇ, ਹੋਣਾ ਪਵੇਗਾ। ਮੈਂ ਕਮਜ਼ੋਰ ਹਿੰਦੂਆਂ ਕੋਲ ਨਹੀਂ ਜਾਣਾ । ਇਹ ਦੇਸ਼ ਪਠਾਣਾਂ ਦਾ ਹੈ। ਜੇ ਅੱਜ ਉਹ ਰਾਹ-ਮਾਰ ਸਕਦੇ ਨੇ ਤਾਂ ਕਲ੍ਹ ਨੂੰ ਪਿੰਡ ਲੁੱਟਣ ਵਾਸਤੇ ਨਹੀਂ ਆ ਸਕਦੇ? ਜੇ ਉਹ ਮੈਨੂੰ ਘਰੋਂ ਚੁੱਕਣ ਆਉਣਗੇ ਤਾਂ ਮੇਰੀ ਰਾਖੀ ਕੌਣ ਕਰੇਗਾ?"

"ਇਸ ਬਾਹਰੇ ਵਿਚ ਖ਼ਾਲਸਾ ਰਾਜ ਕਾਇਮ ਹੋ ਗਿਆ ਹੈ। ਖ਼ਾਲਸਾ ਰਾਜ ਵਿਚ ਕਿਸੇ ਤਕੜੇ ਦਾ ਹੀਆ ਨਹੀਂ ਪਵੇਗਾ ਕਿ ਉਹ ਮਾੜੇ ਨੂੰ ਲੁੱਟੇ। ਕਿਸੇ ਦੀ ਬਹੂ-ਬੇਟੀ ਵੱਲ ਮੈਲੀ ਅੱਖ ਨਾਲ ਦੇਖੇ। ਮੈਂ ਚੋਰਾਂ ਤੇ ਬੁਰਿਆਂ ਨੂੰ ਖ਼ਤਮ ਕਰ ਦਿਆਂਗਾ। ਬਹੁਤ ਸਖ਼ਤ ਸਜ਼ਾਵਾਂ ਦੇਵਾਂਗਾ! ਇਸ ਗੱਲ ਦਾ ਭੈ ਕਰ।"

"ਕਿਸੇ ਰਾਜ ਵਿਚੋਂ ਸ਼ੈਤਾਨੀ ਸ਼ਕਤੀ ਦਾ ਅੰਤ ਨਹੀਂ ਹੋ ਸਕਦਾ। ਸ਼ੈਤਾਨੀ ਘਟ ਸਕਦੀ ਹੈ, ਕਿਉਂਕਿ ਸ਼ੈਤਾਨੀ ਮਰਦ ਦੇ ਖ਼ੂਨ ਵਿਚ ਵਾਸ ਕਰਦੀ ਹੈ! ਰਾਜ ਦੀਆਂ ਅੱਖਾਂ ਦੇਖ ਨਹੀਂ ਸਕਦੀਆਂ! ਜੇ ਦੇਖ ਲੈਣ ਤਾਂ ਕਰ ਕੁਝ ਨਹੀਂ ਸਕਦੀਆਂ। ਜਦੋਂ ਰਾਜ ਦੇ ਸਿਪਾਹੀ ਦੂਰ ਦਿਸੇ, ਤਦ ਸ਼ੈਤਾਨੀ ਪ੍ਰਗਟ ਹੋ ਕੇ ਦੂਸਰੇ ਨੂੰ ਨੁਕਸਾਨ ਪਹੁੰਚਾਣ ਵਿਚ ਸਫਲਤਾ ਹਾਸਲ ਕਰ ਲੈਂਦੀ ਹੈ।"

'ਪੁੱਤਰੀ! ਤੂੰ ਬਹੁਤ ਸਿਆਣੀ ਪ੍ਰਤੀਤ ਹੁੰਦੀ ਏਂ, ਪਰ ਇਹ ਦੱਸ

ਸ਼ੈਤਾਨੀ ਬਲ ਕੋਲੋਂ ਡਰ ਕੇ ਨੇਕ, ਭਲੇ-ਮਾਨਸ ਤੇ ਨਿਰਬਲ ਇਸ ਦੁਨੀਆਂ ਨੂੰ ਛੱਡ ਜਾਣ?'

'ਛੱਡਣ ਕਿਉਂ ਸਗੋਂ ਸ਼ੈਤਾਨੀ ਬਲ ਦਾ ਮੁਕਬਲਾ ਕਰਨ!'

ਬੱਸ ਫਿਰ ਗੁਰੂ ਜੀ ਦਾ ਅੰਮ੍ਰਿਤ ਪਾਨ ਕਰਕੇ ਸ਼ੇਰਨੀ ਦਾ ਰੂਪ ਧਾਰ ਕੇ ਆਪਣੇ ਨਗਰ ਵਿਚ ਵੱਸ। ਗੁਰੂ ਤੇਰੇ ਅੰਗ ਸੰਗ ਸਹਾਈ ਹੋਣਗੇ। ਸ਼ੈਤਾਨੀ ਤਾਕਤਾਂ ਨਾਲ ਮੁਕਾਬਲਾ ਕਰੀਂ, ਫਤਹਿ ਸਦਾ ਧਰਮ ਦੀ ਹੁੰਦੀ ਹੈ।

'ਕੁਝ ਵੀ ਹੋਵੇ, ਪਿਤਾ ਜੀ! ਜੋ ਹੱਥ ਰੱਸਾ ਸਿਰੇ 'ਤੇ ਗੰਢ। ਮੈਂ ਕਿਲ੍ਹੇ ਜਮਰੌਦ ਵਿਚੋਂ ਨਹੀਂ ਜਾਣਾ। ਮੇਰੇ ਸੁਹਾਗ ਨੂੰ ਅੰਮ੍ਰਿਤ ਛਕਾ ਕੇ ਏਥੇ ਰੱਖ ਲਵੋ.....ਨਹੀਂ ਤਾਂ ਮੈਂ ਕੁਆਰੀ ਹੀ ਜੀਵਨ ਕੱਟ ਲਵਾਂਗੀ। ਪਰ ਘਰ ਨਹੀਂ ਜੇ ਜਾਣਾ; ਨਾ ਪੇਕਿਆਂ ਦੇ, ਨਾ ਹੀ ਸਹੁਰਿਆਂ ਦੇ। ਏਥੇ ਹੀ ਗੁਰੂ ਦੇ ਲੰਗਰ ਵਿਚ ਸੇਵਾ ਕਰ ਛੱਡਿਆ ਕਰਾਂਗੀ। ਸਵੇਰੇ ਮੈਂ ਦੇਖਿਆ ਹੈ ਬੀਬੀਆਂ ਨੂੰ ਸੇਵਾ ਕਰਦਿਆਂ।'

ਦੁਨੀਆਂ ਜੋਤਿਸ਼ ਸਿਖਦੀ ਹੈ, ਤਪੱਸਿਆ ਕਰਕੇ ਉਸ ਆਤਮਿਕ ਗਿਆਨ ਨੂੰ ਹਾਸਲ ਕਰਨ ਦਾ ਯਤਨ ਕਰਦੀ ਹੈ ਜੋ ਗਿਆਨ ਕਿਸੇ ਦੇ ਮਨੋਭਾਵਾਂ, ਕਿਸੇ ਦੇ ਭਵਿੱਖਤ ਨੂੰ ਚੰਗੀ ਤਰ੍ਹਾਂ ਜਾਣ ਸਕੇ। ਪਰ ਸ: ਹਰੀ ਸਿੰਘ ਜੀ ਵਿਚ ਵੱਡੀ ਸਿਫਤ ਸੀ ਕਿ ਕਿਸੇ ਗੱਭਰੂ ਜਾਂ ਮੁਟਿਆਰ ਦੀਆਂ ਅੱਖਾਂ, ਉਸ ਦਾ ਚਿਹਰਾ ਦੇਖ ਕੇ ਹੀ ਉਸ ਦੇ ਸਹੀ ਮਨੋ-ਭਾਵਾਂ ਅਤੇ ਭਵਿੱਖਤ ਜੀਵਨ ਦੀਆਂ ਕਿਰਨਾਂ ਨੂੰ ਭਾਂਪ ਲੈਂਦੇ ਸਨ। ਉਹ ਤਾੜ ਗਏ ਕਿ ਸ਼ਰਨੀ ਆਪਣੇ ਸਹੁਰੇ ਨਹੀਂ ਜਾਏਗੀ। ਇਹ ਠੀਕ ਹੈ ਕਿ ਜੇ ਅੰਮ੍ਰਿਤ ਪਾਨ ਕਰਕੇ ਦੋਵੇਂ ਜੀਅ ਕਿਲ੍ਹੇ ਵਿਚ ਰਹਿਣ ਤਾਂ ਖ਼ਾਲਸਾ ਰਾਜ ਦੀ ਸੇਵਾ ਕਰ ਸਕਦੇ ਹਨ। ਬਹਾਦਰੀ, ਅਣਖ ਅਤੇ ਧਾਰਮਿਕ ਦ੍ਰਿੜ੍ਹਤਾ ਸ਼ਰਨੀ ਕੋਲ ਚੋਖੀ ਸੀ।

ਸਰਦਾਰ ਹਰੀ ਸਿੰਘ ਨੇ ਭੀਮ ਸੈਨ ਨੂੰ ਨੇੜੇ ਸੱਦਿਆ ਤੇ ਆਖਿਆ-

'ਇਹ ਤਾਂ ਸਭ ਕੁਝ ਤੁਸੀਂ ਸੁਣ ਹੀ ਲਿਆ ਹੋਣਾ ਏ ਜੋ ਕੁਝ ਬੀਬੀ ਸ਼ਰਨੀ ਆਖ ਰਹੀ ਹੈ।'

'ਹਾਂ ਸਰਦਾਰ ਸੁਣ ਲਿਆ ਹੈ। ਭੀਮ ਸੈਨ ਨੇ ਸੱਜੇ ਹੱਥ ਨਾਲ ਖੱਬੇ ਹੱਥ ਦੀਆਂ ਉਂਗਲੀਆਂ ਮਰੋੜਦਿਆਂ ਹੋਇਆਂ ਉੱਤਰ ਦਿੱਤਾ। ਉਸ ਦਾ ਸਿਰ ਨੀਵਾਂ ਸੀ।

'ਕੀ ਸਲਾਹ ਹੈ?'

'ਪਿਤਾ ਜੀ ਨੂੰ ਪੁਛਦਾ ਹਾਂ। ਮੇਰਾ ਤਾਂ ਆਪ ਘਰ ਜਾਣ ਨੂੰ ਚਿੱਤ ਨਹੀਂ ਕਰਦਾ। ਪਠਾਣਾਂ ਦੀ ਗੁਲਾਮੀ ਤੋਂ ਤੰਗ ਆ ਚੁੱਕੇ ਹਾਂ।'

'ਅੰਮ੍ਰਿਤ ਛਕਣ ਵਾਸਤੇ ਤਿਆਰ ਹੈਂ?'

'ਹਾਂ ਜੀ!'

'ਗੁਰੂ ਦੀਆਂ ਦੱਸੀਆਂ ਰਹਿਤਾਂ ਉੱਤੇ ਚਲੇਂਗਾ?'

'ਹਾਂ ਜੀ!'

ਭੀਮ ਸੈਨ ਦੇ ਬਾਪ ਵੀਰ ਭਾਨ ਨੂੰ ਸੱਦਿਆ ਗਿਆ। ਜਦੋਂ ਉਸਦੀ ਨੂੰਹ (ਸ਼ਰਨੀ) ਤੇ ਪੁੱਤ ਦੀ ਸਲਾਹ ਦੱਸੀ ਤਾਂ ਉਹ ਭੁਬੀਂ ਰੋ ਪਿਆ, ਜਿਵੇਂ ਪੁੱਤਰ ਦੇ ਮਰਨ ਦੀ ਸੁਣਾਈ ਆਉਂਦੀ ਹੈ। ਰੋਂਦਾ ਹੋਇਆ ਉਹ ਬੋਲਿਆ- 'ਨੂੰਹ ਪੁੱਤ ਨੂੰ ਏਥੇ ਨਹੀਂ ਰਹਿਣਾ ਚਾਹੀਦਾ ਪਿੰਡ ਚਲ ਕੇ ਵੱਸਣ ਤਾਂ ਚੰਗਾ ਹੈ ਦੁਕਾਨ ਬੰਦ ਹੋ ਜਾਵੇਗੀ। ਕਾਰੋਬਾਰ ਖ਼ਤਮ ਹੋ ਜਾਵੇਗਾ, ਲੈਣੇ ਦੀ ਵਸੂਲੀ ਰੁਕੇਗੀ। ਜੋ ਦੇਣਾ ਹੈ, ਉਹ ਦੇਣਾ ਪਵੇਗਾ। ਮੈਂ ਕਿਹੜਾ ਮੂੰਹ ਲੈ ਕੇ ਪਿੰਡ ਜਾਊਂ। ਲੋਕ ਮੈਨੂੰ ਪੁੱਛਣਗੇ, ਨੂੰਹ ਪੁੱਤ ਕਿਥੇ ਨੀ? ਫਿਰ ਮੈਂ ਕੀ ਉੱਤਰ ਦੇਵਾਂਗਾ। ਨਾਲੇ ਅਸਾਡੀ ਕੁਲ ਵਿਚੋਂ, ਅਸਾਡੇ ਸ਼ਰੀਕੇ ਵਿਚੋਂ ਕੋਈ ਸਿੱਖ ਨਹੀਂ ਬਣਿਆ, ਜੇ ਇਹ ਸਿੱਖ ਬਣੇ ਤਾਂ ਬਹੁਤ ਭੰਡੀ ਹੋਵੇਗੀ।'

'ਅੰਮ੍ਰਿਤ ਛਕਣ ਤੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਣਾ ਕਿਹੜੀ ਭੰਡੀ ਵਾਲੀ ਗੱਲ ਹੈ?'

'ਜੀ ਜੋ ਬਜ਼ੁਰਗਾਂ ਦਾ ਧਰਮ ਤੁਰਿਆ ਆਉਂਦਾ ਹੈ, ਉਹੋ ਹੀ ਚੰਗਾ ਹੈ, ਨਵੇਂ ਧਰਮ ਧਾਰਨ ਕਰਨੇ ਨਵੇਂ ਟੰਟੇ ਸਹੇੜਨੇ ਹਨ।'

'ਇਸ ਦਾ ਭਾਵ ਇਹ ਹੈ ਕਿ ਨਿਰਬਲਤਾ ਦਾ ਸ਼ਿਕਾਰ ਹੋ ਕੇ ਗਵਾਂਢੀਆਂ ਤੇ ਸ਼ੈਤਾਨਾਂ ਕੋਲੋਂ ਜੁੱਤੀਆਂ ਖਾਣ ਨੂੰ ਚੰਗਾ ਸਮਝਦੇ ਜੇ?'

'ਸਰਕਾਰ ! ਸਾਰੇ ਮਾੜੇ ਨਹੀਂ ਹੁੰਦੇ।'

'ਫਿਰ ਮੈਂ ਤਾਂ ਕੁਝ ਨਹੀਂ ਕਰ ਸਕਦਾ। ਤੇਰੀ ਨੂੰਹ ਤੇ ਤੇਰੇ ਪੁੱਤ ਨੇ ਅੰਮ੍ਰਿਤ ਛਕਣਾ ਆਪਣੀ ਮਰਜ਼ੀ ਨਾਲ ਪ੍ਰਵਾਨ ਕੀਤਾ ਹੈ। ਉਹਨਾਂ ਨੂੰ ਛਕਾਇਆ ਜਾਵੇਗਾ। ਅੱਗੇ ਆਪ ਦੀ ਮਰਜ਼ੀ।'

ਸੰਤਰੀ ਨੂੰ ਸਰਦਾਰ ਹਰੀ ਸਿੰਘ ਨੇ ਆਖਿਆ-'ਦੇਖ ਭਈ ਇਸ ਜੋੜੀ ਨੂੰ ਕੱਲ ਸਵੇਰੇ ਅੰਮ੍ਰਿਤ ਛਕਾਉਣਾ ਹੈ। ਗਰੰਥੀ ਨੂੰ ਕਹਿਣਾ ਤਿਆਰੀ ਕਰੇ, ਕੱਲ ਅੰਮ੍ਰਿਤ ਪਾਨ ਕਰਾਇਆ ਜਾਵੇਗਾ। ਬੀਬੀ ਨੂੰ ਟੱਬਰਦਾਰਾਂ ਦੇ ਪਾਸੇ ਲੈ ਜਾਓ। ਕੋਠੜੀ ਖ਼ਾਲੀ ਕਰਾ ਕੇ ਰਹਿਣ ਲਈ ਦਿਓ!'

ਵੀਰ ਭਾਨ ਨੂੰ-'ਤੁਸੀਂ ਜਾਓ ਜੀ ਆਪਣੇ ਘਰ ਨੂੰ।'

ਵੀਰ ਭਾਨ ਇਹ ਸੁਣ ਕੇ ਫਿਰ ਭੁਬੀਂ ਰੋ ਪਿਆ, ਪਰ ਉਸਦੇ ਰੋਣ ਦੀ ਕਿਸੇ ਕੱਖ ਪ੍ਰਵਾਹ ਨਾ ਕੀਤੀ । ਉਸ ਦੇ ਨੂੰਹ ਪੁੱਤ ਨੇ ਵੀ ਉਸ ਦਾ ਸਾਥ ਛੱਡ ਦਿੱਤਾ।

੭.

ਗੁਰੂ ਦੇ ਅੰਮ੍ਰਿਤ ਦੀ ਸ਼ਕਤੀ ਨੂੰ ਉਹੋ ਜਾਣਦੇ ਨੇ, ਜਿੰਨ੍ਹਾਂ ਗੁਰੂ ਦੇ ਅੰਮ੍ਰਿਤ ਨੂੰ 'ਅੰਮ੍ਰਿਤ' ਸਮਝਿਆ। ਉਸ 'ਤੇ ਵਿਸ਼ਵਾਸ ਕੀਤਾ ਤੇ ਦੱਸੇ ਅਸੂਲਾਂ ਅਨੁਸਾਰ ਜੀਵਨ ਨੂੰ ਬਣਾ ਲਿਆ। ਉਹਨਾਂ ਨੇ ਪੁਕਾਰ ਪੁਕਾਰ ਕੇ ਜਗਤ ਨੂੰ ਕਿਹਾ- 'ਲੋਕੋ! ਅੰਮ੍ਰਿਤ ਵਿਚ ਬੜੀ ਸ਼ਕਤੀ ਜੇ। ਗਿਦੜੋਂ ਸ਼ੇਰ ਬਣਾ ਦੇਂਦਾ ਜੇ। ਮੁਰਦੇ ਜੀਅ ਉਠਦੇ ਨੇ। ਮਾੜੇ ਨੂੰ ਬਲ ਮਿਲ ਜਾਂਦਾ ਹੈ!' ਅੰਮ੍ਰਿਤ ਦੀ ਅਥੰਮੀ ਸ਼ਕਤੀ ਨੇ ਜਿਨ੍ਹਾਂ ਦੇ ਜੀਵਨ ਪਲਟੇ ਉਹਨਾਂ ਦੀਆਂ ਸਾਖੀਆਂ ਨਾਲ ਖ਼ਾਲਸਾ ਇਤਿਹਾਸ ਭਰਿਆ ਪਿਆ ਹੈ। ਵਰਤਮਾਨ ਸਮੇਂ ਨਾਸਤਿਕਤਾ ਤੇ ਮਾਦਾਪ੍ਰਸਤੀ ਦਾ ਜ਼ੋਰ ਹੈ ਫਿਰ ਵੀ ਐਸੇ ਟਾਵੇਂ ਟਾਵੇਂ ਅੰਮ੍ਰਿਤਧਾਰੀ ਸਿੰਘ ਮਿਲਦੇ ਨੇ, ਜਿਨ੍ਹਾਂ ਦੇ ਪਹਿਲੇ ਤੇ ਪਿਛਲੇ ਜੀਵਨ 'ਚ ਬਹੁਤ ਫ਼ਰਕ ਹੈ। ਅੰਮ੍ਰਿਤ ਦੀ ਸ਼ਕਤੀ ਨੇ ਉਹਨਾਂ ਨੂੰ ਅਮਰ ਕੀਤਾ ਹੋਇਆ ਹੈ। ਉਹ ਮੌਤ ਕੋਲੋਂ ਭੈ ਨਹੀਂ ਖਾਂਦੇ। ਉਹ ਜਗਤ ਦੇ ਭਲੇ ਵਾਸਤੇ ਹਨ, ਬੁਰੇ ਵਾਸਤੇ ਨਹੀਂ।

ਸ਼ਰਨੀ, ਉਸਦੇ ਪਤੀ ਭੀਮ ਸੈਨ ਅਤੇ ਵੀਰ ਭਾਨ ਨੇ ਅੰਮ੍ਰਿਤ ਪਾਨ ਕਰ ਲਿਆ। ਉਹ ਗੁਰੂ ਘਰ ਦੇ ਸ਼ਰਧਾਲੂ ਤੇ ਗੁਰੂ ਕੇ ਸਿੰਘ ਬਣ ਗਏ। ਜੀਵਨ ਵਿਚ ਇਨਕਲਾਬ ਆ ਗਿਆ। ਸ਼ਰਨੀ ਦਾ ਨਾਂ 'ਸ਼ਰਨ ਕੌਰ' ਰਖਿਆ ਗਿਆ, ਭੀਮ ਸੈਨ ਨੂੰ ਭੀਮ ਬਲੀ ਸਿੰਘ ਅਤੇ ਵੀਰ ਭਾਨ ਨੂੰ ਬੀਰ ਸਿੰਘ ਆਖ ਕੇ, ਬੁਲਾਉਣ ਲੱਗੇ। ਨਾਵਾਂ ਦੇ ਬਦਲਣ ਨਾਲ ਉਹਨਾਂ ਦੇ ਸਰੀਰਕ ਅੰਗਾਂ ਦਾ ਵੀ ਹੁਲੀਆਂ ਬਦਲ ਗਿਆ, ਆਤਮਾ ਤਕੜੀ ਹੋ

ਗਈ। ਅੱਖਾਂ ਦੀ ਜੋਤ ਵੀ ਚਮਕੀ ਤੇ ਚਿਹਰੇ ਉੱਤੇ ਲਾਲੀਆਂ ਭਖਣ ਲੱਗੀਆਂ। ਬੀਰ-ਰਸ ਝੂਮਣ ਲੱਗੇ। ਸਾਰਿਆਂ ਨੇ ਬਾਣੀ ਦਾ ਪਾਠ ਕਰਨਾ ਸਿਖਿਆ।

ਸ਼ਰਨ ਕੌਰ ਗੁਰੂ ਕੇ ਲੰਗਰ ਵਿਚ ਸੇਵਾ ਕਰਨ ਲੱਗੀ ਤੇ ਭੀਮ ਬਲੀ ਸਿੰਘ ਫ਼ੌਜ ਵਿਚ ਭਰਤੀ ਹੋ ਕੇ ਲੜਾਈ ਦੇ ਢੰਗ ਸਿਖਣ ਲੱਗਾ। ਜਿਹੜੇ ਹੱਥ ਤੱਕੜੀ ਦੀ ਡੰਡੀ ਫੜ ਕੇ ਘੱਟ ਤੋਲਣ ਦੇ ਆਦੀ ਸਨ, ਉਹੋ ਹੱਥ ਤਲਵਾਰ ਫੜ ਕੇ ਪੂਰਾ ਤੋਲਣ ਤੇ ਮਾੜੇ ਦੀ ਸਹਾਇਤਾ ਕਰਨ ਦਾ ਵਲ ਸਿਖਣ ਲੱਗੇ।

ਬੀਬੀ ਸ਼ਰਨ ਕੌਰ ਪਹਿਲਾਂ ਹੀ ਬਹੁਤ ਸਨੁੱਖੀ, ਜੁਆਨ ਤੇ ਦਲੇਰ ਸੀ, ਪਰ ਅੰਮ੍ਰਿਤ ਪਾਨ ਕਰਨ ਪਿੱਛੋਂ ਉਹਦੀ ਸੁੰਦਰਤਾ ਵਿਚ ਹੋਰ ਵਾਧਾ ਹੋ ਗਿਆ। ਉਹ ਕਦ-ਕਾਠ ਤੇ ਚਿਹਰੇ ਦੇ ਨਕਸ਼ਾਂ ਵਲੋਂ ਸਹੀ ਫਰੀਦੀ ਮੁਟਿਆਰ ਜਾਪਦੀ ਸੀ। ਉਹਦੀ ਅਕਲ ਤੇ ਦਲੇਰੀ ਨੂੰ ਦੇਖ ਕੇ ਫੌਜੀ ਅਫਸਰ ਸ: ਮਹਾਂ ਸਿੰਘ ਨੇ ਇਕ ਦਿਨ ਸ: ਹਰੀ ਸਿੰਘ ਜੀ ਨਾਲ ਸਲਾਹ ਕੀਤੀ- 'ਸਰਦਾਰ ਜੀ! ਬੀਬੀ ਸ਼ਰਨ ਕੌਰ ਤੇ ਉਨ੍ਹਾਂ ਦੇ ਪਤੀ ਭੀਮ ਬਲੀ ਸਿੰਘ ਏਧਰ ਦੇ ਜੰਮ ਪਲ ਹਨ। ਪਸ਼ਤੋ ਬੋਲੀ ਇਨ੍ਹਾਂ ਦੀ ਮਾਦਰੀ ਜ਼ਬਾਨ ਹੈ। ਕੱਦ, ਲਿਬਾਸ, ਚਿਹਰੇ ਦੇ ਨਕਸ਼ ਅਤੇ ਜ਼ਬਾਨ ਵਲ, ਸਭ ਵਜ਼ੀਰੀਆਂ ਦੇ ਫਰੀਦੀਆਂ ਵਰਗੇ ਹਨ। ਕਿਉਂ ਨਾ ਇਨ੍ਹਾਂ ਨੂੰ ਜਾਸੂਸ ਮੁਕਰਰ ਕਰੀਏ। ਇਹ ਪਹਾੜੀ ਇਲਾਕਾ ਹੈ। ਏਥੇ ਵੱਸਣ ਵਾਲੀਆਂ ਕੌਮਾਂ ਕਦੀਮੀ ਲੁਟੇਰੀਆਂ ਹਨ। ਉਨ੍ਹਾਂ ਨੇ ਆਪਣੇ ਅੱਡੇ ਐਸੀਆਂ ਖ਼ਤਰਨਾਕ ਥਾਵਾਂ ਉੱਤੇ ਬਣਾਏ ਤੇ ਉਸਾਰੇ ਹਨ, ਜਿਥੇ ਹਮਲਾ ਕਰਨਾ ਬਹੁਤ ਕਠਿਨ ਹੁੰਦਾ ਹੈ। ਉਨ੍ਹਾਂ ਦੇ ਰਾਹਾਂ ਦਾ ਭੇਤ ਪਾਇਆ ਜਾਵੇ ਤਾਂ ਦੁਸ਼ਮਣ 'ਤੇ ਫ਼ਤਹਿ ਪਾਉਣੀ ਸੌਖੀ ਹੈ।'

'ਇਹ ਗੱਲ ਤਾਂ ਆਪ ਦੀ ਠੀਕ ਹੈ। ਇਨ੍ਹਾਂ ਨੂੰ ਜਾਸੂਸ ਮੁਕਰਰ ਕਰੋ। ਇਸ ਤਰ੍ਹਾਂ ਇਹ ਜੋੜੀ ਖ਼ਾਲਸਾ ਪੰਥ ਤੇ ਖ਼ਾਲਸਾ ਰਾਜ ਦੀ ਬਹੁਤ

ਸੇਵਾ ਕਰ ਸਕੇਗੀ। ਅੱਜ ਹੀ ਮੁਕਰਰ ਕਰੋ। ਲੋੜੀਦਾ ਸਾਮਾਨ ਤੇ ਲਿਬਾਸ ਲੈ ਦਿਓ, ਕਿਸੇ ਚੀਜ਼ ਦੀ ਥੁੜੋਂ ਨਾ ਰਹੇ। ਜਿਨ੍ਹਾਂ ਦੁਸ਼ਮਨਾਂ ਦੇ ਅੱਡਿਆਂ ਉੱਤੇ ਹੱਲਾ ਕਰਨਾ ਹੈ, ਉਨ੍ਹਾਂ ਦੇ ਭੇਤ ਮੰਗਵਾਓ।' ਇਉਂ ਸਰਦਾਰ ਹਰੀ ਸਿੰਘ ਨੇ ਸਰਦਾਰ ਮਹਾਂ ਸਿੰਘ ਨੂੰ ਮਨਜ਼ੂਰੀ ਦਿੱਤੀ।

ਸ: ਮਹਾਂ ਸਿੰਘ ਨੇ ਉਸ ਵੇਲੇ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਨੂੰ ਆਪਣੇ ਕੋਲ ਸੱਦਿਆ। ਇਕ ਦੂਜੇ ਦਾ ਯੋਗ ਸਤਿਕਾਰ ਕਰਨ ਪਿੱਛੋਂ ਇੰਝ ਗੱਲ ਬਾਤ ਸ਼ੁਰੂ ਹੋਈ–

ਮਹਾਂ ਸਿੰਘ– ਤੁਸਾਂ ਦੋਹਾਂ ਨੂੰ ਇਸ ਕਰਕੇ ਸੱਦਿਆ ਗਿਆ ਹੈ ਕਿ ਤੁਸੀਂ ਦੋਵੇਂ ਖ਼ਾਲਸਾ ਰਾਜ ਦੀ ਠੋਸ ਸੇਵਾ ਕਰ ਸਕੋ। ਸ਼ਰਨ ਕੌਰ- (ਖ਼ੁਸ਼ੀ ਨਾਲ ਮੁਸਕਰਾ ਕੇ) ਅਸੀਂ ਆਪਣੇ ਧੰਨ ਭਾਗ ਸਮਝੀਏ ਜੇ ਅਸਾਨੂੰ ਕੋਈ ਸੇਵਾ ਬਖ਼ਸ਼ੀ ਜਾਵੇ, ਜੀਵਨ ਦੇ ਦਿਨ ਬੜੇ ਆਨੰਦ ਨਾਲ ਗੁਜ਼ਾਰ ਰਹੇ ਹਾਂ। ਸੇਵਾ ਕਰਨ ਵਿਚ ਅਸਾਨੂੰ ਖ਼ੁਸ਼ੀਆਂ ਹੁੰਦੀਆਂ ਨੇ।

ਮਹਾਂ ਸਿੰਘ- (ਸੈਨਾਪਤੀ)ਸ: ਹਰੀ ਸਿੰਘ ਨਲੂਆ ਦੀ ਆਗਿਆ ਅਨੁਸਾਰ ਆਪ ਨੂੰ ਸੂਹੀਏ (ਜਾਸੂਸ) ਮੁਕਰਰ ਕੀਤਾ ਜਾਂਦਾ ਹੈ। ਏਧਰ ਦੇ ਮੁਸਲਮਾਨ (ਪਠਾਣਾਂ) ਵਰਗੇ ਲੀੜੇ ਬਣਵਾ ਕੇ ਦਿੱਤੇ ਜਾਣਗੇ। ਇਸ ਸਾਰੇ ਇਲਾਕੇ ਵਿਚ ਫਿਰ ਕੇ ਦੁਸ਼ਮਨਾਂ ਦੇ ਮੋਰਚੇ ਦੇਖਣ, ਦੁਸ਼ਮਨਾਂ ਦੇ ਬਲ ਦਾ ਪਤਾ ਲੈਣਾ ਤੇ ਪਰਜਾ ਨਾਲ ਹੁੰਦੇ ਧੱਕਿਆਂ ਦਾ ਖ਼ਿਆਲ ਰਖਣਾ। ਜੇ ਕੋਈ ਸੰਦੇਸ਼ ਭੇਜਣਾ ਹੋਇਆ ਕਰੇਗਾ ਉਹ ਵੀ ਤੁਹਾਡੇ ਜ਼ੁੰਮੇ ਹੋਵੇਗਾ, ਆਪਣੀ ਮਰਜ਼ੀ ਦੇ ਤਿੰਨ ਬੰਦੇ ਤੇ ਤਿੰਨ ਇਸਤ੍ਰੀਆਂ ਹੋਰ ਚੁਣ ਲਵੋ। ਘੋੜੇ ਸਵਾਰੀ ਲਈ ਮਿਲ ਜਾਣਗੇ।

ਸ਼ਰਨ ਕੌਰ- ਜਿਵੇਂ ਆਗਿਆ। ਤਨ, ਮਨ ਤੇ ਧਨ ਸਭ ਕੁਝ ਗੁਰੂ ਖ਼ਾਲਸੇ ਦਾ ਹੈ। ਜੇ ਖ਼ਾਲਸਾ ਪੰਥ ਆਪਣੀ ਬੱਚੀ ਕੋਲੋਂ ਕੌਮੀ ਲਾਭ ਹਿਤ ਸੇਵਾ ਲਵੇ ਤਾਂ ਇਸ ਨਾਲੋਂ ਹੋਰ ਕਿਹੜੀ ਖ਼ੁਸ਼ੀ ਦੀ ਗੱਲ ਹੋ ਸਕਦੀ ਹੈ।

ਮਹਾਂ ਸਿੰਘ-'ਦੇਖੋ! ਦੁਸ਼ਮਨ ਕੋਲੋਂ ਬਚ ਕੇ ਰਹਿਣਾ ਹੋਵੇਗਾ। ਜੇ

ਕਿਤੇ ਦੁਸ਼ਮਨ ਦੇ ਘੇਰੇ ਵਿਚ ਆ ਵੀ ਜਾਵੇ ਤਾਂ ਜਲਦੀ ਪਤਾ ਭੇਜਣਾ ਤਾਂ ਕਿ ਸਹਾਇਤਾ ਕੀਤੀ ਜਾ ਸਕੇ!'

ਭੀਮ ਬਲੀ ਸਿੰਘ-'ਸਰਦਾਰ ਜੀ! ਅਕਾਲ ਪੁਰਖ ਦੀ ਮਿਹਰ ਅਤੇ ਆਪ ਦੀ ਸਹਾਇਤਾ ਸਦਕਾ ਕਿਸੇ ਵਜ਼ੀਰ ਦੀ ਹਿੰਮਤ ਨਹੀ, ਮੇਰੇ ਜਾਂ ਇਹਦੇ (ਸ਼ਰਨ ਕੌਰ) ਦੇ ਗਲ ਪਵੇ। ਦੋਂਹ ਦੋਂਹ ਪਠਾਣਾਂ ਨੂੰ ਚੀਰ ਸੁੱਟਾਂ। (ਬਾਹੀਂ ਫਲਾ ਕੇ) ਗੁਰੂ ਦੇ ਅੰਮ੍ਰਿਤ ਦੀ ਬਰਕਤ ਹੈ। ਜਿਵੇਂ ਰਾਮ ਚੰਦਰ ਜੀ ਨੇ ਹਨੂੰਮਾਨ ਨੂੰ ਲੰਕਾ ਜਾਣ ਵਾਸਤੇ ਬਲ ਬਖਸ਼ਿਆ ਸੀ, ਤੇ ਉਹ ਅਜਿੱਤ ਰਿਹਾ, ਦੁਸ਼ਮਨ ਉਹਦਾ ਵਾਲ ਵਿੰਗਾ ਨਹੀਂ ਕਰ ਸਕੇ, ਤਿਵੇਂ ਗੁਰੂ ਪੰਥ ਦੀ ਕ੍ਰਿਪਾ ਨਾਲ ਅਸਾਡੀ ਵੀ ਵਾ ਵੱਲ ਕੋਈ ਨਹੀਂ ਦੇਖੇਗਾ।

ਮਹਾਂ ਸਿੰਘ (ਖ਼ੁਸ਼ ਹੋ ਕੇ)- ਸ਼ਾਬਾਸ਼ ਸਿੰਘ ਜੀ! ਸਿੰਘ ਦੇ ਹੌਸਲੇ ਐਸੇ ਹੀ ਹੋਣੇ ਚਾਹੀਦੇ ਨੇ, ਗੁਰੂ ਦਾ ਅੰਮ੍ਰਿਤ ਪਾਨ ਕਰ ਕੇ ਸੱਚਮੁਚ ਸਿੱਖ ਨਿਰਭੈ ਹੋ ਜਾਂਦਾ ਹੈ, ਮੌਤ ਨੂੰ ਮਖੌਲ ਕਰਦਾ ਹੈ..... ਤੇਰੇ ਹੌਸਲੇ ਦੀ ਮੈਂ ਉਪਮਾ ਕਰਦਾ ਹਾਂ। ਕਿਥੇ ਉਹ ਭੀਮ ਸੈਨ, ਜਿਸਨੇ ਪਠਾਣਾਂ ਦੀ ਸ਼ਕਲ ਦੇਖ ਕੇ ਬੋਦੀ ਫੜ ਲਈ ਸੀ, ਕਿਥੇ ਹੁਣ ਪਠਾਣਾਂ ਨੂੰ ਲਲਕਾਰਦਾ ਹੈ।...ਸੈਨਾਪਤੀ ਵੀ ਉਸ ਦਿਨ ਤੁਹਾਡੇ 'ਤੇ ਬਹੁਤ ਖ਼ੁਸ਼ ਹੋਏ ਸਨ, ਜਿਸ ਦਿਨ ਜੰਗੀ ਖੇਡਾਂ ਵਿਚ ਤੁਸਾਂ ਸੋਹਣਾ ਕੰਮ ਕੀਤਾ ਸੀ। ਖ਼ਾਸ ਕਰਕੇ ਤੁਹਾਡੇ ਘੋੜੇ ਦੀ ਅਸਵਾਰੀ ਨੂੰ ਬਹੁਤ ਸਲਾਹਿਆ ਗਿਆ ਸੀ! ਇਹ ਠੀਕ ਹੈ, ਫੁਰਤੀਲੇ ਜੇ, ਬਹਾਦਰ ਤੇ ਹੁਸ਼ਿਆਰ ਜੇ, ਤੁਹਾਡੀ ਜੀਵਨ ਸਾਥਣ ਚੰਡਕਾ ਦਾ ਪ੍ਰਤੱਖ ਰੂਪ ਹੈ, ਫਿਰ ਵੀ ਦੁਸ਼ਮਨ ਦਾ ਦਾਅ ਨਹੀਂ ਖਾਣਾ ਕਿਉਂਕਿ ਦੁਸ਼ਮਨ ਵਿਸਾਹ-ਘਾਤ ਬਹੁਤ ਕਰਦਾ ਹੈ। ਗੁਰੂ ਮਹਾਰਾਜ ਨੇ ਵੀ ਇਨ੍ਹਾਂ ਦਾ ਭਰੋਸਾ ਨਹੀਂ ਸੀ ਕੀਤਾ।

ਸ਼ਰਨ ਕੌਰ-(ਮਖੌਲ ਦੇ ਲਹਿਜੇ ਵਿਚ) ਇਹ ਜੀ ਹੁਣ ਪੁਰਾਣੇ ਲਾਲਾ ਜੀ ਨਹੀਂ ਰਹੇ ਹੁਣ ਸਿੰਘ ਨੇ, ਬਹਾਦਰੀ ਵਿਚ ਬਹੁਤ ਤਰੱਕੀ ਕਰੀ ਜਾ ਰਹੇ ਨੇ। ਸਰੀਰ ਦਾ ਵਜ਼ਨ ਬਹੁਤ ਵੱਧ ਗਿਆ ਏ। ਸਾਲ ਨੂੰ ਦੇਖਣਾ

ਪਹਿਲਵਾਨ ਬਣ ਜਾਣਗੇ।

ਮਹਾਂ ਸਿੰਘ-ਬੀਬੀ ਜੀ! ਹਰ ਗੁਰੂ ਦੇ ਸਿੰਘ ਨੂੰ ਪਹਿਲਵਾਨ ਹੀ ਬਣਨਾ ਚਾਹੀਦਾ ਹੈ। ਸਰੀਰਕ ਅਰੋਗਤਾ ਚੰਗੇਰੇ ਜੀਵਨ ਦੀ ਨਿਸ਼ਾਨੀ ਹੈ। ਜੋ ਸੁੱਤਾ ਮੰਜੀ ਤੋਂ ਨਹੀਂ ਉਠ ਸਕਦਾ, ਜਿਸ ਕੋਲੋਂ ਗਲੀ ਦਾ ਕੁੱਤਾ ਨਹੀਂ ਡਰਦਾ, ਜੋ ਸਦਾ ਖੰਘ, ਤਾਪ, ਦਰਦਾਂ, ਸਿਰ ਤੇ ਲੱਕ ਪੀੜ ਦਾ ਸ਼ਿਕਾਰ ਰਹਿੰਦਾ ਹੈ, ਉਸਨੇ ਦੇਸ਼ ਧਰਮ ਤੇ ਕੌਮ ਦੀ ਸੇਵਾ ਖ਼ਾਕ ਕਰਨੀ ਹੈ? ਉਹ ਤਾਂ ਆਪਣੇ ਆਪ ਦੀ ਰਾਖੀ ਨਹੀਂ ਕਰ ਸਕਦਾ। ਸਿੰਘ ਦਾ ਡੀਲ ਡੌਲ ਦੇਖ ਕੇ ਦੁਸ਼ਮਨ ਦਾ ਦਿਲ ਬਹਿ ਜਾਣਾ ਚਾਹੀਦਾ ਏ .....,ਦੇਖੋ ਨਾ ਸੈਨਾਪਤੀ (ਸ: ਹਰੀ ਸਿੰਘ ਨਲੂਆ) ਵੱਲ । ਸਾਰੇ ਖ਼ਾਲਸਾ ਪੰਥ ਵਿਚ ਨਮੂਨੇ ਦੇ ਸਿੰਘ ਹਨ। ਇਨ੍ਹਾਂ ਦਾ ਦਰਸ਼ਨ ਕਰਕੇ ਹੀ ਪਠਾਣ ਸਿਰ ਤੋਂ ਪੈਰਾਂ ਤਕ ਕੰਬ ਉਠਦੇ ਨੇ।

ਸ਼ਰਨ ਕੌਰ-ਸੈਨਾਪਤੀ ਜੀ ਉੱਤੇ ਵਾਹਿਗੁਰੂ ਦੀ ਖ਼ਾਸ ਕ੍ਰਿਪਾ ਹੈ। ਧੀਰਜ, ਧਰਮ ਤੇ ਦਇਆ ਦੇ ਦੇਵਤੇ ਹਨ।

ਮਹਾਂ ਸਿੰਘ-ਲਓ ਹੁਣ ਆਪਣੇ ਡੇਰੇ ਚਲੋ। ਮੈਂ ਸ: ਪਹਾੜਾ ਸਿੰਘ ਹੁਰਾਂ ਨੂੰ ਸੱਦ ਕੇ ਸਾਰਾ ਮਾਮਲਾ ਸਮਝਾ ਦੇਂਦਾ ਹਾਂ। ਕੱਲ ਨੂੰ ਤੁਹਾਨੂੰ ਬਾਹਰ ਭੇਜਿਆ ਜਾਵੇਗਾ।

ਸ਼ਰਨ ਕੌਰ-(ਦੋਵੇਂ ਹੱਥ ਜੋੜ ਕੇ) ਸਤਿ ਬਚਨ ਜੀ!

ਸ਼ਰਨ ਕੌਰ ਤੇ ਭੀਮ ਬਲੀ ਸਿੰਘ ਨੇ ਬੜੇ ਸਤਿਕਾਰ ਨਾਲ ਹੱਥ ਜੋੜ ਕੇ ਸਰਦਾਰ ਮਹਾਂ ਸਿੰਘ ਨੂੰ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ, ਬੁਲਾਈ ਅਤੇ ਉਹਨਾਂ ਦੇ ਕਮਰੇ ਵਿਚੋਂ ਹੱਸਦੇ ਹੋਏ ਬਾਹਰ ਆ ਗਏ।

੮.

ਕੁਝ ਦਿਨਾਂ ਪਿੱਛੋਂ, ਜਮਰੌਦ ਦੇ ਕਿਲ੍ਹੇ ਤੋਂ ਪੰਦਰਾਂ ਮੀਲ ਉੱਤਰ ਪੱਛਮ ਵਿਚ ਠੀਕ ਉੱਧਰ ਹੀ, ਜਿਧਰ ਸ਼ਰਨ ਕੌਰ ਦਾ ਪੇਕਾ ਪਿੰਡ ਸੀ, ਸ਼ਰਨ ਕੌਰ ਤੇ ਭੀਮ ਬਲੀ ਸਿੰਘ ਪੈਦਲ ਤੁਰੇ ਜਾ ਰਹੇ ਸਨ। ਦੋਹਾਂ ਨੇ ਪਠਾਣਾਂ ਵਰਗੇ ਜ਼ਨਾਨੇ ਤੇ ਮਰਦਾਵੇਂ ਲੀੜੇ ਪਾਏ ਹੋਏ ਸੀ। ਉਪਰਲੇ ਚੋਲੇ ਮੋਢਿਆਂ ਤੋਂ ਗਿੱਟਿਆਂ ਤਕ ਸਨ। ਉਨ੍ਹਾਂ ਨੇ ਅੰਦਰ ਹੀ ਸਾਰੇ ਹਥਿਆਰ ਲੁਕਾਏ ਹੋਏ ਸਨ। ਜਿਹੜੀ ਵੀ ਗੱਲ ਕਰਦੇ ਸੀ, ਉਹ ਪਸ਼ਤੋ ਜ਼ਬਾਨ ਵਿਚ ਹੀ ਕਰਦੇ ਸਨ। ਪਹਾੜੀ ਰਸਤਾ ਸੀ। ਕਿਤੇ ਖ਼ੁਸ਼ਕ ਪਹਾੜੀਆਂ ਤੇ ਕਿਤੇ ਹਰੇ ਭਰੇ ਜੰਗਲ। ਕਿਤੇ ਕਿਤੇ ਸੀਤਲ ਜਲ ਦੇ ਝਰਨੇ ਤੇ ਨਾਲੇ ਵੀ ਆਉਂਦੇ ਸਨ। ਜਿਥੇ ਉਨ੍ਹਾਂ ਨੇ ਪੁੱਜਣਾ ਸੀ, ਉਹ ਸ਼ਰਨ ਕੌਰ ਦੇ ਪੇਕੇ ਪਿੰਡ ਤੋਂ ਤਿੰਨ ਮੀਲ ਅੱਗੇ ਪਿੰਡ ਸੀ। ਪੇਕੇ ਪਿੰਡ ਦੀ ਹੋ ਕੇ ਜਾਈਦਾ ਸੀ।

ਜਦੋਂ ਦੀ ਡੋਲੀ ਬੈਠ ਕੇ ਸ਼ਰਨ ਕੌਰ ਪੇਕੇ ਪਿੰਡੋਂ ਨਿਕਲੀ ਸੀ, ਮੁੜ ਉਸ ਪਿੰਡ ਨਹੀਂ ਸੀ ਗਈ। ਉਹਦਾ ਮਾਂ ਬਾਪ ਜਮਰੌਦ ਦੇ ਕਿਲ੍ਹੇ ਵਿਚ ਹੀ ਦੋ ਵਾਰ ਉਸਨੂੰ ਮਿਲ ਗਿਆ ਸੀ। ਉਸਦਾ ਬਾਪ ਉਸ ਪਿੰਡ ਵਿਚ ਹੀ ਦੁਕਾਨ ਕਰੀ ਜਾਂਦਾ ਸੀ।

'ਮੈਂ ਆਖਿਆ ਜੀ! ਤੁਹਾਡਾ ਸਹੁਰਾ, ਪਿੰਡ ਵੀ ਰਾਹ ਵਿਚ ਆਉਂਦਾ ਹੈ।' ਸ਼ਰਨ ਕੌਰ ਨੇ ਬੁਲ੍ਹਾਂ ਉਤੇ ਮੁਸਕਰਾਹਟ ਲਿਆ ਕੇ ਆਖਿਆ।

'ਆਖ਼ਰ ਤੇਰਾ ਵੀ ਤਾਂ ਪਿੰਡ ਹੈ!' ਭੀਮ ਬਲੀ ਸਿੰਘ ਦਾ ਉੱਤਰ

ਜੀ।

'ਮਿਲ ਚਲੀਏ !'

'ਜੇ ਸਮਾਂ ਲੱਗੇ ਤਾਂ ਮਿਲ ਲੈਣਾ, ਕੋਈ ਸ਼ੱਕ ਨਾ ਹੋ ਜਾਵੇ।'

'ਸ਼ੱਕ ਕਿਸੇ ਨੂੰ ਨਹੀਂ ਹੋਣ ਦੇਂਦੇ। ਫਿਰ ਵੀ ਮਾਂ-ਬਾਪ ਨੇ, ਉਨ੍ਹਾਂ ਨੂੰ ਮਿਲਣ ਵਾਸਤੇ ਚਿਤ ਕਰ ਆਉਂਦਾ ਹੈ ਹੁਣ ਤਾਂ ਸਬੱਬ ਨਾਲ ਏਧਰ ਆਏ ਆਂ।'

'ਮੈਨੂੰ ਤਾਂ ਨਾ ਪਿੰਡ ਦਾ ਚੇਤਾ ਹੈ ਨਾ ਘਰ ਦਾ। ਤੇਰੀ ਹੀ ਹਿੰਮਤ ਨਾਲ ਪੁੱਜਣਾ ਹੈ।'

'ਉਸ ਪਿੰਡ ਕੋਲ ਜਾਂਦਿਆਂ ਨੂੰ ਹਨੇਰਾ ਹੋ ਜਾਣਾ ਹੈ। ਰਾਤ ਉਥੇ ਹੀ ਕਟਾਂਗੇ ਤੇ ਸਵੇਰੇ ਅੱਗੇ ਤੁਰ ਚਲਾਂਗੇ। ਆਖਰ ਰਾਤ ਵੀ ਤਾਂ ਕਿਤੇ ਕਟਣੀ ਹੈ?'

'ਮੇਰੇ ਨਾਲੋਂ ਤਾਂ ਤੂੰ ਸਿਆਣੀ ਏਂ, ਅਸਾਨੂੰ ਤਾਂ ਕੋਈ ਚਿੰਤਾ ਨਹੀਂ, ਕਿਤੇ ਉਨ੍ਹਾਂ ਨੂੰ ਕਿਸੇ ਬਿਪਤਾ ਦਾ ਸਾਹਮਣਾ ਨਾ ਕਰਨਾ ਪਵੇ। ਏਧਰ ਸਾਰੇ ਜਿਰਗੇ (ਸਰਦਾਰ ਤੇ ਚੋਧਰੀ) ਇਕੱਠੇ ਹੋ ਕੇ ਸਿੰਘਾਂ ਨਾਲ ਲੜਨਾ ਚਾਹੁੰਦੇ ਨੇ। ਉਹ ਹਰ ਹਿੰਦੂ ਤੇ ਸਿੱਖ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦੇ ਹਨ।'

'ਇਸ ਗੱਲ ਦੀ ਚਿੰਤਾ ਨਾ ਕਰੋ। ਨਾਲੇ ਪਿਤਾ ਜੀ ਕੋਲੋਂ ਗੱਲੋ ਗੱਲੀਂ ਕੋਈ ਭੇਤ ਲੱਗ ਜਾਵੇਗਾ ਕਿ ਕੀ ਗੋਂਦਾਂ ਗੁੰਦੀਆਂ ਜਾ ਰਹੀਆਂ ਨੇ। ਆਮ ਲੋਕਾਂ ਦੇ ਕੀ ਵਿਚਾਰ ਹਨ। ਹਿੰਦੂਆਂ ਨਾਲ ਕਿਵੇਂ ਵਰਤਦੇ ਨੇ। ਸਾਰੇ ਮਾਮਲੇ ਮੈਂ ਨਜਿਠ ਲਵਾਂਗੀ।'

ਇਉਂ ਗੱਲਾਂ ਕਰਦੇ ਹੋਏ ਆਪਣੀ ਮੌਜੇ ਤੁਰੇ ਜਾਂਦੇ ਸਨ ਕਿ ਪਸ਼ਤੋ ਵਿਚ ਕਿਸੇ ਨੇ ਉਨ੍ਹਾਂ ਨੂੰ ਹਾਕ ਮਾਰੀ 'ਭਈ ਕੌਣ ਜੇ?'

ਜਦੋਂ ਦੋਹਾਂ ਦੇ ਕੰਨੀਂ ਆਵਾਜ਼ ਪਈ ਤਾਂ ਛੇਤੀ ਨਾਲ ਉਨ੍ਹਾਂ ਨੇ ਚੋਗਿਰਦੇ ਫਿਰ ਕੇ ਦੇਖਿਆ। ਖੱਬੇ ਪਾਸੇ ਦਸਾਂ ਕੁ ਕਦਮਾਂ ਉੱਤੇ ਇਕ

ਅਧਖੜ ਉਮਰ ਦਾ ਪਠਾਣ ਉਹਨਾਂ ਨੂੰ ਦਿਸਿਆ।

ਭੀਮ ਬਲੀ ਸਿੰਘ ਨੇ ਹੌਂਸਲੇ ਨਾਲ ਉਸ ਨੂੰ ਪਸ਼ਤੋ ਵਿਚ ਪੁਛਿਆ 'ਕੀ ਤੂੰ ਅਸਾਨੂੰ ਆਵਾਜ਼ ਦਿੱਤੀ ਹੈ ?'

'ਹਾਂ!' ਇਹ ਉੱਤਰ ਦੇ ਕੇ ਉਹ ਹੇਠਾਂ ਸਰਕ ਆਇਆ। ਸ਼ਰਨ ਕੌਰ ਤੇ ਉਹਦਾ ਸਾਥੀ ਹੁਸ਼ਿਆਰ ਹੋ ਗਏ। ਦੋਵੇਂ ਚਾਰ ਚਾਰ ਕਦਮ ਇਕ ਦੂਜੇ ਕੋਲੋਂ ਦੂਰ ਹੋ ਕੇ ਖਲੋ ਗਏ। ਉਨ੍ਹਾਂ ਦੀਆਂ ਅੱਖਾਂ ਪਠਾਣ ਉੱਤੇ ਗੱਡੀਆਂ ਹੋਈਆਂ ਸਨ।

ਹੋਰ ਨੇੜੇ ਆ ਕੇ ਪੁਛਿਆ-'ਕਿਧਰੋਂ ਆਏ ਜੇ?'

'ਕੁਨੀ ਖਾਂ ਗੜ੍ਹੀ ਤੋਂ!' ਭੀਮ ਬਲੀ ਸਿੰਘ ਨੇ ਉੱਤਰ ਦਿੱਤਾ।

'ਕੀ ਨਾਂ ਤੇਰਾ?' ਭੀਮ ਬਲੀ ਸਿੰਘ ਵੱਲ ਦੇਖ ਕੇ ਉਹ ਪਠਾਣ ਬੋਲਿਆ।

'ਰੁਸਤਮ ਅਲੀ ਖਾਂ!'

'ਕੁਲ ਦਾ ਰਹਿਣ ਵਾਲਾ ਏਂ?'

'ਆਹੋ!'

'ਅੱਗੇ ਕਿੱਥੇ ਜਾਣਾ ਈ?'

'ਉਤਮਜ਼ਈ!'

'ਉਥੇ ਕੌਣ ਹੈ ਤੇਰਾ?'

'ਮੇਰੇ ਸਹੁਰੇ!'

'ਹੱਛਾ, ਇਹ ਦੱਸ ਪੰਜਾਬੀ ਸਿੰਘਾਂ ਦਾ ਕੋਈ ਰੌਲਾ ਤਾਂ ਨਹੀਂ ਜਮਰੌਦ ਦੇ ਨੇੜੇ?' ਪਠਾਣ ਨੇ ਪੁਛਿਆ-

'ਕਾਹਦਾ ਰੌਲਾ?'

'ਉਹ ਕੋਈ ਅੱਗੇ ਚੜ੍ਹਾਈ ਕਰਨ ਦੀ ਤਿਆਰੀ ਤਾਂ ਨਹੀਂ ਕਰ ਰਹੇ।'

'ਅਸਾਡੇ ਪਿੰਡ ਵਿਚ ਤਾਂ ਕਿਸੇ ਏਹੋ ਜਹੀ ਗੱਲ ਨਹੀਂ ਕੀਤੀ।'

'ਹੱਛਾ! ਤੂੰ ਬਾਹਰ ਅੰਦਰ ਨਹੀਂ ਜਾਂਦਾ? ਕਦੀ ਜਮਰੌਦ ਗਿਆ ਏਂ?'

'ਇਕ ਵਾਰੀ!'

'ਕਦੋਂ?'

'ਤਿੰਨ ਮਹੀਨੇ ਹੋਏ!'

'ਸਿੱਖਾਂ ਦੀ ਕਿੰਨੀ ਕੁ ਫੌਜ ਹੈ?'

'ਕੀ ਪੁਛਦੈਂ, ਪੰਜਾਬ ਵਲੋਂ ਆਈ ਹੀ ਜਾਂਦੇ ਨੇ, ਸਿੱਖ ਬੜਾ ਸ਼ੋਰ ਮਚਾਉਂਦੇ ਨੇ।'

'ਹੱਛਾ! ਤਾਂ ਜੰਗ ਹੋ ਕੇ ਰਹੇਗਾ।'

''ਹੈਂ ਜੰਗ.... ਕਿਸ ਨਾਲ ?' ਸ਼ਰਨ ਕੌਰ ਨੇ ਪੁਛਿਆ-'ਕੀ ਲਾਭ ਲੜਨ ਦਾ। ਸੁਖ ਨਾਲ ਟੁਕਰ ਨਹੀਂ ਖਾਈਦਾ, ਅੱਗੇ ਮੇਰਾ ਵੀਰ ਮਰ ਗਿਆ ਏ ਜੰਗ ਵਿਚ!'

'ਜੰਗ ਹੋਵੇਗਾ......ਅਕਬਰ ਅਲੀ ਉਤਮਜ਼ਈ ਨਾਲ, ਉਹ ਵੀ ਫੌਜ ਇਕੱਠੀ ਕਰ ਰਿਹਾ ਹੈ।'

'ਚਲੋ ਜੀ! ਆਪਣਾ ਪੈਂਡਾ ਖੋਟਾ ਹੁੰਦਾ ਏ। ਲੜਾਈਆਂ ਪੈਣ ਚੁੱਲ੍ਹੇ ਵਿਚ। ਜ਼ਮੀਨ ਪੁਟ ਕੇ ਰੋਟੀ ਖਾਣੀ ਹੈ।' ਸ਼ਰਨ ਕੌਰ ਨੇ ਵਿਅੰਗ ਨਾਲ ਆਖਿਆ।

ਸ਼ਰਨ ਕੌਰ ਤੇ ਉਸਦੇ ਸਾਥੀ ਨਾਲ ਗੱਲਾਂ ਕਰਨ ਵਾਲਾ ਪਠਾਣ ਬੜਾ ਚੌਕੰਨਾ ਜਾਪਦਾ ਸੀ। ਉਸਨੇ ਸ਼ਰਨੀ ਤੇ ਉਸਦੇ ਸਾਥੀ ਦੀਆਂ ਅੱਖਾਂ ਨੂੰ ਬਹੁਤ ਗੌਹ ਨਾਲ ਦੇਖਿਆ। ਉਸਨੂੰ ਕੋਈ ਸ਼ੱਕ ਪਿਆ ਕਿਉਂਕਿ ਉਹ ਖ਼ੁਦ ਉਤਮਜ਼ਈ ਦਾ ਰਹਿਣ ਵਾਲਾ ਸੀ। ਉਸ ਮਨ ਹੀ ਮਨ ਵਿਚ ਸੋਚਿਆ ਕਿ ਇਸ ਔਰਤ ਨੂੰ ਬਚਪਨ ਤੋਂ ਜੁਆਨੀ ਤਕ ਕਦੀ ਉਤਮਜ਼ਈ ਨਹੀਂ ਦੇਖਿਆ। ਕੋਈ ਭੇਤ ਹੈ। ਸ਼ਾਇਦ ਸਿੱਖਾਂ ਦੇ ਜਾਸੂਸ ਨਾ ਹੋਣ। ਉਹ ਦੋ ਕਦਮ ਹੋਰ ਅੱਗੇ ਹੋਇਆ। ਭੀਮ ਬਲੀ ਸਿੰਘ ਦੇ ਕੋਲ

ਹੋ ਕੇ ਕਹਿਣ ਲੱਗਾ-'ਪਹਿਲਾਂ ਏਧਰ ਚਲੋ। ਤੁਹਾਡੇ ਉੱਤੇ ਸ਼ੱਕ ਹੈ ਕਿ ਤੁਸੀਂ ਸਿੱਖਾਂ ਦੇ ਜਾਸੂਸ ਜੇ।' ਉਸਨੇ ਤਲਵਾਰ ਖਿੱਚ ਲਈ।

ਸ਼ਰਨ ਕੌਰ ਦੂਰ ਖਲੋਤੀ ਸੀ, ਉਹ ਹੌਲੀ ਹੌਲੀ ਅੱਗੇ ਸਰਕੀ। ਨਾਲ ਹੀ ਰੋਅਬ ਨਾਲ ਬੋਲੀ-'ਤੂੰ ਅੰਨ੍ਹਾ ਹੈਂ, ਪਾਗ਼ਲ ਹੈਂ। ਮੈਂ ਦਿਲਬਰ ਖਾਂ ਦੀ ਬੇਟੀ ਹਾਂ।'

ਜਿਉਂ ਹੀ ਪਠਾਣ ਨੇ ਸ਼ਰਨ ਕੌਰ ਵੱਲ ਮੂੰਹ ਕਰਕੇ ਉਸ ਨੂੰ ਉੱਤਰ ਦਿੱਤਾ ਤਾਂ ਭੀਮ ਬਲੀ ਸਿੰਘ ਨੇ ਉਹਦੇ ਉਸ ਗੁਟ ਨੂੰ ਘੁਟ ਲਿਆ, ਜਿਸ ਹੱਥ ਵਿਚ ਤਲਵਾਰ ਸੀ ਤੇ ਹੇਠੋਂ ਪੈਰ ਦਾ ਠੁਡਾ ਨਲਾਂ ਵਿਚ ਮਾਰਿਆ। ਪਠਾਣ ਨੂੰ ਠੁਡਾ ਐਸਾ ਸਖ਼ਤ ਲੱਗਾ, ਉਹ ਬੌਂਦਲ ਗਿਆ। ਸ਼ਰਨ ਕੌਰ ਨੇ ਚੋਲੇ ਹੇਠੋਂ ਖੰਜਰ ਖਿਚ ਕੇ ਪਠਾਣ ਦੀ ਵੱਖੀ ਵਿਚ ਖੋਭ ਦਿੱਤਾ।

'ਓ ਮਰ ਗਿਆ!' ਇਕੋ ਆਵਾਜ਼ ਨਿਕਲੀ ਮੁੜ ਨਾ ਬੋਲ ਸਕਿਆ, ਤਲਵਾਰ ਆਪਣੇ ਆਪ ਹੀ ਉਸ ਹੱਥੋਂ ਛੁੱਟ ਗਈ। ਉਹ ਧਰਤੀ ਉੱਤੇ ਡਿਗ ਪਿਆ। ਲਾਗੇ ਖੱਡ ਸੀ, ਸ਼ਰਨ ਕੌਰ ਨੇ ਉਸੇ ਵੇਲੇ ਲਤੋਂ ਫੜ ਕੇ ਖਿੱਚਿਆ ਤੇ ਖੱਡ ਵੱਲ ਉਲਾਰ ਦਿੱਤਾ। ਉਹ ਰਿੜ੍ਹਦਾ ਰਿੜ੍ਹਦਾ ਹੇਠਾਂ ਨੂੰ ਜਾਣ ਲੱਗਾ।

'ਚਲ ਉਤਮਜ਼ਈ ਨੂੰ!' ਸ਼ਰਨ ਕੌਰ ਬੋਲੀ।

'ਪੁੱਜ ਗਿਆ ਬੇਈਮਾਨ, ਇਸ ਦੀ ਅੱਖ ਬਹੁਤ ਤੇਜ਼ ਸੀ ਸਾਨੂੰ ਪਛਾਣ ਗਿਆ।'

'ਹੋਣਾ ਈ ਉਤਮਜ਼ਈ ਦਾ ਹੈ ਚਲੋ ਅੱਗੇ ਖਿਸਕੀਏ!' ਸ਼ਰਨ ਕੌਰ ਨੇ ਚੌਗਿਰਦੇ ਝਾਤ ਮਾਰ ਕੇ ਆਖਿਆ-'ਅਜੇ ਤਾਂ ਕੋਈ ਨੇੜੇ ਤੇੜੇ ਨਹੀਂ ਦਿਸਦਾ।'

'ਠੀਕ ਹੈ। ਅੱਗੇ ਚੱਲ ਕੇ ਹੱਥ ਮੂੰਹ ਧੋਵਾਂਗੇ।'

ਦੋਵੇਂ ਵਾਹੋ ਦਾਹੀ ਤੁਰ ਪਏ। ਉਨ੍ਹਾਂ ਨੂੰ ਰਾਹ ਵਿਚ ਕੋਈ ਨਾ ਮਿਲਿਆ ਤੇ ਨਾ ਕਿਸੇ ਉਨ੍ਹਾਂ ਨੂੰ ਪੁਛਿਆ ਕਿ ਉਹ ਕਿਧਰ ਜਾ ਰਹੇ ਨੇ।

'ਉਹ ਕਹਿੰਦਾ ਸੀ ਸਰਦਾਰ ਕੋਲ ਚਲੋ, ਹੋ ਸਕਦਾ ਹੈ ਕਿ ਉਸ ਥਾਂ ਫੌਜੀ ਮੋਰਚਾ ਹੋਵੇ।' ਸ਼ਰਨ ਕੌਰ ਨੇ ਆਖਿਆ। ਉਹ ਉਸ ਵੇਲੇ ਘਟਨਾ ਵਾਲੀ ਥਾਂ ਤੋਂ ਬਹੁਤ ਦੂਰ ਨਿਕਲ ਗਏ ਸਨ।

'ਮੈਂ ਵੀ ਏਹੋ ਸਮਝ ਰਿਹਾ ਹਾਂ!' ਭੀਮ ਬਲੀ ਸਿੰਘ ਨੇ ਉੱਤਰ ਦਿੱਤਾ।

'ਸ਼ਰਨੀ! ਹੁਣ ਤੂੰ ਬਹੁਤ ਬਲਵਾਨ ਹੋ ਗਈ ਹੈਂ।'

'ਕਿਉਂ?'

'ਪਠਾਣ ਦੀ ਵੱਖੀ ਵਿਚ ਖੰਜਰ ਮਾਰੀ, ਮੁੜ ਕੁਸਕਿਆ ਹੀ ਨਹੀਂ। ਦੂਸਰਾ ਸਾਹ ਨਹੀਂ ਲੈ ਸਕਿਆ।'

'ਤੇ ਆਪ ਵੀ ਬੱਸੀ ਫੜਨ ਵਾਲੇ ਨਹੀਂ ਰਹੇ। ਪਠਾਣ ਦਾ ਗੁਟ ਫੜ ਕੇ ਛੱਡਿਆ ਹੀ ਨਹੀਂ, ਅੱਗੇ ਵਹੁਟੀ ਵੀ ਛੱਡ ਗਏ ਸਓ। ਹੁਣ ਵੀ ਉਹੋ ਥਾਂ, ਉਹੋ ਪਠਾਣ ਤੇ ਉਹੋ ਮੈਂ।'

'ਦੁਨੀਆਂ ਉਹੋ ਹੈ। ਆਪਾਂ ਉਹੋ ਨਹੀਂ। ਗੁਰਾਂ ਦੀ ਮਿਹਰ ਹੈ, ਹੁਣ ਤਾਂ ਸ਼ੇਰ ਬਣ ਗਏ ਹਾਂ, ਸ਼ੌਕ ਹੈ ਕਿਸੇ ਵੱਡੇ ਯੁੱਧ ਵਿਚ ਤਲਵਾਰ ਨਾਲ ਖੇਡਾਂ। ਆਪਣੀ ਨਿਰਾਦਰੀ ਦਾ ਬਦਲਾ ਲੈਣ ਖਾਤਰ, ਬਹੁਤ ਦੁਸ਼ਮਨ ਮਾਰਨੇ ਹਨ।'

'ਕਦੀ ਮੌਕਾ ਮਿਲ ਜਾਵੇਗਾ।'

ਬਹਾਦਰੀ, ਰਾਜਨੀ ਤੇ ਲਾਭ ਪਿਆਰ ਦੀਆਂ ਗੱਲਾਂ ਕਰਦੇ ਤੁਰੇ ਗਏ। ਪੰਧ ਮੁਕਣ ਦੇ ਨਾਲ ਦਿਨ ਵੀ ਮੁਕਦਾ ਗਿਆ, ਸੂਰਜ ਡੁਬ ਗਿਆ ਪਰ ਸ਼ਰਨ ਕੌਰ ਦਾ ਪੇਕੀ ਪਿੰਡ ਅਜੇ ਤਿੰਨ ਮੀਲ ਰਹਿੰਦਾ ਸੀ। ਪਹਾੜੀ ਪੈਂਡਾ ਦੋ ਘੰਟੇ ਦਾ ਸੀ।

ਡੁਬਦੇ ਸੂਰਜ ਵੱਲ ਦੇਖ ਕੇ ਸ਼ਰਨ ਕੌਰ ਬੋਲੀ-'ਸੂਰਜ ਅਸਤ ਹੋ ਗਿਆ, ਪਰ ਪੈਂਡਾ ਅਜੇ ਵਾਹਵਾ ਰਹਿੰਦਾ ਹੈ। ਮੈਨੂੰ ਤਾਂ ਭੁੱਖ ਵੀ ਲੱਗ ਗਈ ਹੈ।'

'ਤੁਰੀ ਚੱਲ, ਅੱਜ ਤੇਰੀ ਮਾਂ ਦੀਆ ਪੱਕੀਆਂ ਖਾਵਾਂਗੇ।' ਭੀਮ ਬਲੀ ਸਿੰਘ ਨੇ ਮਖੌਲ ਦੇ ਲਹਿਜੇ ਵਿਚ ਆਖਿਆ।

'ਮੇਰੀ ਮਾਂ ਹੈ, ਤੇ ਤੁਹਾਡੀ ਦੁਸ਼ਮਨ ਥੋੜ੍ਹੀ ਹੈ।'

'ਮੇਰੀ ਵੀ ਮਾਂ ਹੀ ਹੋਈ, ਮੈਂ ਵੀ ਖਾ ਲਵਾਂਗਾ।'

ਦੋਵੇਂ ਹੱਸ ਪਏ। ਹਾਸੇ ਦੇ ਨਾਲ ਇਕ ਦੂਸਰੇ ਦੇ ਚਿਹਰੇ ਨੂੰ ਵੀ ਪਿਆਰ ਭਰੀਆਂ ਨਿਗਾਹਾਂ ਨਾਲ ਤੱਕਿਆ। ਇਕ ਦੂਜੇ ਦੇ ਪਿਆਰ ਨੂੰ ਅੱਖਾਂ ਨੇ ਪੀਤਾ। ਬਹੁਤ ਨੇੜੇ ਹੋ ਕੇ ਮੋਢੇ ਨਾਲ ਮੋਢਾ ਘਸਰ ਕੇ ਚੱਲਣ ਲੱਗੇ।

ਤ੍ਰਿਕਾਲਾਂ ਵੇਲੇ ਪਹਾੜ ਵਿਚ ਹੌਲੀ ਬੋਲਿਆਂ ਵੀ ਆਵਾਜ਼ ਬਹੁਤ ਦੂਰ ਚਲੀ ਜਾਂਦੀ ਹੈ। ਪਹਾੜਾਂ ਦਾ ਪੁਲਾੜ ਹੀ ਆਵਾਜ਼ ਨੂੰ ਚੋਣੀ ਭਾਰੀ ਕਰਕੇ ਖਿਲਾਰ ਦੇਂਦਾ ਹੈ। ਇਹ ਕੁਦਰਤ ਦਾ ਅਟੱਲ ਅਸੂਲ ਹੈ।

ਰਾਹ ਤੋਂ ਦੂਰ, ਇਕ ਪਾਸਿਉਂ ਮਨੁੱਖੀ ਚੀਕ ਆਈ। ਚੀਕ ਬਹੁਤ ਬਾਰੀਕ ਤੇ ਜ਼ਨਾਨੀ ਦੀ ਪ੍ਰਤੀਤ ਹੁੰਦੀ ਸੀ, ਪਰ ਸੀ ਹਿਕ ਚੀਰਵੀਂ। 'ਨਾ ਮਾਰੋ....ਨਾ!' ਨਾਲ ਇਹ ਸਾਫ਼ ਸ਼ਬਦ ਸਨ।

'ਕੋਈ ਦੁਖੀਆ ਦੁਸ਼ਟਾਂ ਦੇ ਪੰਜੇ ਵਿਚ ਹੈ', ਸ਼ਰਨ ਕੌਰ ਬੋਲੀ।

'ਪ੍ਰਤੀਤ ਏਹੋ ਹੁੰਦਾ ਹੈ।'

'ਪਤਾ ਕਰਨਾ ਚਾਹੀਦਾ।'

'ਐਵੇਂ ਕਿਸੇ ਟੈਂਟੇ ਵਿਚ ਫਸਾਂਗੇ, ਜਿਸ ਕੰਮ ਚਲੇ ਹਾਂ, ਉਧਰ ਚਲੀਏ, ਏਧਰ ਤਾਂ ਹਨੇਰ ਛਾਇਆ ਹੋਇਆ ਹੈ, ਥਾਂ ਥਾਂ ਪਾਪ ਹੋ ਰਹੇ ਨੇ, ਇਹ ਤਾਂ ਖ਼ਾਲਸਾ ਰਾਜ ਦੇ ਦਰਬਾਰ ਨਾਲ ਹੀ ਜ਼ੁਲਮ ਨੂੰ ਡੱਕਾ ਪੈਣਾ ਹੈ।' ਭੀਮ ਬਲੀ ਸਿੰਘ ਦਾ ਕਹਿਣਾ ਸੀ।

'ਮੇਰਾ ਚਿੱਤ ਨਹੀਂ ਜੇ ਮੰਨਦਾ ਅੱਗੇ ਤੁਰਨ ਨੂੰ। ਸ਼ਾਇਦ ਕੋਈ ਮੇਰੇ ਵਰਗੀ ਅਬਲਾ ਹੀ ਹੋਵੇ। ਨੇੜੇ ਹੋ ਕੇ ਦੇਖੀਏ, ਜਿੰਨੀ ਹੋ ਸਕੇ ਸੇਵਾ ਕਰਨੀ ਚਾਹੀਦੀ ਹੈ। ਸੇਵਾ ਤੇ ਮਾੜਿਆਂ ਦੀ ਸਹਾਇਤਾ ਕਰਨਾ ਹੀ ਜੀਵਨ ਦਾ

ਪਰਮ ਧਰਮ ਹੈ।'

'ਚੱਲ ਤੇਰੀ ਮਰਜ਼ੀ! ਪਰ ਮਾਮਲਾ ਖ਼ਤਰੇ ਤੋਂ ਖ਼ਾਲੀ ਨਹੀਂ।' ਭੀਮ ਬਲੀ ਸਿੰਘ ਨੇ ਹਾਂ ਕਰ ਦਿੱਤੀ।

ਦੋਵੇਂ ਕਾਹਲੀ ਕਾਹਲੀ ਕਦਮ ਪੁੱਟ ਕੇ ਉਧਰ ਨੂੰ ਹੋਏ, ਜਿਧਰੋਂ ਆਵਾਜ਼ ਆਈ ਸੀ।

ਰਾਹ ਤੋਂ ਹਟਵੀਂ ਛੋਟੀ ਜਿਹੀ ਪਹਾੜੀ ਸੀ। ਉਸ ਦੇ ਅਗਲੇ ਪਾਸੇ ਹੋਏ ਤਾਂ ਉਹਨਾਂ ਵੇਖਿਆਂ ਨੀਵੀਂ ਥਾਂ ਤੇ ਮਨੁੱਖ ਬੋਲਦੇ ਨੇ, ਪਰ ਉਹਨਾਂ ਦੇ ਚਿਹਰੇ ਨਜ਼ਰ ਨਹੀਂ ਆਉਂਦੇ। ਦਸ ਕੁ ਕਦਮ ਹੋਰ ਅੱਗੇ ਹੋਏ ਬੋਲ ਸਾਫ਼ ਸੁਣਾਈ ਦੇਣ ਲੱਗਾ। ਕੋਈ ਆਖ ਰਿਹਾ ਸੀ-

'ਮੇਰੇ ਬੱਚੇ ਨੂੰ ਨਾ ਮਾਰੋ। ਮੇਰੀ ਇਸਤ੍ਰੀ ਨੂੰ ਕੁਝ ਨਾ ਆਖੋ, ਮੈਂ ਤੁਹਾਨੂੰ ਰੁਪਿਆ ਦੇ ਦੇਵਾਂਗਾ, ਦੋ ਹਜ਼ਾਰ ਰੁਪਿਆ।'

'ਨਹੀਂ ਪੰਜ ਹਜ਼ਾਰ, ਬੱਚਾ ਅਸਾਡੇ ਕੋਲ ਰਹੇਗਾ। ਰੁਪਿਆ ਦੇ ਜਾਣਾ ਤੇ ਬੱਚਾ ਲੈ ਜਾਣਾ।'

'ਨਹੀਂ, ਬੱਚਾ ਮੈਨੂੰ ਦੇ ਦੇਵੋ, ਮੈਂ ਧਰਮ ਦੀ ਸੌਂਹ ਖਾਂਦਾ ਹਾਂ।'

'ਤੇਰੇ ਧਰਮ 'ਤੇ ਅਸੀਂ ਭਰੋਸਾ ਨਹੀਂ ਕਰਦੇ, ਅੱਛਾ ਔਰਤ ਰਾਤ ਏਥੇ ਰਹੇਗੀ, ਤੂੰ ਦੌੜ ਜਾ ਤੇ ਰੁਪਿਆ ਲੈ ਆ, ਨਹੀਂ ਤਾਂ ਤਿੰਨਾਂ ਨੂੰ ਮਾਰ ਦਿਆਂਗੇ।'

ਇਹ ਗੱਲ ਬਾਤ ਸੁਣ ਕੇ ਸ਼ਰਨ ਕੌਰ ਨੇ ਭੀਮ ਬਲੀ ਸਿੰਘ ਦੇ ਕੰਨ ਵਿਚ ਹੌਲੀ ਜਿਹੀ ਆਖਿਆ-'ਰਾਤ ਦਾ ਵੇਲਾ ਹੈ। ਤਿੰਨ ਚਾਰ ਮਰਦਾਂ ਤੋਂ ਵੱਧ ਨਹੀਂ ਹੋਣੇ। ਲਲਕਾਰਾ ਮਾਰੀਏ, ਡਾਕੂ ਤੇ ਚੋਰ ਦੇ ਪੈਰ ਨਹੀਂ ਹੁੰਦੇ, ਨੱਸ ਜਾਣਗੇ। ਜੇ ਨਾ ਨੱਸਣ ਤਾਂ ਮੁਕਾਬਲਾ ਕਰਾਂਗੇ। ਜ਼ਰੂਰ ਹਿੰਦੂ ਹੀ ਘੇਰੇ ਹੋਣਗੇ।'

'ਖ਼ਤਰੇ ਦਾ ਕੰਮ ਹੈ।' ਭੀਮ ਬਲੀ ਸਿੰਘ ਨੇ ਜਵਾਬ ਦਿੱਤਾ।

'ਖ਼ਤਰੇ ਕੋਲੋਂ ਗੁਰੂ ਦੇ ਸਿੰਘ ਨੂੰ ਨਹੀਂ ਡਰਨਾ ਚਾਹੀਦਾ। ਗੁਰੂ

ਮਹਾਰਾਜ 'ਤੇ ਭਰੋਸਾ ਰਖੋ ਉਹ ਅੰਗ ਸੰਗ ਸਹਾਈ ਹੋਣਗੇ, ਧਰਮ ਦਾ ਕੰਮ ਹੈ। ਇਸਤ੍ਰੀ ਦੀ ਇੱਜ਼ਤ ਦਾ ਸਵਾਲ ਹੈ ਤਕੜੇ ਹੋਵੋ ਤਲਵਾਰ ਸੂਤੋ। ਪਟਾਕਾ ਕੱਢੋ। ਲਾਗੇ ਜਾ ਕੇ ਪਟਾਕਾ ਚਲਾ ਦਿਆਂਗੇ। ਡਰ ਜਾਣਗੇ ਕਿ ਖ਼ਬਰੇ ਇਹਨਾਂ ਕੋਲ ਵੀ ਕੁਝ ਹੈ। ਖ਼ਾਲਸੇ ਰਾਜ ਦੀ ਫ਼ੌਜ ਤੇ ਗੁਰੂ ਦੀ ਮਿਹਰ ਹੈ, ਦੋ ਤਾਕਤਾਂ ਅਸਾਡੇ ਪਿੱਛੇ ਹਨ। ਡਰਨ ਦੀ ਕੀ ਗੱਲ।'

'ਚਲੋ, ਆਖ ਕੇ ਉਪਰਲੇ ਚੋਲੇ ਹੇਠੋਂ ਭੀਮ ਬਲੀ ਸਿੰਘ ਨੇ ਤਲਵਾਰ ਮਿਆਨ ਵਿਚੋਂ ਖਿੱਚੀ, ਨਾਲ ਹੀ ਪਟਾਕਾ ਕੱਢ ਲਿਆ। ਪਟਾਕਾ ਅਸਲ ਵਿਚ ਪੁਰਾਣੇ ਸਮੇਂ ਦਾ ਪਿਸਤੌਲ ਸੀ। ਬਰੂਦ ਉਸ ਵਿਚ ਪੈਂਦਾ ਤੇ ਤੋੜੇ ਨਾਲ ਚਲਦਾ, ਉਹ ਆਮ ਪ੍ਰਚੱਲਿਤ ਨਹੀਂ ਸੀ। ਖ਼ਾਲਸਾ ਰਾਜ ਦੀਆਂ ਫੌਜਾਂ ਕੋਲ ਸੀ, ਜੋ ਫਰਾਂਸੀਸੀ ਜਰਨੈਲਾਂ ਦੇ ਦਿਮਾਗ਼ ਦੀ ਕਾਢ ਸੀ। ਅਫ਼ਸਰ ਲੋਕ ਕੋਲ ਰੱਖਦੇ ਸਨ। ਵੇਲੇ ਕੁਵੇਲੇ ਉਸ ਕੋਲੋਂ ਬਹੁਤ ਕੰਮ ਲਿਆ ਜਾਂਦਾ ਸੀ।

ਨੇੜੇ ਚਲੇ ਗਏ। ਪੱਥਰ ਦੀ ਆੜ ਲੈ ਕੇ ਨੀਵੇਂ ਹੋ ਕੇ ਉਨ੍ਹਾਂ ਦੇਖਿਆ, ਇਕ ਇਸਤ੍ਰੀ ਤੇ ਇਕ ਮਰਦ ਇਕ ਪਾਸੇ ਖਲੋਤੇ ਸਨ। ਚਾਰ ਮਰਦ ਇਕ ਪਾਸੇ ਸਨ। ਚੌਹ ਮਰਦਾਂ ਵਿਚੋਂ ਇਕ ਨੇ ਬੱਚਾ ਫੜਿਆ ਹੋਇਆ ਸੀ। ਇਸਤ੍ਰੀ ਤੇ ਮਰਦ ਹੱਥ ਜੋੜ ਕੇ ਤਰਲੇ ਕੱਢ ਰਹੇ ਸਨ ਕਿ ਉਹਨਾਂ ਦਾ ਬੱਚਾ ਨਾ ਮਾਰਿਆ ਜਾਵੇ।

'ਬੱਚਾ ਨਹੀਂ ਮਾਰਦੇ, ਬੱਚੇ ਦੀ ਮਾਂ ਨੂੰ ਛੱਡ ਜਾਹ ਨਾਲ ਅਸਾਡਾ ਆਦਮੀ ਲੈ ਜਾਹ ਤੇ ਰੁਪਿਆ ਪੰਜ ਹਜ਼ਾਰ ਲੈ ਆ। ਬੱਚੇ ਦੀ ਮਾਂ ਤੇ ਬੱਚਾ ਅਸਾਡੇ ਕੋਲ ਰਹਿਣਗੇ, ਇਨ੍ਹਾਂ ਨੂੰ ਕੁਝ ਨਹੀਂ ਆਖਦੇ, ਕੁਰਾਨ ਦੀ ਸੁਗੰਧ ਚੁਕਦੇ ਹਾਂ।'

ਏਨੇ ਨੂੰ ਸ਼ਰਨ ਕੌਰ ਨੇ ਭੀਮ ਬਲੀ ਸਿੰਘ ਨੂੰ ਕੂਹਣੀ ਮਾਰ ਕੇ ਇਸ਼ਾਰਾ ਕੀਤਾ ਕਿ ਉਹ ਪਟਾਕੇ ਨੂੰ ਤੋੜਾ ਲਾ ਦੇਵੇ, ਨਿਸ਼ਾਨਾ ਚੋਰਾਂ ਵੱਲ ਕਰੇ ਪਰ ਮਾਰੇ ਕਿਸੇ ਨੂੰ ਨਾ।

'ਠਾਹ, ਦਾ ਪਟਾਕਾ ਪਿਆ, ਧੂੰਆਂ ਨਿਕਲਿਆ। ਇਸਦੇ ਨਾਲ ਹੀ ਸ਼ਰਨ ਕੌਰ ਨੇ ਲਲਕਾਰਾ ਮਾਰ ਦਿੱਤਾ-'ਫੜ ਲਓ ਡਾਕੂਆਂ ਨੂੰ।'

ਡਾਕੂ ਘਬਰਾ ਗਏ, ਉਨ੍ਹਾਂ ਨੇ ਤਲਵਾਰਾਂ ਨੂੰ ਹੱਥ ਪਾਏ। ਜਿਸਨੇ ਬੱਚਾ ਫੜਿਆ ਹੋਇਆ ਸੀ, ਉਹਦੇ ਹੱਥੋਂ ਬੱਚਾ ਡਿੱਗ ਪਿਆ। ਕੁਦਰਤ ਦੇ ਰੰਗ ਪਟਾਕੇ ਵਿਚੋਂ ਨਿਕਲੇ ਸਿੱਕੇ ਦੇ ਦਾਣੇ ਉਹਦੀ ਬਾਂਹ ਉੱਤੇ ਲੱਗੇ, ਬਾਂਹ ਕਮਜ਼ੋਰ ਹੋ ਗਈ ਉਹ ਏਨਾ ਡਰਿਆ ਕਿ ਤਲਵਾਰ ਖਿੱਚ ਕੇ ਲੜਨ ਦੀ ਥਾਂ ਜਾਨ ਬਚਾਉਣ ਵਾਸਤੇ ਨੱਸ ਉਠਿਆ।

ਪਟਾਕੇ ਵਿਚ ਦੂਸਰਾ ਤੋੜਾ ਭਰਨਾ ਔਖਾ ਸੀ, ਕਿਉਂਕਿ ਵਕਤ ਬਹੁਤ ਥੋੜ੍ਹਾ ਸੀ, ਦੁਸ਼ਮਨ ਸਿਰ ਉੱਤੇ ਸੀ। ਤਲਵਾਰ ਸੂਤ ਕੇ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਰਹਿੰਦੇ ਤ੍ਰਿੰਨਾਂ ਪਠਾਣਾਂ ਦੇ ਗਲ ਪੈ ਗਏ। ਤਲਵਾਰ ਚੱਲਣ ਲੱਗੀ। ਔਰਤ ਤੇ ਮਰਦ ਬੱਚੇ ਨੂੰ ਚੁੱਕ ਕੇ ਪਾਸੇ ਹੋ ਗਏ। ਉਹ ਡਰੇ ਹੋਏ ਨਾ ਉਥੋਂ ਨੱਸ ਸਕਦੇ ਸਨ ਤੇ ਨਾ ਰਹਿ ਹੀ ਸਕਦੇ ਸਨ। ਜੀ ਭਿਆਣੇ ਪਾਸੇ ਖਲੋਤੇ ਕੰਬਣ ਲੱਗੇ। ਸ਼ਰਨ ਕੌਰ ਤੇ ਭੀਮ ਬਲੀ ਸਿੰਘ ਨੇ ਅੰਨ੍ਹੀ ਤਲਵਾਰ ਵਾਹੀ, ਪਠਾਣਾਂ ਦੇ ਪੈਰ ਉਖੜ ਗਏ। ਉਹ ਵਾਰ ਕਰਨ ਦੀ ਥਾਂ ਰੋਕਣ ਵਿਚ ਰਹੇ। ਭੀਮ ਬਲੀ ਸਿੰਘ ਦੇ ਵਾਰ ਨਾਲ ਇਕ ਪਠਾਣ ਦੀ ਬਾਂਹ ਲਥ ਗਈ, ਉਹ ਪਿੱਛੇ ਹਟ ਕੇ ਨੱਸ ਉੱਠਿਆ। ਸ਼ਰਨ ਕੌਰ ਕੋਲੋਂ ਇਕ ਫੱਟੜ ਹੋਇਆ, ਉਹ ਧਰਤੀ 'ਤੇ ਡਿੱਗ ਪਿਆ। ਉਸਨੂੰ ਡਿੱਗਾ ਦੇਖ ਕੇ ਤੀਸਰੇ ਦਾ ਦਿਲ ਟੁੱਟ ਗਿਆ। ਉਹ ਵਾਰ ਬਚਾਉਂਦਾ ਹੋਇਆ ਹੌਲੀ ਹੌਲੀ ਪਿੱਛੇ ਹਟਿਆ ਤੇ ਆਖ਼ਰ ਚਾਲਾਕੀ ਤੇ ਹਿੰਮਤ ਨਾਲ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਦੀ ਮਾਰ ਹੇਠੋਂ ਨਿਕਲ ਕੇ ਸਿਰ ਉੱਤੇ ਪੈਰ ਰੱਖ ਰਾਤ ਦੇ ਹਨੇਰੇ ਵਿਚ ਗਵਾਚ ਗਿਆ। ਫੱਟੜ ਹੋਏ ਪਠਾਣ ਦੀ ਕੋਈ ਪ੍ਰਵਾਹ ਨਾ ਕੀਤੀ, ਉਹ ਮਰਿਆ ਕਿ ਜੀਉਂਦਾ, ਉਸ ਵੱਲ ਭੌਂ ਕੇ ਨਾ ਦੇਖਿਆ। ਦੋਵੇਂ ਛੇਤੀ ਨਾਲ ਇਸਤ੍ਰੀ ਤੇ ਬੱਚੇ ਕੋਲ ਗਏ।

'ਚਲੋਂ ਡਰ ਦੂਰ ਕਰੋ!' ਛੇਤੀ ਚਲੋ! ਭੀਮ ਬਲੀ ਸਿੰਘ ਨੇ ਆਖਿਆ।

'...ਕਿ...ਕਿਧਰ!' ਡਰੇ ਹੋਏ ਮਰਦ ਨੇ ਬੜੀ ਔਖਿਆਈ ਨਾਲ ਜ਼ਬਾਨੋ ਪੁਛਿਆ।

'ਜਿਧਰ ਤੁਹਾਡਾ ਘਰ ਹੈ। ਤੁਹਾਨੂੰ ਘਰ ਛੱਡ ਆਈਏ।'

ਬੱਚੇ ਨੂੰ ਸ਼ਰਨ ਕੌਰ ਨੇ ਚੁੱਕ ਲਿਆ। ਇਸਤ੍ਰੀ ਤੇ ਮਰਦ ਉਹਨਾਂ ਨਾਲ ਤੁਰ ਪਏ। ਉਹ ਸਾਰੇ ਰਾਹ ਉੱਤੇ ਆ ਗਏ।

੯.

ਜ਼ਖਮੀ ਹੋਏ ਪਠਾਣਾਂ ਨੇ ਸ਼ੋਰ ਮਚਾ ਦਿੱਤਾ ਕਿ ਪਠਾਣਾਂ ਦੇ ਭੇਸ ਵਿਚ ਸਿੱਖ ਫਿਰ ਰਹੇ ਜੇ। ਉਹ ਪਠਾਣਾਂ ਨੂੰ ਨੁਕਸਾਨ ਪਹੁੰਚਾ ਰਹੇ ਨੇ। ਇਲਾਕੇ ਦੀ ਸੂਹ ਕੱਢ ਰਹੇ ਨੇ, ਪਠਾਣ ਹੁਸ਼ਿਆਰ ਹੋ ਜਾਣ। ਸਿੰਘਾਂ ਦੇ ਲੜਾਕੇ ਬਹਾਦਰ ਹੋਣ ਦੀਆਂ ਸਾਖੀਆਂ ਪਠਾਣਾਂ ਵਿਚ ਪਹਿਲਾਂ ਹੀ ਪ੍ਰਚੱਲਿਤ ਸਨ। ਕਈ ਮਾਲਦਾਰ ਘਰਾਣੇ ਘਬਰਾ ਗਏ।

ਉਤਮਜ਼ਈ ਕਬੀਲੇ ਦਾ ਆਗੂ ਅਕਬਰ ਖਾਂ ਸੀ। ਉਹ ਉਸ ਸਮੇਂ ਦਾ ਚੰਗਾ ਲੜਾਕਾ ਤੇ ਦਲੇਰ ਮਰਦ ਸੀ। ਦੂਰ ਦੂਰ ਤਕ ਉਸ ਦੀ ਸਰਦਾਰੀ ਸੀ। ਉਤਮਜ਼ਈ ਪਿੰਡ ਵਿਚ ਉਸਨੇ ਇਕ ਛੋਟਾ ਜਿਹਾ ਕਿਲ੍ਹਾ ਬਣਵਾਇਆ ਹੋਇਆ ਸੀ । ਉਹ ਕਿਲ੍ਹਾ ਬੜਾ ਮਜ਼ਬੂਤ ਤੇ ਪਹਾੜਾਂ ਦੀ ਐਸੀ ਚੋਟੀ ਉੱਤੇ ਸੀ, ਜਿਥੋਂ ਦੁਸ਼ਮਨ ਦਾ ਵਾਰ ਕਰਨਾ ਬੜਾ ਕਠਿਨ ਸੀ। ਕਿਸੇ ਪਾਸਿਓਂ ਤੋਪ ਦਾ ਵਾਰ ਵੀ ਨਹੀਂ ਸੀ ਹੋ ਸਕਦਾ। ਉਸ ਕਿਲ੍ਹੇ ਦੀ ਹੋਂਦ ਦੇ ਕਾਰਨ ਹੀ ਉਸਦੀ ਸਰਦਾਰੀ ਕਾਇਮ ਸੀ। ਚਾਰ ਪੰਜ ਸੌ ਚੰਗੇ ਜੁਆਨ ਉਸਨੇ ਰਾਖਵੇਂ ਰੱਖੇ ਹੋਏ ਸਨ। ਬਾਕੀ ਜੁਆਨਾਂ ਨੂੰ ਲੋੜ ਪੈਣ 'ਤੇ ਇਲਾਕੇ ਵਿਚੋਂ ਇਕੱਠਿਆਂ ਕਰ ਲੈਂਦਾ ਸੀ। ਉਸਦੇ ਭੂਤਰੇ ਹੋਏ ਬੰਦੇ ਰਾਹ-ਮਾਰ ਕਰਦੇ ਸਨ। ਉਹ ਹਿੰਦੂਆਂ ਦੀ ਇਜ਼ਤ ਤੇ ਜਾਨ ਮਾਲ ਦੇ ਦੁਸ਼ਮਨ ਸਨ। ਉਹ ਨਿਰੇ ਹਿੰਦੂਆ ਨੂੰ ਹੀ ਨਹੀਂ ਬਲਕਿ ਮੁਸਲਮਾਨ ਪਰਜਾ ਨੂੰ ਵੀ ਲੁੱਟ ਲੈਂਦੇ ਸਨ। ਉਹਨਾਂ ਦੀਆਂ ਲੁੱਟਾਂ ਪਿਸ਼ਾਵਰ ਦੀਆਂ ਗਲੀਆਂ ਤਕ ਮਸ਼ਹੂਰ ਸਨ। ਸ: ਮਹਾਂ ਸਿੰਘ ਜੀ ਕੋਲ ਜਮਰੌਦ ਬਹੁਤ

ਰਿਪੋਰਟਾਂ ਪੁੱਜੀਆਂ ਸਨ। ਏਸੇ ਕਰਕੇ ਸ: ਮਹਾਂ ਸਿੰਘ ਨੇ ਸ਼ਰਨ ਕੌਰ ਤੇ ਉਸ ਦੇ ਪਤੀ ਨੂੰ ਅਕਬਰ ਖਾਂ ਦੇ ਮਨੁੱਖੀ ਬਲ, ਕਿਲ੍ਹੇ ਤੇ ਹਥਿਆਰਾਂ ਆਦਿ ਦਾ ਹਾਲ ਲੈਣ ਵਾਸਤੇ ਭੇਜਿਆ ਸੀ, ਕਿਉਂਕਿ ਕਿਲ੍ਹੇ ਦੀ ਮਜ਼ਬੂਤੀ ਬਾਰੇ ਬਹੁਤ ਅਫਵਾਹਾਂ ਸਨ। ਅਨਪੜ੍ਹ ਪਠਾਣਾਂ ਵਿਚ ਤਾਂ ਇਹ ਸਾਖੀਆਂ ਪ੍ਰਚੱਲਿਤ ਸਨ ਕਿ ਉਤਮਜ਼ਈ ਦੇ ਕਿਲ੍ਹੇ ਵਿਚ ਦਿਓ ਰਹਿੰਦੇ ਨੇ, ਉਹ ਬਾਹਰੋਂ ਆਏ ਦੁਸ਼ਮਨ ਨੂੰ ਮਾਰ ਸੁੱਟਦੇ ਹਨ।

ਸ਼ਰਨ ਕੌਰ ਤੇ ਭੀਮ ਬਲੀ ਸਿੰਘ ਨੇ ਜਿਨ੍ਹਾਂ ਹਿੰਦੂਆਂ ਨੂੰ ਡਾਕੂਆਂ ਦੇ ਪੰਜੇ ਵਿਚੋਂ ਛੁਡਾਇਆ, ਉਹ ਸ਼ਰਨ ਕੌਰ ਦੇ ਪੇਕੇ ਪਿੰਡ ਦੇ ਸਨ। ਸ਼ਰਨ ਕੌਰ ਨੇ ਉਨ੍ਹਾਂ ਨੂੰ ਪਛਾਣ ਲਿਆ। ਉਹ ਰਾਮ ਲਾਲ ਉਸਦੀ ਪਤਨੀ ਵਿਦਿਆ ਤੇ ਲੜਕਾ ਤੇਜੂ ਸੀ , ਪਰ ਉਨ੍ਹਾਂ ਨੂੰ ਆਪਣਾ ਭੇਦ ਨਾ ਦਿੱਤਾ। ਇਹ ਕਿਹਾ, ਅਸੀਂ ਵੀ ਪਠਾਣ ਹਾਂ, ਪਰ ਗ਼ਰੀਬਾਂ ਉੱਤੇ ਅਸਾਨੂੰ ਤਰਸ ਆ ਜਾਂਦਾ ਹੈ। ਇਸ ਵਾਸਤੇ ਅਸੀਂ ਬਚਾਉਂਦੇ ਹਾਂ। ਕੱਲ ਹੀ ਤੁਸੀਂ ਪਿੰਡ ਛੱਡ ਕੇ ਜਮਰੌਦ ਜਾਂ ਪਿਸ਼ਾਵਰ ਚਲੇ ਜਾਓ। ਏਥੇ ਹੁਣ ਤੁਹਾਡਾ ਗੁਜ਼ਾਰਾ ਨਹੀਂ ਹੋਵੇਗਾ। ਉਹ ਪਠਾਣ ਬਦਲਾ ਲੈਣਗੇ ਕਿਉਂਕਿ ਜ਼ਿੱਦੀ ਹਨ, ਉਹ ਪਿੱਛਾ ਨਹੀਂ ਛੱਡਣਗੇ।

'ਅਸੀਂ ਜੀ ਸਵੇਰੇ ਚਲੇ ਜਾਵਾਂਗੇ, ਏਥੇ ਨਹੀਂ ਰਹਿੰਦੇ।' ਉਨ੍ਹਾਂ ਦੋਹਾਂ ਜੀਆਂ ਨੇ ਉੱਤਰ ਦਿੱਤਾ।

ਉਹ ਪਿੰਡ ਚਲੇ ਗਏ। ਉਨ੍ਹਾਂ ਦੇ ਜਾਣ ਪਿੱਛੋਂ ਸ਼ਰਨ ਕੌਰ ਆਪਣੇ ਪਤੀ ਨੂੰ ਨਾਲ ਲੈ ਕੇ ਆਪਣੇ ਮਾਪਿਆਂ ਦੇ ਘਰ ਗਈ, ਉਨ੍ਹਾਂ ਉੱਕਾ ਹੀ ਨਾ ਪਛਾਣਿਆ। ਸ਼ਰਨ ਕੌਰ ਦੇ ਦੱਸਣ 'ਤੇ ਪਤਾ ਲੱਗਾ। ਸਾਰੀ ਰਾਤ ਗੱਲਾਂ ਕਰਦੇ ਰਹੇ, ਦੁੱਖ ਸੁਖ ਫੋਲਦੇ ਰਹੇ। ਦਿਨ ਦੇ ਚੜ੍ਹਾਅ ਨਾਲ ਉਨ੍ਹਾਂ ਨੇ ਮਾਂ ਬਾਪ ਦਾ ਘਰ ਛੱਡ ਦਿੱਤਾ। ਸੂਰਜ ਚੜ੍ਹਨ ਦੇ ਨਾਲ ਹੀ ਉਤਮਜ਼ਈ ਦੇ ਨੇੜੇ ਪੁੱਜ ਗਏ।

ਪਾਣੀ ਦਾ ਨਾਲਾ ਵਗਦਾ ਸੀ, ਪਾਣੀ ਦਾ ਵੇਗ ਬਹੁਤ ਤੇਜ਼ ਸੀ।

ਉਸ ਤੇਜ਼ ਵੇਗ ਤੋਂ ਲਾਭ ਉਠਾਉਣ ਵਾਸਤੇ ਆਟੇ ਦੀਆਂ ਚੱਕੀਆਂ ਲਾਈਆਂ ਹੋਈਆਂ ਸਨ। ਉਹ ਘਰਾਟ ਅਜੇ ਚਾਲੂ ਨਹੀਂ ਸਨ ਹੋਏ ਕਿਉਂਕਿ ਬਹੁਤ ਸਵਖਤਾ ਸੀ, ਨਾਲੇ ਰਾਤ ਠੰਡ ਬਹੁਤ ਰਹੀ ਸੀ। ਠੰਡ ਦੇ ਕਾਰਣ ਪਹਾੜੀ ਲੋਕ ਅਜੇ ਘਰਾਂ ਤੋਂ ਬਾਹਰ ਨਹੀਂ ਸਨ ਨਿਕਲੇ।

ਕੌਮੀ ਪ੍ਰਵਾਨੇ- ਸ਼ਰਨ ਕੌਰ ਤੇ ਉਸਦਾ ਸਾਥੀ- ਉਸ ਵਹਿੰਦੇ ਜਲ ਦੇ ਕਿਨਾਰੇ ਬੈਠ ਗਏ। ਹੱਥ ਮੂੰਹ ਧੋਤਾ ਪੇਕੇ ਘਰੋਂ ਕੁਝ ਖਾਣ ਵਾਸਤੇ ਲੈ ਆਏ ਸਨ, ਉਹ ਖਾ ਕੇ ਪਾਣੀ ਪੀਤਾ ਤੇ ਆਪਣੇ ਕੰਮ ਵਾਸਤੇ ਤਿਆਰ ਹੋਏ। ਰਾਤ ਦੇ ਅਨੀਂਦਰੇ ਤੇ ਥਕੇਵੇਂ ਦੀ ਕੋਈ ਪ੍ਰਵਾਹ ਨਾ ਕੀਤੀ।

'ਦੇਖੋ ! ਤੁਸਾਂ ਕਿਲ੍ਹੇ ਅੰਦਰ ਨਹੀਂ ਜਾਣਾ, ਮੈਂ ਇਕੱਲੀ ਜਾਵਾਂਗੀ। ਕਿਉਂਕਿ ਤੁਹਾਡੇ ਪਛਾਣੇ ਜਾਣ ਦਾ ਡਰ ਹੈ। ਇਸਤ੍ਰੀ ਹਿੰਦੂ ਹੈ ਕਿ ਮੁਸਲਮਾਨ ਇਹ ਭੇਤ ਜਾਣਨਾ ਬਹੁਤ ਕਠਿਨ ਹੈ। ਨਾਲੇ ਜੇ ਮੈਂ ਵਾਪਸ ਨਾ ਆਈ ਤਾਂ ਪਿੱਛੇ ਜਾ ਕੇ ਖ਼ਬਰ ਤਾਂ ਕਰ ਦੇਵੋਗੇ। ਮੈਨੂੰ ਕੋਈ ਡਰ ਨਹੀਂ, ਜਿਨਾਂ ਚਿਰ ਤਨ ਵਿਚ ਜਾਨ ਹੈ, ਕੋਈ ਮੈਨੂੰ ਕੁਝ ਨਹੀਂ ਆਖ ਸਕਦਾ।' ਉਤਮਜ਼ਈ ਦੇ ਕਿਲ੍ਹੇ ਦੇ ਬੁਰਜਾਂ ਵੱਲ ਦੇਖਦਿਆਂ ਹੋਇਆਂ ਸ਼ਰਨ ਕੌਰ ਨੇ ਆਪਣੇ ਪਤੀ ਨੂੰ ਆਖਿਆ।

'ਚਲੋ ਇਸ ਤਰ੍ਹਾਂ ਕਰ ਲੈਂਦੇ ਹਾਂ। ਚਾਹੀਦਾ ਤਾਂ ਇਕੱਠਿਆਂ ਜਾਣਾ ਸੀ। ਸਿਆਣੇ ਆਖਦੇ ਨੇ ਇਕ 'ਕੱਲਾ ਤੇ ਦੋ ਯਾਰਾਂ ਹੁੰਦੇ ਨੇ, ਬਹੁਤ ਥੋੜ੍ਹਾ ਸਮਾਂ ਬੈਠੀਂ। ਸੂਰਜ ਢਲਣ ਤਕ ਮੈਂ ਉਡੀਕਾਂਗਾ ਮੁੜ ਪਿੱਛੇ ਮੁੜਾਂਗਾ। ਪਰ ਕਿਸੇ ਨਾ ਕਿਸੇ ਤਰ੍ਹਾਂ ਪਤਾ ਕਰਕੇ ਕਿ ਤੁਹਾਡਾ ਕੀ ਬਣਿਆ।'

'ਮੈਂ ਬਹੁਤ ਥੋੜ੍ਹਾ ਸਮਾਂ ਲਾਉਣਾ ਹੈ। ਝਟ ਪਟ ਭੇਤ ਕੱਢ ਕੇ ਤੁਰ ਆਉਣਾ ਹੈ।'

'ਬਸ ਠੀਕ ਹੈ।'

'ਲਓ ਮੈਂ ਚਲੀ ਜੇ!'

'ਗੁਰੂ ਅੰਗ ਸੰਗ ਸਹਾਈ।'

'ਅਕਾਲ ਪੁਰਖ ਆਪ ਨੂੰ ਵੀ ਸੁਤੰਤਰ ਤੇ ਅਰੋਗ ਰੱਖੇ' ਸ਼ਰਨ ਕੌਰ ਨੇ ਆਪਣੇ ਪਤੀ ਨਾਲ ਹੱਥ ਮਿਲਾਇਆ। ਪਿਆਰ ਨਾਲ ਘੁੱਟ ਕੇ ਜੱਫੀ ਪਾਈ ਤੇ ਖ਼ੁਸ਼ੀ ਖ਼ੁਸ਼ੀ ਵਿਛੜੇ।

'ਏਸੇ ਨਦੀ ਕਿਨਾਰੇ ਹੀ ਰਹੋ- ਦੂਰ ਨਾ ਜਾਣਾ!' ਤੁਰੀ ਜਾਂਦੀ ਸ਼ਰਨ ਕੌਰ ਨੇ ਪਿੱਛੇ ਮੁੜ ਕੇ ਭੀਮ ਬਲੀ ਸਿੰਘ ਨੂੰ ਪੱਕੀ ਕੀਤੀ।

ਸ਼ਰਨ ਕੌਰ ਉਤਮਜ਼ਈ ਪਿੰਡ ਵਿਚ ਪੁੱਜੀ। ਪਿੰਡ ਦੇ ਪੂਰਬੀ ਪਾਸੇ ਅਕਬਰ ਖਾਂ ਦਾ ਕਿਲ੍ਹਾ ਸੀ। ਉਸ ਕਿਲ੍ਹੇ ਦੀ ਡਿਉੜੀ ਤਕ ਪੁੱਜਣ ਤੋਂ ਪਹਿਲਾਂ ਉਸਨੇ ਆਪਣੇ ਮਨ ਨਾਲ ਫ਼ੈਸਲਾ ਕੀਤਾ- 'ਕਿਲ੍ਹੇ ਅੰਦਰ ਵੜਨ ਵਾਸਤੇ ਸੰਤਰੀਆਂ ਨੂੰ ਆਖੇਗੀ ਕਿ ਉਹ ਦੁਖੀਆ ਹੈ। ਉਸਦੇ ਭਰਾ ਨੂੰ ਸਿੱਖ ਜਾਸੂਸਾਂ ਨੇ ਮਾਰ ਦਿੱਤਾ ਹੈ। ਉਹ ਫ਼ਰਿਆਦ ਕਰਨ ਵਾਸਤੇ ਆਈ ਹੈ, ਅਕਬਰ ਖਾਂ ਪਰਜਾ ਦੀ ਰਾਖੀ ਕਰੇ, ਇਸ ਵਿਉਂਤ ਨੂੰ ਸਿਰੇ ਚਾੜ੍ਹਨ ਵਾਸਤੇ ਅਕਲਮੰਦ ਸ਼ਰਨ ਕੌਰ ਨੇ ਅੱਜ ਕੱਲ ਦੀ ਇਕ ਫਿਲਮ ਐਕਟ੍ਰਿਸ ਦੀ ਤਰ੍ਹਾਂ ਇਕ ਨਾਟਕ ਖੇਡਣ ਵਾਸਤੇ, ਆਪਣੀ ਸੂਰਤ ਨੂੰ ਰੋਣੀ ਬਣਾ ਲਿਆ, ਅੱਖਾਂ ਵਿਚ ਅੱਥਰੂ ਲੈ ਆਂਦੇ, ਚਿਹਰੇ ਉੱਤੇ ਮੈਲ ਜਹੀ ਲਾ ਲਈ। ਸਿਰ ਦੇ ਵਾਲਾਂ ਨੂੰ ਖ਼ੁਸ਼ਕ ਤੇ ਅਣਵਾਹੇ ਅੱਗੇ.....ਹੀ ਰਖਿਆ ਹੋਇਆ ਸੀ, ਜਿਵੇਂ ਕਬਾਇਲੀ ਔਰਤਾਂ ਰਖਦੀਆਂ ਸਨ।

ਪਿੰਡ ਦੇ ਵਿਚੋਂ ਲੰਘਦੀ ਹੋਈ ਸ਼ਰਨ ਕੌਰ ਅੱਖਾਂ ਨਾਲ ਸਾਰੀਆਂ ਉੱਚੀਆਂ ਨੀਵੀਆਂ ਥਾਵਾਂ ਨੂੰ ਦੇਖਦੀ ਗਈ। ਕਿਲ੍ਹੇ ਦੀ ਡਿਉੜੀ ਦੇ ਅਗਲੇ ਹਿੱਸੇ ਨੂੰ ਤੱਕਿਆ। ਆਖ਼ਰ ਦਰਵਾਜ਼ੇ ਦੇ ਸੰਤਰੀ ਕੋਲ ਜਾ ਕੇ ਫ਼ਰਜ਼ੀ ਰੋਂਦੀ ਬੋਲੀ 'ਬਾਬਾ! ਮੈਂ ਖਾਨ ਬਹਾਦਰ ਨੂੰ ਮਿਲਣਾ ਹੈ।

'ਕਿਉਂ ?' ਸੰਤਰੀ ਨੇ ਪੁਛਿਆ-

ਮੈਂ ਦੁਖੀਆ ਹਾਂ। ਮੇਰੇ ਵੀਰ ਨੂੰ ਸਿੱਖ ਜਾਸੂਸਾਂ ਨੇ ਮਾਰ ਦਿੱਤਾ ਹੈ, ਮੈਂ ਫਰਿਆਦ ਕਰਨੀ ਹੈ।

'ਅਜੇ ਤਾਂ ਖ਼ਾਨ ਬਹਾਦਰ ਸੁੱਤੇ ਨਹੀਂ ਉਠੇ।'

'ਉਨ੍ਹਾਂ ਦੇ ਉਠਣ ਤਕ ਮੈਂ ਦਲਾਨ ਵਿਚ ਬੈਠੀ ਰਹਾਂਗੀ।'

'ਤੇਰਾ ਪਿੰਡ?'

'ਸਲੀਮ!'

'ਹੱਛਾ! ਜਾਹ ਅੱਗੇ ਦਲਾਨ ਵਿਚ ਬੈਠੀਂ।'

ਸ਼ਰਨ ਕੌਰ ਨੇ ਅੱਗੇ ਕਦਮ ਪੁੱਟਿਆ, ਸੰਤਰੀ ਨੇ ਉਹਦੇ ਵੱਲ ਗਹੁ ਨਾਲ ਦੇਖਿਆ। ਪੈਰਾਂ ਦੀ ਤੋਰ ਪਛਾਨਣ ਦਾ ਯਤਨ ਕੀਤਾ। ਉਹ ਬੜਾ ਪੁਰਾਣਾ ਤਜਰਬਾਕਾਰ ਸੰਤਰੀ ਸੀ, ਪਰ ਉਸਨੂੰ ਸ਼ੱਕ ਵਾਲੀ ਕੋਈ ਨਿਸ਼ਾਨੀ ਨਾ ਦਿੱਸੀ। ਸ਼ਰਨ ਕੌਰ ਅੱਗੇ ਚਲੀ ਗਈ। ਵਿੰਗੀਆਂ ਤੜਿੰਗੀਆਂ ਦੋ ਡਿਉੜੀਆਂ ਲੰਘ ਕੇ ਉਹ ਅੱਗੇ ਚਲੀ ਗਈ। ਉਸਨੇ ਦੇਖਿਆ ਵਿਚਾਲੇ ਖੁੱਲ੍ਹਾ ਮੈਦਾਨ ਹੈ। ਚੌਗਿਰਦੇ ਬਾਰਕਾਂ ਹਨ। ਉਨ੍ਹਾਂ ਬਾਰਕਾਂ ਵਿਚ ਦਿਓਆਂ ਵਰਗੇ ਬੰਦੇ ਰਹਿੰਦੇ ਨੇ। ਉਪਰ ਵੀ ਦੋ ਛੱਤਾਂ ਹਨ। ਸਾਹਮਣੇ ਇਕ ਹੋਰ ਡਿਉੜੀ ਹੈ। ਉਸ ਅੱਗੇ ਵੀ ਸੰਤਰੀ ਖਲੋਤਾ ਹੋਇਆ ਸੀ, ਉਸ ਨੇ ਸਮਝਿਆ ਕਿ ਡਿਉੜੀ ਦੇ ਅੱਗੇ ਅਕਬਰ ਖਾਂ ਦੀ ਰਿਹਾਇਸ਼ ਹੈ। ਉਹ ਹੌਲੀ ਜਿਹੀ ਉਸ ਕੋਲ ਜਾ ਕੇ ਆਖਣ ਲੱਗੀ- 'ਵੀਰਾ! ਮੈਂ ਖਾਨ ਬਹਾਦਰ ਨੂੰ ਮਿਲਣਾ ਹੈ।......ਮੇਰੇ ਵੀਰ ਨੂੰ ਸਿੱਖ ਜਾਸੂਸਾਂ ਨੇ ਮਾਰ ਦਿੱਤਾ ਹੈ।'

ਉਹ ਸੰਤਰੀ 'ਸਿੱਖ' ਸ਼ਬਦ ਸੁਣਕੇ ਹੀ ਤ੍ਰਬਕ ਗਿਆ। ਉਸ ਨੇ ਸ਼ਰਨ ਕੌਰ ਨੂੰ ਸਿਰ ਤੋਂ ਪੈਰਾਂ ਤਕ ਧਿਆਨ ਨਾਲ ਦੇਖਿਆ ਤੇ ਮਨ ਵਿਚ ਤਸੱਲੀ ਕਰਕੇ ਆਖਣ ਲੱਗਾ, ਇਸ ਬੂਹੇ ਅੱਗੇ ਬੈਠ ਜਾ (ਸੱਜੇ ਪਾਸੇ ਇਸ਼ਾਰਾ ਕੀਤਾ) ਮੈਂ ਅੰਦਰ ਇਤਲਾਹ ਦੇਂਦਾ ਹਾਂ। ਕੀ ਨਾਂ ਹੈ ਤੇਰਾ?'

'ਆਜ਼ਾਦ ਬੀਬੀ', ਸ਼ਰਨ ਕੌਰ ਨੇ ਉੱਤਰ ਦਿੱਤਾ।

'ਪਿੰਡ?'

'ਸਲੀਮ!'

'ਠੀਕ ਹੈ! ਬੈਠ! ਹੁਣੇ ਆਉਣਗੇ ਫਰਿਆਦ ਕਰ ਲਵੀਂ।'

ਸ਼ਰਨ ਕੌਰ ਸੰਤਰੀ ਦੇ ਦੱਸੇ ਦਰਵਾਜ਼ੇ ਕੋਲ ਬੈਠ ਗਈ।

ਸੰਤਰੀ ਅੰਦਰ ਚਲਿਆ ਗਿਆ।

ਪੰਦਰਾਂ ਕੁ ਮਿੰਟਾਂ ਪਿੱਛੋਂ ਬੂਹਾ ਖੁਲ੍ਹਿਆ। ਸ਼ਰਨ ਕੌਰ ਉਠ ਕੇ ਖਲੋ ਗਈ। ਉਸ ਨੇ ਬੂਹਾ ਖੁਲ੍ਹਣ ਦਾ ਖੜਾਕ ਸੁਣ ਕੇ ਉੱਚੇ ਸਾਹ ਲੈਣੇ ਸ਼ੁਰੂ ਕਰ ਦਿੱਤੇ। ਉਸ ਨੇ ਦੇਖਿਆ, ਸੱਤ ਫੁਟ ਉੱਚਾ ਪਠਾਣ, ਗਲ ਖੁਲ੍ਹਾ ਕੁੜਤਾ, ਤੇੜ ਕਈਆਂ ਗਜ਼ਾਂ ਦੀ ਵੱਡੀ ਸਲਵਾਰ, ਭਾਰੇ ਚਿਹਰੇ ਉੱਤੇ ਮੁੱਛਾਂ ਤੇ ਦਾੜ੍ਹੀ, ਲਾਲ ਸੂਹਾ ਚਿਹਰਾ, ਮੋਟੀਆਂ ਅੱਖਾਂ ਵਿਚ ਚਮਕ ਤੇ ਖਿੱਚ। ਉਸ ਨੇ ਆਉਂਦਿਆਂ ਹੀ ਸ਼ਰਨ ਕੌਰ ਨੂੰ ਪੁਛਿਆ-'ਤੂੰ ਕੌਣ ਹੈਂ?'

'ਸਲੀਮ ਪਿੰਡ ਦੀ ਆਜ਼ਾਦ ਬੀਬੀ!' ਸ਼ਰਨ ਕੌਰ ਨੇ ਝੂਠਾ ਰੋਣਾ ਰੋਂਦਿਆਂ ਉੱਤਰ ਦਿੱਤਾ।

'ਕੀ ਦੁੱਖ ਹੈ ਤੈਨੂੰ?'

'ਜਹਾਂ ਪਨਾਹ! ਮੇਰੇ ਵੀਰ ਨੂੰ ਕਿਸੇ ਨੇ ਮਾਰਿਆ ਹੈ। ਲੋਕੀਂ ਆਖਦੇ ਨੇ ਮਾਰਨ ਵਾਲੇ 'ਸਿੱਖ' ਜਾਸੂਸ ਸਨ, ਦੂਰੋਂ ਆਏ ਕਈ ਸਿੱਖ ਜਿਨ੍ਹਾਂ ਦਾ ਨਾਂ ਹੀ ਮੈਂ ਅੱਜ ਸੁਣਿਆ ਹੈ। ਮੈ ਦੁਖੀ ਹੋ ਗਈ ਹਾਂ। ਮੇਰੀ ਮਾਂ ਬੁਢੜੀ ਹੈ। ਅਸੀਂ ਦੋਵੇਂ ਇਸਤ੍ਰੀਆਂ ਰਹਿ ਗਈਆਂ....ਜਹਾਂ ਪਨਾਹ ਆਪ ਅੱਗੇ ਫ਼ਰਿਆਦ ਕਰਨ ਆਈ ਹਾਂ ਕਿ ਕਾਤਲਾਂ ਦਾ ਪਤਾ ਕੀਤਾ ਜਾਵੇ, ਉਹਨਾਂ ਨੂੰ ਮੇਰੇ ਹਵਾਲੇ ਕੀਤਾ ਜਾਵੇ ਤਾਂ ਕਿ ਮੈਂ ਉਹਨਾਂ ਨੂੰ ਮਾਰਾਂ।'

'ਹੂੰ! ਸਿੱਖ ਜਾਸੂਸ ਫਿਰਦੇ ਨੇ ਮੈਨੂੰ ਅੱਗੇ ਵੀ ਖ਼ਬਰਾਂ ਮਿਲੀਆਂ ਹਨ। ਰਾਤ ਵੀ ਖ਼ੂਨ ਹੋਏ ਨੇ।....ਅੰਦਰ ਲੰਘ ਆ।'

ਅਕਬਰ ਖਾਂ ਨੇ ਸ਼ਰਨ ਕੌਰ ਦੇ ਚਿਹਰੇ ਨੂੰ ਗਹੁ ਨਾਲ ਦੇਖਿਆ। ਫ਼ਰਜ਼ੀ ਹੰਝੂਆਂ ਤੇ ਆਪੇ ਲਾਈ ਮੈਲ ਦੇ ਵਿਚ ਵੀ ਜੁਆਨੀ ਤੇ ਸੁੰਦਰਤਾ ਫੁਟ ਫੁਟ ਨਿਕਲ ਰਹੀ ਸੀ। ਉਸ ਨੇ ਦੀਵਾਨਖਾਨੇ ਵਿਚ ਲੰਘ ਕੇ ਬੈਠਣ ਲਈ ਸ਼ਰਨ ਕੌਰ ਨੂੰ ਇਸ਼ਾਰਾ ਕੀਤਾ।

ਸ਼ਰਨ ਕੌਰ ਨਾ ਡਰੀ ਤੇ ਨਾ ਝਿਜਕੀ। ਅੰਦਰ ਲੰਘ ਗਈ। ਦੀਵਾਨ

ਖਾਨਾ ਕੀਮਤੀ ਸਾਮਾਨ ਨਾਲ ਸਜਿਆ ਹੋਇਆ ਸੀ। ਵਧੀਆ ਕਾਲੀਨ ਫ਼ਰਸ਼ ਉੱਤੇ ਵਿਛਿਆ ਹੋਇਆ ਸੀ। ਉਹ ਕਾਲੀਨ 'ਤੇ ਬੈਠ ਗਈ।

'ਹੁਣ ਤੂੰ ਕੀ ਚਾਹੁੰਦੀ ਹੈਂ?' ਅਕਬਰ ਖਾਂ ਨੇ ਪੁਛਿਆ।

'ਇਕ ਅਸਾਡੀ ਮਦਦ ਕਰੋ, ਦੂਸਰਾ ਸਿੱਖਾਂ ਕੋਲੋਂ ਬਦਲਾ ਲਵੋ;' ਸ਼ਰਨ ਕੌਰ ਨੇ ਆਖਿਆ।

'ਸਿੱਖਾਂ ਕੋਲੋਂ ਬਦਲਾ ਲੈ ਦੇਵਾਂਗੇ......ਚਿੱਠੀਆਂ ਫੇਰੀਆਂ ਹੋਈਆਂ ਹਨ। ਕਾਬਲ ਬਾਦਸ਼ਾਹ ਨੂੰ ਲਿਖਿਆ ਗਿਆ ਹੈ ਜਦੋਂ ਮਦਦਾਂ ਪਹੁੰਚ ਗਈਆਂ ਤਦੋਂ ਹੀ ਸਿੱਖਾਂ ਦੇ ਅੱਡੇ ਜਮਰੌਦ ਉੱਤੇ ਹੱਲਾ ਕਰ ਦਿਆਂਗੇ। ਇਸ ਪਠਾਣਾਂ ਦੀ ਧਰਤੀ ਨੂੰ ਕਾਫ਼ਰਾਂ ਕੋਲੋਂ ਪਾਕ ਰਖਿਆ ਜਾਵੇਗਾ। ਫ਼ਿਕਰ ਨਾ ਕਰ, ਜੋ ਹੋਣਾ ਸੀ ਹੋ ਗਿਆ, ਅੱਗੇ ਨੂੰ ਮੇਰੀ ਪਰਜਾ ਦੁੱਖ ਨਹੀਂ ਉਠਾਵੇਗੀ.....ਦੂਸਰੀ ਗੱਲ ਤੇਰਾ ਵੀਰ ਮਰ ਗਿਆ-ਨਹੀਂ ਉਹ ਸ਼ਹੀਦ ਹੋ ਗਿਆ। ਉਸਨੇ ਤਾਂ ਮੁੜ ਆਉਣਾ ਨਹੀਂ ਉਸਦਾ ਬਦਲਾ ਲਿਆ ਜਾ ਸਕਦਾ ਹੈ,.....ਤੈਨੂੰ ਰੋਣ ਤੇ ਭੁੱਖੇ ਮਰਨ ਦੀ ਲੋੜ ਨਹੀਂ, ਦੇਖੇਂ ਨਾ, ਤੂੰ ਜੁਆਨ ਹੈਂ। ਅਜੇ ਸ਼ਾਇਦ ਕਿਸੇ ਨਾਲ ਨਿਕਾਹ ਨਹੀਂ ਹੋਇਆ।

'ਨਿਕਾਹ ਹੋਏ ਨੂੰ ਸਾਲ ਹੋ ਗਿਆ ਹੈ।'

'ਹੂੰ।'

'ਹੱਛਾ! ਪਰ ਤੇਰਾ ਪਤੀ (ਮਾਲਕ) ਕਿੱਥੇ ਹੈ?'

'ਉਹ ਜੀ ਕਿਤੇ ਦੂਰ ਚਲਾ ਗਿਆ ਹੈ, ਉਸ ਦਾ ਕੋਈ ਪਤਾ ਨਹੀਂ ਲੱਗਦਾ।'

'ਵਖਤ ਪੈ ਗਿਆ। ਖ਼ੈਰ ਤੇਰੀ ਮਾਂ ਨੂੰ ਆਦਮੀ ਭੇਜ ਕੇ ਏਥੇ ਮੰਗਵਾ ਲੈਂਦੇ ਆਂ। ਤੂੰ ਏਥੇ ਰਹੁ। ਰੋਟੀ ਖਾ ਛਡਿਆ ਕਰੀਂ, ਕਿਸੇ ਗੱਲ ਦਾ ਘਾਟਾ ਨਹੀਂ ਖ਼ੁਦਾ ਦੀ ਮਿਹਰ ਨਾਲ ਦੌਲਤ ਨਾਲ ਖ਼ਜ਼ਾਨੇ ਭਰੇ ਹਨ।'

ਅਕਬਰ ਖਾਂ ਦੇ ਲਹੂ ਨੂੰ ਸ਼ੈਤਾਨ ਦੀ ਰੂਹ ਨੇ ਗਰਮਾਇਆ। ਉਸ ਨੇ ਝੱਟ ਪਟ ਮਨ ਹੀ ਮਨ ਵਿਚ ਫ਼ੈਸਲਾ ਕਰ ਲਿਆ ਕਿ ਉਹ ਇਸ ਔਰਤ

ਨੂੰ ਜਾਣ ਨਹੀਂ ਦੇਵੇਗਾ। ਏਹੋ ਜਹੀ ਮਾਯਾ ਨੂੰ ਤਾਂ ਉਹ ਬਾਹਰੋਂ ਭਾਲਣ ਜਾਂਦਾ ਸੀ, ਘਰ ਆਈ ਮਾਯਾ ਨੂੰ ਕਿਵੇਂ ਛੱਡੇ? ਉਸਦੀ ਨੀਯਤ ਸ਼ਰਨ ਕੌਰ ਵੀ ਤਾੜ ਗਈ। ਪਰ ਗੰਭੀਰਤਾ ਵਿਚ ਮਗਨ ਬੈਠੀ ਅੱਖਾਂ ਨਾਲ ਅਕਬਰ ਖਾਨ ਦੇ ਚਿਹਰੇ ਦੇ ਉਤਰਾਓ ਚੜ੍ਹਾਓ ਦੇਖਦੀ ਰਹੀ।

'ਜੀ ਮੈਂ ਫ਼ਰਿਆਦ ਕਰਨ ਵਾਸਤੇ ਆਈ ਹਾਂ। ਪਤਾ ਦੇ ਦਿੱਤਾ ਹੈ। ਮੈਂ ਜਾ ਕੇ ਮਾਂ ਨੂੰ ਲੱਭਣਾ ਹੈ, ਉਹ ਖ਼ਬਰੇ ਕਿੱਥੇ ਰੁਲਦੀ ਫਿਰਦੀ ਹੋਵੇਗੀ, ਕਿਉਂਕਿ ਪੁੱਤਰ ਦੇ ਵਿਛੋੜੇ ਨੇ ਉਸਨੂੰ ਬਹੁਤ ਬਿਹਬਲ ਕਰ ਦਿੱਤਾ ਹੈ ਤੁਹਾਡੀ ਮਿਹਰਬਾਨੀ ਮੈਨੂੰ ਜਾਣ ਦਿਓ ਮੈਂ ਏਥੇ ਰਹਿਣ ਵਾਸਤੇ ਨਹੀਂ ਆਈ। ਅਸਾਂ ਗ਼ਰੀਬਾਂ ਵਾਸਤੇ ਸ਼ਾਹੀ ਕਿਲ੍ਹਿਆਂ ਵਿਚ ਰਹਿਣ ਨਾਲੋਂ ਕੱਖਾਂ ਦੀਆਂ ਕੁੱਲੀਆਂ ਵਿਚ ਰਹਿਣਾ ਚੰਗਾ ਹੈ।'

'ਨਾ ਨਾ! ਤੈਂ ਨਹੀਂ ਜਾਣਾ, ਏਥੇ ਰਹੁ ।....ਹੁਣ ਇਹ ਘਰ ਤੇਰਾ ਹੈ।'

'ਮੈਂ ਨਹੀਂ ਰਹਿਣਾ ਤੁਸੀਂ ਸਿੱਖਾਂ 'ਤੇ ਚੜ੍ਹਾਈ ਕਰੋ।'

'ਮੈਂ ਚੜ੍ਹਾਈ ਕਰ ਦੇਣੀ ਹੈ, ਮੇਰੇ ਕੋਲ ਇਸ ਵੇਲੇ ੫੦੦ ਜਵਾਨ ਹਨ। ਥੋੜ੍ਹੇ ਦਿਨਾਂ ਨੂੰ ਹੋਰ ਜੁਆਨ ਆ ਜਾਣੇ ਨੇ, ਫਿਰ ਲੜਾਈ ਦਾ ਮਾਰੂ ਵੱਜੇਗਾ। ਤੇਰੇ ਵੀਰ ਦੀ ਮੌਤ ਦਾ ਬਦਲਾ ਜ਼ਰੂਰ ਲਿਆ ਜਾਵੇਗਾ, ਇਕ ਬਦਲੇ ਦਸ ਸਿੱਖ ਮਾਰੇ ਜਾਣਗੇ।'

'ਓਨੇ ਚਿਰ ਨੂੰ ਤਾਂ ਮੁਲਕ ਤਬਾਹ ਹੋ ਜਾਵੇਗਾ।'

'ਨਹੀਂ ਹੁੰਦਾ, ਆਜ਼ਾਦ ਬੀਬੀ! ਮੇਰੇ ਵੱਲ ਦੇਖ।'

ਇਹ ਆਖ ਕੇ ਅਕਬਰ ਖਾਂ ਸ਼ਰਨ ਕੌਰ ਦੇ ਬਹੁਤ ਨੇੜੇ ਹੋ ਗਿਆ। ਬੈਠੀ ਹੋਈ ਸ਼ਰਨ ਕੌਰ ਨੇ ਨਿਗਾਹ ਉਪਰ ਕਰਕੇ ਦੇਖਣਾ ਸ਼ੁਰੂ ਕੀਤਾ ਕਿ ਸ਼ੈਤਾਨ ਦਾ ਬੱਚਾ ਕੀ ਕਰਦਾ ਹੈ।

ਅਕਬਰ ਖਾਂ ਨੇ ਆਪਣੇ ਭਾਰੀ ਹੱਥ ਅੱਗੇ ਵਧਾ ਕੇ ਸ਼ਰਨ ਕੌਰ ਦੇ ਚਿਹਰੇ ਵੱਲ ਲਿਆਉਣ ਦਾ ਯਤਨ ਕੀਤਾ। ਉਹ ਫੁਰਤੀ ਨਾਲ ਖਿਸਕ

ਕੇ ਪਰੇ ਹੋ ਗਈ ਤੇ ਬੋਲੀ—ਚੰਗੇ ਦੇਸ਼ ਦੇ ਹਿਤੂ ਜੇ! ਮੈਂ ਤਾਂ ਫਰਿਆਦ ਕਰਨ ਆਈ ਆਂ । ਉਲਟਾ ਮੈਨੂੰ ਦੁਖੀ ਕਰਨ ਲੱਗੇ ਜੇ, ਇਹੋ ਤੁਹਾਡੀ ਸਰਦਾਰੀ ਹੈ? ਗ਼ਰੀਬਾਂ ਦੀ ਬੇਟੀ ਦੀ ਅਸਮਤ ਲੁੱਟਣਾ ਹੀ ਨਵਾਬੀ ਹੈ? ਕੁਝ ਸ਼ਰਮ ਕਰੋ।

'ਦੇਖ! ਅਸਲ ਵਿਚ ਤੇਰੀ ਜਵਾਨੀ ਤੇ ਸੁੰਦਰਤਾ ਦੇਖ ਕੇ ਮੇਰਾ ਦਿਲ ਮੇਰੇ ਵੱਸ ਨਹੀਂ ਰਿਹਾ। ਗੁੱਸਾ ਨਾ ਕਰ। ਮੈਂ ਤੈਨੂੰ ਦਿਲ ਦੀ ਮਲਕਾ ਬਣਾਉਣਾ ਚਾਹੁੰਦਾ ਹਾਂ।.....ਤੇਰੀ ਗ਼ਰੀਬੀ ਨੂੰ ਅਮੀਰੀ ਵਿਚ ਬਦਲਣਾ ਚਾਹੁੰਦਾ ਹਾਂ। ਤੇਰੇ ਮੈਲੇ ਚਿਹਰੇ ਨੂੰ ਚੰਦ ਵਰਗਾ ਲਿਸ਼ਕਿਆ ਹੋਇਆ ਦੇਖਣਾ ਚਾਹੁੰਦਾ ਹਾਂ। ਕੰਗਾਲ ਕਿਸਾਨ ਕੋਲ ਰਹਿ ਕੇ ਸਾਰੀ ਉਮਰ ਮਿੱਟੀ ਪੁੱਟਦੀ ਤੇ ਪੱਥਰ ਢੋਂਦੀ ਰਹੇਂਗੀ।'

'ਹੇ ਖ਼ੁਦਾ! ਇਹ ਮੈਂ ਕੀ ਸੁਣ ਰਹੀ ਹਾਂ, ਕੀ ਔਰਤ ਸੱਚਮੁਚ ਤੋਣ ਦਾ ਆਟਾ ਹੈ, ਜਿਸਨੂੰ ਅੰਦਰ ਪਿਆਂ ਚੂਹੇ ਖਾਂਦੇ ਨੇ ਤੇ ਬਾਹਰ ਕਾਂ....ਤੁਸੀਂ ਨਵਾਬ ਜੇ......ਗਰੀਬਾਂ ਦੇ ਬਾਦਸ਼ਾਹ ਜੇ, ਮੇਰੇ ਉਤੇ ਰਹਿਮ ਕਰੋ। ਖ਼ੁਦਾ ਦੇ ਵਾਸਤੇ ਮੰਦਾ ਨਾ ਚਿਤਵੋ ਮੈਂ ਤੁਹਾਡੀ ਬੇਟੀ ਵਰਗੀ ਹਾਂ।'

'ਖ਼ੁਦਾ ਨੇ ਹੀ ਤਾਂ ਤੈਨੂੰ ਪਰੇਰ ਕੇ ਇਧਰ ਲਿਆਂਦਾ ਹੈ। ਤੂੰ ਮੇਰੀ ਬੇਟੀ ਵਰਗੀ ਨਹੀਂ , ਸਗੋਂ ਬੇਗਮ.....

'ਸ਼ਰਮ ਕਰੋ!'

'ਮੈਂ ਕੀ ਦੱਸਾਂ-ਮੈਂ ਦੁਖੀਆ ਤੇ ਗਰੀਬ ਹਾਂ।.....ਕੈਦਣ ਹਾਂ, ਕੈਦਣ ਵੀ ਆਪਣੇ ਆਪ ਬਣੀ।' ਇਹ ਆਖ ਕੇ ਸ਼ਰਨ ਕੌਰ ਨੇ ਉਪਰਲੇ ਚੋਗੇ ਵਿਚ ਹੱਥ ਪਾਇਆ। ਉਸ ਵਿਚੋਂ ਰੁਮਾਲ ਵਰਗਾ ਕੁਝ ਕੱਢਿਆ, ਪਰ ਉਸ ਨੂੰ ਹੱਥ ਦੀ ਮੁੱਠੀ ਵਿਚ ਹੀ ਘੁਟੀ ਰਖਿਆ। ਉਸ ਨੂੰ ਹੱਥ ਵਿਚ ਘੁਟੀ ਹੋਈ ਹੀ ਛੇਤੀ ਨਾਲ ਉਠ ਕੇ ਖਲੋ ਗਈ।

'ਖ਼ੁਦਾ ਦੇ ਵਾਸਤੇ ਮੈਨੂੰ ਜਾਣ ਦਿਓ!' ਸ਼ਰਨ ਕੌਰ ਨੇ ਤਰਲੇ ਦੇ ਲਹਿਜੇ ਵਿਚ ਆਖਿਆ-

'ਨਹੀ, ਨਹੀਂ ਜਾ ਸਕਦੀ।'

ਇਹ ਆਖ ਕੇ ਅਕਬਰ ਖਾਂ ਬੂਹੇ ਵਾਲੇ ਪਾਸੇ ਸ਼ਰਨ ਕੌਰ ਦੇ ਅੱਗੇ ਹੋ ਖਲੋਤਾ। ਬਾਹੀਂ ਫੈਲਾ ਲਈਆਂ, ਜਿਵੇਂ ਜੱਫੀ ਵਿਚ ਘੁੱਟਣ ਨੂੰ ਤਿਆਰ ਸੀ।

ਸ਼ਰਨ ਕੌਰ ਨੂੰ ਸੁਨਹਿਰੀ ਸਮਾਂ ਹੱਥ ਆਇਆ। ਸ਼ੇਰਨੀ ਦੀ ਤਰ੍ਹਾਂ ਉਛਲੀ। ਸਿੱਧੀ ਅਕਬਰ ਖਾਂ ਦੀ ਛਾਤੀ ਵਿਚ ਵੱਜੀ। ਛਾਤੀ ਨਾਲ ਵੱਜਦਿਆਂ ਹੀ ਹੱਥ ਦੀ ਮੁੱਠੀ ਵਿਚ ਘੁਟਿਆ ਹੋਇਆ ਰੁਮਾਲ ਅਕਬਰ ਖਾਂ ਦੀਆਂ ਨਾਸਾਂ ਅਤੇ ਮੂੰਹ ਅੱਗੇ ਘੁੱਟ ਦਿੱਤਾ। ਅਕਬਰ ਖਾਂ ਨੇ ਸ਼ਰਨ ਕੌਰ ਨੂੰ ਹਿੱਕ ਨਾਲ ਵੱਜੀ ਦੇਖ ਬਾਹੀਂ ਨੂੰ 'ਕੱਠੀਆਂ ਕਰਕੇ ਉਸ ਨੂੰ ਘੁੱਟਣਾ ਚਾਹਿਆ, ਪਰ ਘੁੱਟਣ ਤੋਂ ਪਹਿਲਾਂ ਹੀ ਉਸਦਾ ਲਹੂ ਹਰਕਤ ਕਰਨੋਂ ਰੁਕ ਗਿਆ, ਉਹ ਬੇਸੁਰਤ ਹੋਣ ਲੱਗਾ ਉਸ ਦੀਆਂ ਅੱਖਾਂ ਮੀਟੀਆਂ ਜਾਣ ਲੱਗੀਆਂ। ਉਹ ਕੰਧ ਵੱਲ ਡਿਗਣਾ ਚਾਹੁੰਦਾ ਸੀ ਕਿ ਬਲਵਾਨ ਸ਼ਰਨ ਕੌਰ ਨੇ ਉਸਨੂੰ ਆਸਰਾ ਦਿੱਤਾ। ਜਦੋਂ ਉਸ (ਸ਼ਰਨ ਕੌਰ) ਨੂੰ ਇਹ ਪ੍ਰਤੀਤ ਹੋ ਗਿਆ ਕਿ ਹੁਣ ਪਠਾਣ ਬੱਚਾ ਅੱਧਮੋਇਆ ਹੋ ਗਿਆ ਹੈ। ਉਹ ਮਿੱਟੀ ਦਾ ਢੇਰ ਹੋ ਰਿਹਾ ਹੈ ਤਾਂ ਉਸਨੇ ਨਾਸਾਂ ਅੱਗੋਂ ਹੱਥ ਹਟਾ ਲਿਆ ਤੇ ਰੁਮਾਲ ਜੇਬ ਵਿਚ ਰੱਖ ਲਿਆ। ਦੋਹਾਂ ਹੱਥਾਂ ਨਾਲ ਕਲਾਵਾ ਭਰ ਕੇ ਬੋਰੀ ਦੀ ਤਰ੍ਹਾਂ ਅਕਬਰ ਖਾਂ ਨੂੰ ਚੁਕਿਆ ਤੇ ਕਾਲੀਨ ਉੱਤੇ ਲਿਟਾ ਦਿੱਤਾ। ਫਰਸ਼ ਉੱਤੇ ਲਿਟਾ ਕੇ ਹੱਸ ਪਈ।

ਅਕਬਰ ਖਾਂ ਨੂੰ ਕਾਲੀਨ ਉੱਤੇ ਲਿਟਾ ਕੇ ਦੱਬੇ ਪੈਰ ਸ਼ਰਨ ਕੌਰ ਅੱਗੇ ਵਧੀ। ਦੀਵਾਨ ਖਾਨੇ ਦਾ ਅਗਲਾ ਦਰਵਾਜ਼ਾ, ਜੋ ਹਰਮਾਂ ਨੂੰ ਜਾਂਦਾ ਸੀ, ਮਲਕੜੇ ਜਹੇ ਬੰਦ ਕਰ ਦਿੱਤਾ। ਬਾਹਰਲਾ ਬੂਹਾ ਢੋਅ ਲਿਆ। ਮੁੜ ਅਕਬਰ ਖਾਂ ਦੇ ਸਰੀਰ ਨੂੰ ਹਲਾ ਕੇ ਦੇਖਿਆ। ਉਹ ਬੇਸੁਰਤ ਸੀ ਉਸਦਾ ਲਹੂ ਜੰਮ ਚੁੱਕਾ ਸੀ। ਉਸ ਨੇ ਚੋਲੇ ਹੇਠੋਂ ਖੰਜਰ ਕਢੀ, ਖੰਜਰ ਕਢ ਕੇ ਦਲੇਰੀ ਤੇ ਸਫਾਈ ਨਾਲ ਅਕਬਰ ਖਾਂ ਦੀ ਵੱਖੀ ਵਿਚ ਜ਼ੋਰ ਨਾਲ ਖੋਭ

ਦਿੱਤੀ ਨਾ ਕੋਈ ਖੜਕਾ ਹੀ ਹੋਇਆ ਤੇ ਨਾ ਲਹੂ ਦੀ ਛਿਟ ਉਸ ਉੱਤੇ ਪਈ। ਖੰਜਰ ਨੂੰ ਪੁੱਟਣ ਤੋਂ ਬਿਨਾਂ ਹੀ ਉਸਦੇ ਕੋਲੋਂ ਉਠ ਬੈਠੀ। ਬਾਹਰਲਾ ਬੂਹਾ ਖੋਲ੍ਹਿਆ ਤੇ ਮੁੜ ਢੋਅ ਦਿੱਤਾ। ਸੰਤਰੀ ਵੱਲ ਨਹੀਂ ਦੇਖਿਆ। ਨਾ ਸੰਤਰੀ ਨੇ ਜਾਂਦੀ ਨੂੰ ਬੁਲਾਇਆ। ਕਿਸੇ ਘਬਰਾਹਟ ਤੋਂ ਬਿਨਾਂ ਉਹ ਤੁਰੀ ਗਈ। ਬਾਹਰਲੀ ਡਿਉੜੀ ਵਾਲੇ ਸੰਤਰੀ ਕੋਲ ਪੁੱਜੀ। ਉਸ ਨੇ ਪੁਛਿਆ- 'ਖਾਨ ਬਹਾਦਰ ਮਿਲੇ?'

'ਹਾਂ ਜੀ!

'ਫ਼ਰਿਆਦ ਕੀਤੀ?'

'ਹਾਂ ਜੀ!'

ਆਖ ਕੇ ਅੱਗੇ ਤੁਰੀ ਗਈ। ਦਰਵਾਜ਼ੇ ਤੋਂ ਚਾਰ ਸੋ ਕਦਮ ਦੂਰ ਜਾ ਕੇ ਪਹਾੜੀ ਤੇ ਝਾੜੀਆਂ ਦੇ ਓਹਲੇ ਹੋ ਕੇ ਸੰਤੋਕ ਭੱਜ ਉਠੀ। ਉਸ ਨੂੰ ਕਿਸੇ ਨਹੀਂ ਦੇਖਿਆ। ਉਹ ਖ਼ਤਰੇ ਤੋਂ ਦੂਰ ਹੋ ਗਈ। ਅੱਖ ਦੇ ਫੋਰ ਵਿਚ ਲੀੜੇ ਬਦਲ ਕੇ ੫੦-੬੦ ਸਾਲ ਦੀਆਂ ਬੁੱਢੀਆਂ ਵਾਲਾ ਹੁਲੀਆ ਬਣਾ ਲਿਆ। ਝਾੜੀ ਦੀ ਟਾਹਣੀ ਤੋੜ ਕੇ ਤੁਰਨ ਵਾਸਤੇ ਟੋਹਣੀ ਬਣਾ ਲਈ, ਜਿਸ ਆਸਰੇ ਕੁੱਬੇ ਲੱਕ ਤੁਰਨ ਲੱਗੀ।

੧੦.

ਸ਼ਰਨ ਕੌਰ ਦੇ ਕਿਲ੍ਹੇ ਵਿਚੋਂ ਨਿਕਲਣ ਤੋਂ ਇਕ ਘੰਟਾ ਪਿੱਛੋਂ ਕਿਲ੍ਹੇ ਵਿਚ ਖ਼ਤਰੇ ਦੀ ਨੌਬਤ ਖੜਕ ਗਈ। ਉਸੇ ਢੰਗ ਨਾਲ ਖੜਕੀ ਜਿਸ ਢੰਗ ਨਾਲ ਖ਼ਤਰੇ-ਲੜਾਈ-ਵੇਲੇ ਖੜਕਿਆ ਕਰਦੀ ਸੀ। ਨੌਬਤ ਸੁਣ ਕੇ ਪਿੰਡ ਦੇ ਵਾਸੀ ਸਹਿਮ ਗਏ। ਉੱਚੀਆਂ ਥਾਵਾਂ ਉੱਤੇ ਚੜ੍ਹ ਕੇ ਵੇਖਣ ਲਗੇ ਕਿ ਦੁਸ਼ਮਨ ਕਿਧਰੋਂ ਆ ਰਿਹਾ ਹੈ। ਇਕ ਦੂਸਰੇ ਨੂੰ ਪੁੱਛਦੇ ਕਿ ਕੀ ਹੋਇਆ? ਗਭਰੂ ਹਥਿਆਰ ਫੜ ਕੇ ਪੁੱਛਣ ਲੱਗੇ ਕਿਧਰ ਨੂੰ ਜਾਈਏ! ਕਿਸ ਨੂੰ ਮਾਰੀਏ? ਕਿਲ੍ਹੇ ਵਿਚੋਂ ਖ਼ਬਰ ਆ ਗਈ-ਅਕਬਰ ਖਾਂ ਕਤਲ ਕਰ ਦਿੱਤਾ ਗਿਆ ਹੈ, ਉਸ ਨੂੰ ਇਕ ਜ਼ਨਾਨੀ ਜਾਨੋਂ ਮਾਰ ਗਈ ਹੈ। ਕਿਲ੍ਹੇ ਵਿਚ ਰੋਣਾ ਪਿਟਣਾ ਪੈ ਗਿਆ।

ਪੈਦਲ ਤੇ ਘੋੜਿਆਂ ਉੱਤੇ ਚੜ੍ਹ ਕੇ ਪੰਜ ਸੌ ਜੁਆਨ ਖ਼ੂਨੀ ਇਸਤ੍ਰੀ ਨੂੰ ਲੱਭਣ ਤੇ ਫੜਨ ਵਾਸਤੇ ਦਗੜ ਦਗੜ ਕਰਦੇ ਨਿਕਲੇ, ਘੋੜਿਆਂ ਦੀਆਂ ਟਾਪਾਂ ਨਾਲ ਸਾਰੇ ਪਹਾੜ ਗੂੰਜਣ ਲੱਗੇ। 'ਸੁੰਬਾਂ ਦੀ ਟੱਪ ਟਿਪ, ਟੱਪ ਟਿੱਪ, ਫੜ ਲਓ, ਇਧਰ ਗਈ ਉਧਰ ਗਈ.......ਦੇ ਨਾਹਰੇ ਕਿਸੇ ਨੂੰ ਕੁਝ ਨਹੀਂ ਸਨ ਸੁਣਨ ਦੇਂਦੇ। ਪਿੰਡ ਹੜਤਾਲ ਹੋ ਗਈ। ਹਾਹਾਕਾਰ ਮੱਚ ਗਈ। ਸਾਰੇ ਜੀਆਂ ਨੂੰ ਖਾਣਾ ਪੀਣ ਭੁੱਲ ਗਿਆ। ਝਾੜੀਆਂ, ਖੱਡਾਂ ਪੱਥਰ ਤੇ ਉਚਾਈਆਂ, ਦਰਿਆ ਤੇ ਪਗ-ਡੰਡੀਆਂ ਨੂੰ ਜੁਆਨ ਛਾਣਨ ਲੱਗੇ। ਪਠਾਣੀ ਲਿਬਾਸ ਵਿਚ ਜਾਂਦੀ ਹਰ ਔਰਤ ਉੱਤੇ ਸ਼ੱਕ ਕਰਕੇ ਉਸਨੂੰ ਘੇਰਨ ਤੇ ਕਈ ਸਵਾਲ ਕਰਕੇ ਪੁੱਛਣ ਲੱਗੇ ਨਗਰ ਸਲੀਮ ਵੱਲ

ਘੋੜ ਸਵਾਰ ਦੌੜਾਏ ਗਏ। ਉਨ੍ਹਾਂ ਜਦੋਂ ਜਾ ਕੇ 'ਆਜ਼ਾਦ ਬੀਬੀ' ਦਾ ਪਤਾ ਕੀਤਾ ਤਾਂ ਉਨ੍ਹਾਂ ਦੇ ਹਵਾਸ ਉਡ ਗਏ। ਇਸ ਨਾਂ ਦੀ ਉਥੇ ਮੁਟਿਆਰ ਹੀ ਕੋਈ ਨਹੀਂ ਸੀ, ਤੇ ਨਾ ਹੀ ਕਿਸੇ ਦੇ ਵੀਰ ਨੂੰ ਕਿਸੇ ਨੇ ਕਤਲ ਕੀਤਾ ਸੀ। ਸਾਰਾ ਪਿੰਡ ਅਮਨ ਨਾਲ ਵੱਸ ਰਿਹਾ ਸੀ। ਘੋੜ ਸਵਾਰਾਂ ਦੀ ਜ਼ਬਾਨੀ ਅਕਬਰ ਖਾਂ ਦੀ ਮੌਤ ਸੁਣ ਕੇ ਪਿੰਡ ਵਾਲੇ ਸੁੰਨ ਹੋ ਗਏ। ਉਨ੍ਹਾਂ ਦੇ ਦੰਦ ਜੁੜ ਗਏ। ਉਹ ਹੈਰਾਨ ਸਨ ਕਿ ਉਨ੍ਹਾਂ ਦੇ ਪਿੰਡ ਦਾ ਨਾਂ ਲੈ ਕੇ ਕਿਸੇ ਨੇ ਪਠਾਣ ਬੱਚੇ ਨਾਲ ਧੋਖਾ ਕੀਤਾ ਹੈ। ਜੇ ਉਹਨਾਂ ਦੇ ਪਿੰਡ ਉੱਤੇ ਕੋਈ ਬਿਪਤਾ ਆ ਗਈ, ਤਾਂ ਕੀ ਬਣੇਗਾ। ਸਾਰੇ ਹੀ ਮੂੰਹ ਵਿਚ ਘਾਹ ਲੈ ਕੇ ਘੋੜ ਸਵਾਰਾਂ ਕੋਲੋਂ ਖਿਮਾਂ ਮੰਗਣ ਲੱਗੇ।

'ਉਹ ਸਿੱਖ ਜਾਸੂਸ ਹੀ ਹੋਵੇਗਾ!' ਘੋੜ ਸਵਾਰਾਂ ਨੇ ਆਖਿਆ ਤੇ ਵਾਪਸ ਉਤਮਜ਼ਈ ਨੂੰ ਤੁਰ ਪਏ। ਕ੍ਰੋਧ ਨਾਲ ਉਹਨਾਂ ਦੀਆਂ ਅੱਖਾਂ ਵਿਚੋਂ ਲਹੂ ਚੋ ਰਿਹਾ ਸੀ।

ਸਾਰੇ ਬਾਹਰੇ ਵਿਚ ਬੇਚੈਨੀ ਫੈਲ ਗਈ, ਸ਼ੱਕ ਵਿਚ ਕਈਆਂ ਦੀ ਸ਼ਾਮਤ ਆਉਣ ਲੱਗੀ। ਜਿਨ੍ਹਾਂ ਇਸਤ੍ਰੀਆਂ ਦਾ ਹੁਲੀਆ ਸ਼ਰਨ ਕੌਰ ਨਾਲ ਮਿਲਦਾ ਸੀ, ਉਨ੍ਹਾਂ ਨੂੰ ਮਾਰ ਕੁੱਟ ਕੇ ਵੀ ਪੁਛਿਆ ਜਾਣ ਲੱਗਾ ਕਿ ਉਹ ਕੌਣ ਹਨ? ਕੀ ਉਤਮਜ਼ਈ ਦੇ ਕਿਲ੍ਹੇ ਵਿਚ ਗਈਆਂ ਨੇ ਕਿ ਨਹੀਂ?

* * * *

ਓਧਰ ਸ਼ਰਨ ਕੌਰ ਦਾ ਹਾਲ ਸੁਣੋ: ਉਹ ਕਿਲ੍ਹੇ ਵਿਚੋਂ ਨਿਕਲ ਕੇ ਭੀਮ ਬਲੀ ਸਿੰਘ ਕੋਲ ਆਈ। ਉਸਨੂੰ ਸਾਰਾ ਕਿੱਸਾ ਖੋਲ੍ਹ ਸੁਣਾਇਆ। ਉਹ ਸੁਣ ਕੇ ਦੰਗ ਰਹਿ ਗਿਆ-'ਵਾਹ ਸ਼ੇਰਨੀਏ, ਕਮਾਲ ਕਰ ਦਿੱਤਾ ਊ! ਐਨਾ ਹੌਂਸਲਾ! ਦੁਸ਼ਮਨ ਦੇ ਘਰ ਜਾ ਕੇ ਉਸ ਨੂੰ ਸਫਾਈ ਨਾਲ ਕਤਲ ਕਰਨਾ, ਇਹ ਨੀਤੀ ਕਿਥੋਂ ਸਿਖੀ ਊ? ਮੈਂ ਅਕਾਲ ਪੁਰਖ ਦਾ ਧੰਨਵਾਦ ਕਰਦਾ ਹਾਂ, ਜਿਸ ਨੇ ਤੈਨੂੰ ਇਹ ਬੁੱਧ ਬੱਲ ਬਖ਼ਸ਼ਿਆ।

'ਇਹ ਉਸਤਤ ਕਰਨ ਦਾ ਸਮਾਂ ਨਹੀਂ । ਲੁਕਣਾ ਹੈ, ਪਲੋ ਪਲੀ ਨੂੰ ਪਤਾ ਲੱਗ ਗਿਆ ਤਾਂ ਅਸਾਡੀ ਢੂੰਡ ਹੋਵੇਗੀ। ਪੈਦਲ ਤੇ ਘੋੜ ਸਵਾਰ ਤਲਵਾਰਾਂ ਲੈ ਕੇ ਚੜ੍ਹਨਗੇ । ਉਹ ਅਸਾਡੇ ਲਹੂ ਦੇ ਤ੍ਰਿਹਾਏ ਭੁੱਖੇ ਬਘਿਆੜਾਂ ਵਾਂਗ ਜੰਗਲ ਪਹਾੜ ਛਾਣਦੇ ਫਿਰਨਗੇ। ਉਠੋ ਕਿਤੇ ਓਹਲੇ ਹੋ ਕੇ ਹੁਲੀਆ ਬਦਲੋ, ਸ਼ਰਨ ਕੌਰ ਨੇ ਕਾਹਲੀ ਕਾਹਲੀ ਆਖਿਆ। ਉਹਦੇ ਸਾਹ ਨਾਲ ਸਾਹ ਨਹੀਂ ਸੀ ਰਲਦਾ। ਇੰਜ ਪ੍ਰਤੀਤ ਹੁੰਦਾ ਸੀ ਕਿ ਭੱਜੀ ਆਉਂਦੀ ਥੱਕ ਗਈ ਸੀ। ਅਕਬਰ ਖਾਂ ਦੇ ਖ਼ੂਨ ਦਾ ਵੀ ਅਸਰ ਸੀ। ਉਹ ਆਉਣ ਵਾਲੇ ਖ਼ਤਰਿਆਂ ਨੂੰ ਅਨੁਭਵ ਕਰ ਰਹੀ ਸੀ। ਇਸਤਰੀ ਹੋਣ 'ਤੇ ਵੀ ਹੌਸਲਾ ਨਹੀਂ ਸੀ ਛਡਿਆ। ਪੰਥਕ ਪਿਆਰ ਦੀ ਰੂਹ ਦੇ ਜੋਸ਼ ਨਾਲ ਉਸਨੇ ਦੁਸ਼ਮਨ ਨੂੰ ਮਾਰਿਆ ਸੀ। ਉਸਨੇ ਹੁਲੀਆ ਬਦਲਣ ਵਿਚ ਐਸੀ ਕਮਾਲ ਕੀਤੀ ਹੋਈ ਸੀ ਕਿ ਭੀਮ ਬਲੀ ਸਿੰਘ ਪਛਾਣ ਨਹੀਂ ਸੀ ਸਕਿਆ।

ਕੋਲ ਆ ਕੇ ਸ਼ਰਨ ਕੌਰ ਜਦੋਂ ਬੋਲੀ ਤਾਂ ਬੋਲ ਪਛਾਣ ਕੇ ਉਸਨੂੰ ਪਤਾ ਲੱਗਾ ਕਿ ਇਹ ਉਸਦੀ ਜੀਵਨ ਸਾਥਣ ਹੈ। '—ਛੇਤੀ ਭੇਸ ਕਿਉਂ ਬਦਲ ਲਿਆ? ਕੀ ਕੋਈ ਵੱਡੀ ਘਟਨਾ ਵਾਪਰ ਗਈ?' ਭੀਮ ਬਲੀ ਸਿੰਘ ਨੇ ਉਹਦੇ ਵੱਲ ਵੇਖਦਿਆਂ ਹੋਇਆਂ ਪੁੱਛਿਆ।

'ਬਹੁਤ ਵੱਡੀ ਘਟਨਾ ਹੋ ਗਈ ਕਰਤੇ ਦੇ ਖੇਲ ਨਿਰਾਲੇ ਨੇ- ਛੇਤੀ ਚਲੋ। ਵਾਹਰ ਆ ਜਾਵੇਗੀ। ਮੈਂ ਅਕਬਰ ਖਾਂ ਦਾ ਖ਼ੂਨ ਕਰ ਆਈ ਹਾਂ।' ਸ਼ਰਨ ਕੌਰ ਦਾ ਉੱਤਰ ਸੀ।

ਭੀਮ ਬਲੀ ਸਿੰਘ ਨੇ ਸ਼ਰਨ ਕੌਰ ਦੀ ਡੰਗੋਰੀ ਫੜ ਲਈ। ਸ਼ਰਨ ਕੌਰ ਨੇ ਅੱਖਾਂ ਮੀਟ ਲਈਆਂ ਤੇ ਅੰਨ੍ਹੀ ਬਣ ਬੈਠੀ। ਹੌਲੀ ਹੌਲੀ ਤੁਰਨ ਲੱਗੇ। ਅੱਜੇ ਮਸਾਂ ਤੀਹ ਕੁ ਗਜ਼ ਹੀ ਪੰਧ ਤੁਰੇ ਸੀ ਕਿ ਕਿਲ੍ਹੇ ਦੀ ਨੌਬਤ ਖੜਕ ਗਈ। ਨੌਬਤ ਦੀ ਆਵਾਜ਼ ਬਹੁਤ ਭਿਆਨਕ ਸੀ। ਉਹ ਇਕ ਕਿਸਮ ਦਾ ਜੰਗ ਦਾ ਬਿਗਲ ਸੀ। ਕਿਲ੍ਹੇ ਵਿਚ ਤੇ ਬਾਹਰ ਰਹਿੰਦੇ

ਆਦਮੀਆਂ ਨੂੰ ਲੜਾਈ ਵਾਸਤੇ ਤਿਆਰ ਹੋਣ ਦਾ ਹੁਕਮ ਸੀ।

'ਹੁਣ ਕਿਲ੍ਹੇ ਵਿਚ ਪਤਾ ਲੱਗ ਗਿਆ ਜੇ, ਅਕਬਰ ਖਾਂ ਦੇ ਆਦਮੀ ਚੜ੍ਹ ਕੇ ਆਉਣਗੇ.' ਸ਼ਰਨ ਕੌਰ ਨੇ ਆਖਿਆ।

'ਫਿਰ ਇੰਜ ਕਰੀਏ ਕਿ ਕਿਤੇ ਬੈਠ ਕੇ ਖ਼ਤਰੇ ਦਾ ਵੇਲਾ ਟਪਾ ਲਈਏ। ਉਹ ਤਾਂ ਸ਼ਾਇਦ ਰਾਹੇ ਰਾਹ ਅੱਗੇ ਨਿਕਲ ਜਾਣ। ਰਾਹੋਂ ਪਸਿੱਤੇ ਹੋ ਕੇ ਬੈਠਣਾ ਯੋਗ ਹੈ,' ਭੀਮ ਬਲੀ ਸਿੰਘ ਦਾ ਵਿਚਾਰ ਸੀ।

ਬੈਠੇ ਹੋਏ ਜ਼ਰੂਰ ਫੜੇ ਜਾਵਾਂਗੇ, ਤੇ ਚੋਰ ਸਾਬਿਤ ਹੋਵਾਂਗੇ, ਤੁਰੇ ਚਲੀਏ ਅਕਾਲ ਪੁਰਖ 'ਤੇ ਭਰੋਸਾ ਰੱਖ ਕੇ। ਗੁਰੂ ਆਪਣੇ ਸੇਵਕਾਂ ਦੀ ਪਤ ਰਖੇਗਾ। ਭਾਈ ਬਿਧੀ ਚੰਦ ਦੀ ਸਾਖੀ ਸੁਣੀ ਜੇ ਨਾ। ਜਿਵੇਂ ਗੁਰੂ ਨੇ ਕ੍ਰਿਪਾ ਕਰਕੇ ਭਾਈ ਬਿਧੀ ਚੰਦ ਨੂੰ ਬਲਦੀ ਭੱਠੀ ਵਿਚੋਂ ਰੱਖ ਲਿਆ ਸੀ, ਤਿਵੇਂ ਅਸਾਡੀ ਵੀ ਰੱਖਿਆ ਗੁਰੂ ਮਹਾਰਾਜ ਅੰਗ ਸੰਗ ਹੋ ਕੇ ਜ਼ਰੂਰ ਕਰਨਗੇ।

'ਗੁਰੂ ਉੱਤੇ ਤਾਂ ਭਰੋਸਾ ਹੈ ਹੀ' 'ਵਾਹਿਗੁਰੂ ਵਾਹਿਗੁਰੂ ਕਰਦੇ ਤੁਰੇ ਚਲੋ।'

ਦੋਵੇਂ ਪਗਡੰਡੀ 'ਤੇ ਪੈ ਗਏ। ਇਕ ਮੀਲ ਪੰਧ ਨਿਕਲ ਗਏ। ਪਰ ਖ਼ਤਰੇ ਤੋਂ ਦੂਰ ਨਾ ਹੋਏ। ਘੋੜਿਆਂ ਦੇ 'ਦਗੜ ਦਗੜ' ਆਉਣ ਦੀ ਆਵਾਜ਼ ਉਹਨਾਂ ਦੇ ਕੰਨੀਂ ਪਈ। ਰਾਹ ਤੋਂ ਪਾਸੇ ਹੋ ਕੇ ਬੈਠ ਗਏ, ਪਰ ਲੁਕੇ ਨਹੀਂ। ਘੋੜ-ਸਵਾਰ ਆਏ, ਉਹਨਾਂ ਕੋਲ ਨੰਗੀਆਂ ਤਲਵਾਰਾਂ ਸਨ ਤੇ ਤੋੜੇਦਾਰ ਬੰਦੂਕਾਂ। ਪੰਜ ਸਵਾਰ ਸਨ, ਜੋ ਉਸ ਰਾਹ ਆਏ। ਇਕ ਘੋੜ ਸਵਾਰ ਨੇ ਘੋੜਾ ਰੋਕ ਕੇ ਪੁੱਛਿਆ-ਕੀ ਕੋਈ ਇਕੱਲੀ ਔਰਤ ਮੁਟਿਆਰ ਏਧਰ ਜਾਂਦੀ ਆਉਂਦੀ ਦੇਖੀ ਜੇ?'

'ਹਾਂ ਜੀ!' ਭੀਮ ਬਲੀ ਸਿੰਘ ਬੋਲਿਆ।

'ਕਿਥੇ ਕੁ ਹੋਵੇਗੀ?'

'ਨੇੜੇ ਹੀ ਜਾਂਦੀ ਹੋਵੇਗੀ ਜੇ ਉਹ ਸਿੱਧੇ ਰਾਹੇ ਗਈ ਹੋਵੇਗੀ, ਜੇ

ਕਿਧਰੇ ਮੁੜ ਗਈ ਤਾਂ ਆਖਿਆ ਨਹੀਂ ਜਾ ਸਕਦਾ।'

ਸਵਾਰਾਂ ਨੇ ਘੋੜੇ ਸਰਪੱਟ ਦੌੜਾਅ ਦਿੱਤੇ।

ਸ਼ਰਨ ਕੌਰ ਤੇ ਭੀਮ ਬਲੀ ਸਿੰਘ ਫਿਰ ਪਗਡੰਡੀ 'ਤੇ ਤੁਰਨ ਲੱਗੇ। ਘੋੜ ਸਵਾਰ ਹੋਰ ਆਏ ਤੇ ਉਨ੍ਹਾਂ ਕੋਲੋਂ ਦੀ ਲੰਘ ਗਏ। ਕਿਸੇ ਨੇ ਉਨ੍ਹਾਂ ਨੂੰ ਕੁਝ ਨਾ ਪੁੱਛਿਆ, ਕਿਉਂਕਿ ਉਹ ਤਾਂ ਮੁਟਿਆਰ ਇਸਤਰੀ ਦੀ ਭਾਲ ਵਿਚ ਹਨ। ਸ਼ਰਨ ਕੌਰ ਸੱਠ ਸਾਲ ਦੀ ਬੁਢੜੀ ਤੇ ਅੰਨ੍ਹੀ ਪ੍ਰਤੀਤ ਹੁੰਦੀ ਸੀ। ਜਦੋਂ ਕੋਈ ਨੇੜੇ ਆਉਂਦਾ ਸੀ ਤਾਂ ਉਹ ਮਸਾਂ ਪੈਰ ਪੁੱਟਦੀ ਤੇ ਬੀਮਾਰਾਂ ਵਾਂਗ ਹੂੰਗਣ ਲੱਗ ਪੈਂਦੀ ਸੀ।

੧੧.

ਜਮਰੌਦ ਦਾ ਕਿਲ੍ਹਾ ਮੁਕੰਮਲ ਉਸਰ ਗਿਆ। ਰਾਜ, ਮਿਸਤਰੀਆਂ ਨੇ ਚੂਨੇ ਕਲੀ ਤੇ ਵੇਲ ਬੂਟੇ ਦਾ ਕੰਮ ਵੀ ਸਮਾਪਤ ਕਰ ਦਿੱਤਾ। ਕਿਲ੍ਹੇ ਦੀ ਸੰਪੂਰਨਤਾ ਦਾ ਪਤਾ ਲਾਹੌਰ ਭੇਜਿਆ ਗਿਆ। ਮਹਾਰਾਜ ਨੇ ਕੰਵਰ ਨੌਨਿਹਾਲ ਸਿੰਘ ਜੀ ਨੂੰ ਫੌਜ ਦੇ ਕੇ ਲਾਹੌਰੋਂ ਤੋਰਿਆ ਕਿ ਕੰਵਰ ਜੀ ਕਿਲ੍ਹਾ ਜਮਰੌਦ ਵਿਚ ਇਕ ਸ਼ਾਹੀ ਦਰਬਾਰ ਕਰਨ। ਜਿਨ੍ਹਾਂ ਇਸਤ੍ਰੀਆਂ, ਜੁਆਨਾਂ ਅਤੇ ਖ਼ਾਲਸਾ ਰਾਜ-ਭਗਤਾਂ ਨੇ ਕਿਲ੍ਹਾ ਉਸਾਰਨ ਵਿਚ ਵੱਧ ਚੜ੍ਹ ਕੇ ਮਦਦ ਦਿੱਤੀ ਹੈ ਅਤੇ ਹਰੀਪੁਰ ਹਜ਼ਾਰਾ ਤੇ ਪਿਸ਼ਾਵਰ ਦੇ ਇਲਾਕੇ ਵਿਚ ਖ਼ਾਲਸਾ ਰਾਜ ਦਾ ਝੰਡਾ ਝੁਲਾਉਣ ਵਾਸਤੇ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਬਹਾਦਰੀਆਂ ਦਿਖਾਈਆਂ ਹਨ, ਉਨ੍ਹਾਂ ਨੂੰ ਇਨਾਮ ਦਿੱਤੇ ਜਾਣ ਤੇ ਉਨ੍ਹਾਂ ਦਾ ਯੋਗ ਸਤਿਕਾਰ ਕੀਤਾ ਜਾਵੇ ਤਾਂ ਕਿ ਸਿੱਖ ਸੰਗਤਾਂ ਦਾ ਉਤਸ਼ਾਹ ਹੋਰ ਵਧੇ।

ਕੰਵਰ ਨੌਨਿਹਾਲ ਸਿੰਘ ਆਪਣੇ ਜਵਾਨਾਂ ਸਮੇਤ ਜਮਰੌਦ ਪਹੁੰਚ ਗਏ। ਅਣਖੀਲੇ ਜਰਨੈਲ ਸ: ਹਰੀ ਸਿੰਘ ਜੀ ਵੀ ਹਰੀਪੁਰ ਹਜ਼ਾਰੇ ਦਾ ਦੌਰਾ ਕਰਕੇ ਵੇਲੇ ਸਿਰ ਜਮਰੌਦ ਪੁੱਜ ਗਏ। ਖ਼ੁਸ਼ੀਆਂ ਮਨਾਉਣ ਦੇ ਪ੍ਰਬੰਧ ਕੀਤੇ ਗਏ। ਬੈਂਡ ਆਤਸ਼ਬਾਜ਼ੀ, ਦੀਪ-ਮਾਲਾ, ਤੋਪਾਂ ਦੇ ਫਾਇਰਾਂ ਤੇ ਗ਼ਰੀਬ ਗ਼ੁਰਬੇ ਨੂੰ ਰੋਟੀ ਕੱਪੜਾ ਵੰਡਣ ਵਾਸਤੇ ਸ: ਮਹਾਂ ਸਿੰਘ ਨੇ ਪ੍ਰਬੰਧ ਕਰ ਦਿੱਤਾ। ਜਿਸ ਵੇਲੇ ਕੰਵਰ ਜੀ ਤੇ ਸ: ਹਰੀ ਸਿੰਘ ਜੀ ਕਿਲ੍ਹੇ ਵਿਚ ਪੁੱਜੇ ਤਾਂ ਸਵਾਗਤੀ ਸਤਿਕਾਰ ਖ਼ਾਤਰ ਤੋਪਾਂ ਚਲਾਈਆਂ ਗਈਆਂ। ਕਿਲ੍ਹੇ

ਦੀ ਰਾਖਵੀਂ ਫ਼ੌਜ ਨੇ ਸਲਾਮੀ ਦਿੱਤੀ ਤੇ 'ਪੰਥ ਦੀ ਚੜ੍ਹਦੀ ਕਲਾ' ਦੇ ਗੀਤ ਨੂੰ ਫ਼ੌਜੀ ਬੈਂਡ ਵਾਲਿਆਂ ਨੇ ਪੂਰੇ ਸਾਜ਼ਾਂ ਨਾਲ ਗਾਇਆ। ਉਸ ਗੀਤ ਦੇ ਨਾਲ ਖ਼ੁਸ਼ੀਆਂ ਦਾ ਪ੍ਰਾਰੰਭ ਹੋਇਆ।

ਦਰਬਾਰੇ ਹਾਲ ਵਿਚ ਸ਼ਾਹੀ ਦਰਬਾਰ ਸਜਾਇਆ ਗਿਆ। ਗੁੰਥੀ ਸਿੰਘਾਂ ਦੇ ਅਰਦਾਸੇ ਪਿੱਛੋਂ ਦਰਬਾਰ ਦੀ ਕਾਰਵਾਈ ਸ਼ੁਰੂ ਹੋਈ। ਦੋ ਕੁਰਸੀਆਂ ਉੱਚੀ ਥਾਂ ਉੱਤੇ ਰੱਖੀਆਂ ਗਈਆਂ ਸਨ, ਉਨ੍ਹਾਂ ਕੁਰਸੀਆਂ 'ਤੇ ਜਰਨੈਲ ਹਰੀ ਸਿੰਘ ਜੀ ਨਲੂਆ ਤੇ ਕੰਵਰ ਨੌਨਿਹਾਲ ਸਿੰਘ ਬਿਰਾਜਮਾਨ ਸਨ। ਦੋਹਾਂ ਦੇ ਚਿਹਰਿਆਂ ਉੱਤੇ ਬਹਾਦਰੀ, ਬਰਕਤ, ਅਣਖ, ਸਿੱਖੀ ਪਿਆਰ ਤੇ ਉੱਚ ਇਖ਼ਲਾਕ ਦੀਆਂ ਲਹਿਰਾਂ ਸਾਫ਼ ਦਿਖਾਈ ਦੇਂਦੀਆਂ ਸਨ, ਮੁਨਸ਼ੀ, ਕਿਲ੍ਹੇ ਦੇ ਕਰਿੰਦੇ, ਇਲਾਕੇ ਦੇ ਮੁਖੀ ਅਤੇ ਫ਼ੌਜੀ ਅਫ਼ਸਰ ਸਟੇਜ ਤੋਂ ਹੇਠਾਂ ਕੁਰਸੀਆਂ ਤੇ ਆਸਣਾਂ ਉੱਪਰ ਬੈਠੇ ਹੋਏ ਸਨ। ਉਸ ਤੋਂ ਅੱਗੇ ਫ਼ੌਜੀ ਸਿਪਾਹੀਆਂ ਦੀ ਬੈਠਣ ਦੀ ਥਾਂ ਸੀ।

ਕਿਲ੍ਹੇ ਦਾ ਇਨਚਾਰਜ (ਮੁਖੀ ਅਫ਼ਸਰ ਸ: ਮਹਾਂ ਸਿੰਘ) ਸਕੱਤਰੀ ਦੇ ਫ਼ਰਜ਼ ਪੂਰੇ ਕਰਦਾ ਸੀ। ਉਹ (ਸ: ਮਹਾਂ ਸਿੰਘ) ਬਹੁਤ ਸਿਆਣਾ ਪੜ੍ਹਿਆ ਲਿਖਿਆ ਤੇ ਲੰਮੇਰੀ ਸੂਝ-ਬੂਝ ਵਾਲਾ ਸਿਪਾਹੀ ਸੀ। ਉਸਨੇ ਸ: ਹਰੀ ਸਿੰਘ ਦੇ ਨਾਲ ਬਹੁਤ ਸਾਰੀਆਂ ਲੜਾਈਆਂ ਵਿਚ ਬਹਾਦਰੀ ਦੇ ਜੌਹਰ ਵਿਖਾਏ ਸਨ। ਸਰਦਾਰ ਹਰੀ ਸਿੰਘ ਉਹਨਾਂ 'ਤੇ ਬਹੁਤ ਭਰੋਸਾ ਕਰਦੇ ਸਨ। ਏਸੇ ਵਾਸਤੇ ਕਿਲ੍ਹਾ ਜਮਰੌਦ ਦਾ ਸਾਰਾ ਪ੍ਰਬੰਧ ਉਹਨਾਂ ਦੇ ਹਵਾਲੇ ਕੀਤਾ ਹੋਇਆ ਸੀ, ਜਿਸ ਨੂੰ ਸਰਦਾਰ ਸਾਹਿਬ ਬੜੀ ਯੋਗਤਾ ਤੇ ਹੁਸ਼ਿਆਰੀ ਨਾਲ ਚਲਾਈ ਜਾਂਦੇ ਸਨ।

ਦਰਬਾਰ ਦੀਆਂ ਬਹੁਤ ਸਾਰੀਆਂ ਕਾਰਵਾਈਆਂ ਹੋ ਚੁੱਕਣ ਦੇ ਪਿੱਛੋਂ ਬਹਾਦਰੀ ਵਾਲੇ ਅਫ਼ਸਰਾਂ ਤੇ ਕਰਿੰਦਿਆਂ ਦੇ ਸਤਿਕਾਰ ਕਰਨ ਦਾ ਸਮਾਂ ਆਇਆ। ਸਰਦਾਰ ਮਹਾਂ ਸਿੰਘ ਨੇ ਇਕ ਇਕ ਜਵਾਨ ਸੱਦਣਾ ਸ਼ੁਰੂ ਕੀਤਾ। ਜਿਸ ਨੌਜਵਾਨ ਦਾ ਨਾਂ ਬੋਲਿਆ ਜਾਂਦਾ, ਉਸ ਦੀ ਕੀਤੀ

ਬਹਾਦਰੀ ਵੀ ਸੰਖੇਪ ਨਾਲ ਦੱਸੀ ਜਾਂਦੀ ਤਾਂ ਕਿ ਕੰਵਰ ਸਾਹਿਬ ਤੇ ਸਰਦਾਰ ਹਰੀ ਸਿੰਘ ਨੂੰ ਪਤਾ ਲੱਗ ਜਾਵੇ ਕਿ ਇਨਾਮ ਹਾਸਲ ਕਰਨ ਵਾਲਾ ਕੌਣ ਹੈ ਤੇ ਇਸ ਨੇ ਕੀ ਕੰਮ ਕੀਤਾ ਹੈ?

ਪੰਦਰਾਂ ਕੁ ਨੌਜਵਾਨਾਂ ਨੂੰ ਇਨਾਮ ਵੰਡਣ ਤੋਂ ਪਿੱਛੋਂ ਜੋ ਸੋਲ੍ਹਵਾਂ ਨਾਂ ਆਇਆ, ਉਹ ਬੀਬੀ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਦਾ ਇਕੱਠਾ ਸੀ। ਪਤੀ-ਪਤਨੀ ਇਕੱਠੇ ਉਠ ਕੇ ਆਏ ਤੇ ਸਰਦਾਰ ਹਰੀ ਸਿੰਘ ਤੇ ਕੰਵਰ ਜੀ ਨੂੰ ਵਾਹਿਗੁਰੂ ਜੀ ਦੀ ਫਤਹਿ ਬੁਲਾ ਕੇ ਦੋਵੇਂ ਸਾਹਮਣੇ ਜਾ ਖਲੋਤੇ।

''ਸਤਿਕਾਰ ਯੋਗ ਸਰਦਾਰ ਜੀ ਤੇ ਕੰਵਰ ਸਾਹਿਬ ਜੀਓ!''

ਸਰਦਾਰ ਮਹਾਂ ਸਿੰਘ ਨੇ ਬੋਲਣਾ ਸ਼ੁਰੂ ਕੀਤਾ, ''......ਇਹ ਜੋੜੀ ਕਿਲ੍ਹੇ ਦੇ ਜਾਸੂਸ ਵਿਭਾਗ ਦੀ ਮੁਖੀ ਹੈ। ਬੀਬੀ ਦਾ ਨਾਂ ਸ਼ਰਨ ਕੌਰ ਹੈ ਤੇ ਇਨ੍ਹਾਂ ਦੇ ਜੀਵਨ-ਸਾਥੀ ਦਾ ਨਾਂ ਭੀਮ ਬਲੀ ਸਿੰਘ, ਜਿਵੇਂ ਕਿ ਅੱਗੇ ਦੱਸਿਆ ਗਿਆ ਹੈ.....ਇਹ ਉਹੋ ਜੋੜੀ ਹੈ ਜੋ ਹਿੰਦੂਓਂ ਸਿੱਖ ਸਜੀ ਹੈ।'' ਇਸ ਤੋਂ ਅੱਗੇ ਸਰਦਾਰ ਮਹਾਂ ਸਿੰਘ ਨੇ ਵਿਆਹ ਦੇ ਪਿੱਛੋਂ ਪਠਾਣਾਂ ਦੇ ਸ਼ਰਨ ਕੌਰ ਨੂੰ ਖੋਹ ਲੈ ਜਾਣ ਵਾਲੀ ਘਟਨਾ ਨੂੰ ਬਿਆਨ ਕੀਤਾ। ਘਟਨਾ ਪਿੱਛੋਂ ਬੋਲੇ-''ਇਸ ਜੋੜੀ ਨੇ ਬਹੁਤ ਬਹਾਦਰੀਆਂ ਕੀਤੀਆਂ ਹਨ। ਦੁਸ਼ਮਨ ਦੀਆਂ ਕਈ ਲੁਕਵੀਆਂ ਥਾਵਾਂ ਤੇ ਸ਼ਕਤੀਆਂ ਦੀ ਸੂਹ ਕੱਢ ਕੇ ਦੱਸੀ ਹੈ, ਜੋ ਸੋਲ੍ਹਾਂ ਆਨੇ ਸਹੀ ਨਿਕਲਦੀ ਰਹੀ ਹੈ। ਇਹਨਾਂ ਦੇ ਜਾਸੂਸੀ ਕੰਮ ਵਿਚ ਕਦੀ ਭੁਲੇਖਾ ਨਹੀਂ ਲੱਗਾ। ਕਈਆਂ ਹਿੰਦੂਆਂ ਦੀਆਂ ਜਾਨਾਂ ਤੇ ਕਈਆਂ ਦੇਵੀਆਂ ਦੀ ਅਜ਼ਮਤ (ਇੱਜ਼ਤ) ਨੂੰ ਬਹਾਦਰੀ ਨਾਲ ਬਚਾਇਆ ਹੈ। ਅਮਰ ਤੇ ਇਤਿਹਾਸਕ ਘਟਨਾ ਇਹ ਹੈ ਕਿ ਇਸ ਦੇਵੀ ਨੇ ਉਤਮਜ਼ਈ ਦੇ ਕਿਲ੍ਹੇ ਵਿਚ ਪੁੱਜ ਕੇ ਅਕਬਰ ਖਾਂ ਨੂੰ ਮਾਰਿਆ ਜਦੋਂ ਉਹ ਸ਼ੈਤਾਨੀ ਹਰਕਤ ਨਾਲ ਪਾਗਲ ਹੋ ਚੁੱਕਾ ਸੀ ਅਤੇ ਖ਼ਾਲਸੇ ਨਾਲ ਲੜਾਈ ਲੜਨ ਦੀ ਤਿਆਰੀ ਕਰ ਰਿਹਾ ਸੀ।''

ਜਿਵੇਂ ਸ਼ਰਨ ਕੌਰ ਦੀ ਜ਼ਬਾਨੀ ਕਿਲ੍ਹੇ ਵਿਚ ਪੁੱਜਣ ਦੀ ਤੇ ਅਕਬਰ ਖਾਂ ਨਾਲ ਮਿਲਣ ਦੀ ਕਹਾਣੀ ਸੁਣੀ ਸੀ, ਤਿਵੇਂ ਹੀ ਸਰਦਾਰ ਮਹਾਂ ਸਿੰਘ ਨੇ ਬੋਲ ਸੁਣਾਈ।

"......ਕਈ ਤਰ੍ਹਾਂ ਦੇ ਭੇਸ ਬਦਲ ਕੇ ਅਤੇ ਸੱਤਾਂ ਦਿਨਾਂ ਪਿੱਛੋਂ ਜੰਗਲਾਂ ਤੇ ਪਹਾੜਾਂ ਦੀਆਂ ਖੱਡਾਂ ਵਿਚ ਲੁਕਦੇ ਹੋਏ ਭੁੱਖੇ ਤ੍ਰਿਹਾਏ ਰਹਿੰਦੇ ਕਈ ਕਸ਼ਟ ਉਠਾ ਕੇ ਏਥੇ ਪੁੱਜੇ ਹਨ। ਇਹਨਾਂ ਦੇ ਦੱਸਣ ਉੱਤੇ ਖ਼ਾਲਸਾ ਰਾਜ ਨੇ ਉਤਮਜ਼ਈ ਕਿਲ੍ਹੇ 'ਤੇ ਹੱਲਾ ਬੋਲਿਆ। ਖ਼ਾਲਸੇ ਦੀ ਫ਼ਤਹਿ ਹੋਈ। ਹੁਣ ਸਾਰੇ ਇਲਾਕੇ ਵਿਚ ਖ਼ਾਲਸਾ ਰਾਜ ਹੈ। ਚੌਕੀਆਂ ਬਿਠਾਈਆਂ ਹੋਈਆਂ ਹਨ। ਪਰਜਾ ਸੁਖ ਨਾਲ ਵੱਸ ਰਹੀ ਹੈ। ਰਾਹ-ਮਾਰਨ ਦੀ ਕੋਈ ਖ਼ਬਰ ਨਹੀਂ ਆਈ। ਇਹ ਮੰਦੀ ਹਰਕਤ ਕਰਨ ਦਾ ਨਾ ਕਿਸੇ ਨੂੰ ਹੌਂਸਲਾ ਹੀ ਪੈਂਦਾ ਹੈ।"

'ਮੇਰੇ ਵਲੋਂ ਭੀਮ ਬਲੀ ਸਿੰਘ ਨੂੰ ਸੋਨੇ ਦੇ ਕੜੇ ਅਤੇ ਇਸ ਬਹਾਦਰ ਦੇਵੀ ਨੂੰ ਸੋਨੇ ਦੀ ਮਾਲਾ ਵਾਧੂ ਇਨਾਮ ਦਿੱਤਾ ਜਾਵੇ।' ਕੰਵਰ ਨੌਨਿਹਾਲ ਸਿੰਘ ਜੀ ਬੋਲੇ।

ਜਦੋਂ ਤੋਂ ਬੀਬੀ ਸ਼ਰਨ ਕੌਰ ਮੂਹਰੇ ਆ ਕੇ ਖਲੋਤੀ ਸੀ, ਤਦੋਂ ਤੋਂ ਹੀ ਕੰਵਰ ਜੀ ਉਹਦੇ ਸੁੰਦਰ ਪ੍ਰਭਾਵਸ਼ਾਲੀ ਦੈਵੀ ਗੁਣਾਂ ਵਾਲੇ ਚਿਹਰੇ ਵੱਲ ਵੇਖਦੇ ਰਹੇ। ਉਹ ਮਨ ਹੀ ਮਨ ਵਿਚ ਕਹਿੰਦੇ ਰਹੇ, 'ਕਾਦਰ ਨੇ ਕਿਹੀ ਸੋਹਣੀ ਤੇ ਜੁਆਨ ਮੁਟਿਆਰ ਇਸ ਜਗਤ ਉੱਤੇ ਭੇਜੀ ਹੈ, ਜੋ ਫੁੱਲਾਂ ਵਾਂਗ ਕੋਮਲ ਤੇ ਸੁੰਦਰ ਹੈ ਅਤੇ ਨਾਲ ਹੀ ਬਹਾਦਰੀ ਤੇ ਚੰਗੇਰੀ ਸੂਝ-ਬੂਝ ਵਾਲੀ ਵੀ ਹੈ, ਸਾਰਿਆਂ ਗੁਣਾਂ ਨੂੰ ਰੱਖਣ ਵਾਲੀ ਇਸਤ੍ਰੀ ਘੱਟ ਹੀ ਮਿਲਦੀ ਹੈ।'

ਸ਼ਰਨ ਕੌਰ ਨੂੰ ਸੰਬੋਧਨ ਕਰਕੇ ਸਰਦਾਰ ਹਰੀ ਸਿੰਘ ਜੀ ਨੇ ਬਚਨ ਕੀਤਾ, 'ਮੈਂ ਬਹੁਤ ਖ਼ੁਸ਼ ਹਾਂ। ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਨੇ ਤੇਰੇ ਅਤੇ ਤੇਰੇ ਪਤੀ ਉੱਤੇ ਅਸਲੀ ਅਸਰ ਕੀਤਾ ਹੈ। ਸੱਚਮੁਚ ਸਾਬਿਤ ਕਰ

ਦਿੱਤਾ ਈ ਕਿ ਗੁਰੂ ਅੰਮ੍ਰਿਤ ਗਿਦੜੋਂ ਸ਼ੇਰ ਬਣਾ ਕੇ ਸਵਾ ਲੱਖ ਨਾਲ ਲੜਨ ਦਾ ਹੌਸਲਾ ਬਖ਼ਸ਼ਦਾ ਹੈ। ਜੀਵਨ ਵਿਚ ਮਹਾਨ ਤਬਦੀਲੀਆਂ ਆਉਂਦੀਆਂ ਹਨ। ਤੁਹਾਡੀ ਬਹਾਦਰੀ ਦੀ ਰੀਪੋਰਟ ਸਰਕਾਰ (ਮ: ਰਣਜੀਤ ਸਿੰਘ) ਨੂੰ ਭੇਜੀ ਜਾਵੇਗੀ। ਖ਼ਾਲਸਾ ਰਾਜ ਬਦਲੇ ਕੀਤੀਆਂ ਕੁਰਬਾਨੀਆਂ ਤੇ ਬਹਾਦਰੀਆਂ ਬਾਰੇ ਜਾਗੀਰ ਦੇਣ ਦੀ ਸ਼ਿਫਾਰਸ਼ ਕਰਾਂਗਾ। ਸ਼ਾਬਾਸ਼ ਪੁੱਤਰੀ! ਬਹੁਤ ਦਲੇਰੀ ਕੀਤੀ ਊ। ਦੁਸ਼ਮਨ ਦੇ ਘਰ ਜਾ ਕੇ ਚੰਦਰੇ, ਵਿਭਚਾਰੀ, ਅਕਬਰ ਖਾਂ ਨੂੰ ਮਾਰ ਕੇ ਕਈਆਂ ਦੇਵੀਆਂ ਦੇ ਪਤੀ-ਬ੍ਰਤ ਧਰਮ ਨੂੰ ਬਚਾ ਲਿਆ ਈ। ਤੇਰੀ ਇਹ ਸੇਵਾ ਖ਼ਾਲਸਾ ਰਾਜ ਦੀ ਹੀ ਨਹੀਂ ਸਗੋਂ ਇਸਤ੍ਰੀ ਜ਼ਾਤੀ ਦੀ ਮਹਾਨ ਸੇਵਾ ਹੈ।

ਇਸਦੇ ਪਿੱਛੋਂ ਜੋੜੀ ਨੂੰ ਇਨਾਮ ਦਿੱਤੇ ਗਏ। ਬਹੁਤ ਸਾਰਾ ਸਤਿਕਾਰ ਕੀਤਾ ਗਿਆ। ਸਤਿਕਾਰ ਤੇ ਕੀਮਤੀ ਇਨਾਮ ਨੂੰ ਦੇਖ ਕੇ ਦੋਵੇਂ ਜੀਅ ਗਦ ਗਦ ਹੋ ਗਏ। ਖ਼ੁਸ਼ੀ ਨਾਲ ਉਛਲਦੇ ਦਿਲ ਨੂੰ ਬੜੀ ਕਠਿਨਾਈ ਨਾਲ ਸੰਭਾਲਦੀ ਹੋਈ ਸ਼ਰਨ ਕੌਰ ਬੋਲੀ, '....ਮੇਰੇ ਪੂਜਯ ਧਰਮ ਪਿਤਾ ਜੀਓ! ਮੈਂ ਕੁਝ ਵੀ ਨਹੀਂ। ਇਹ ਸਭ ਬਰਕਤ ਗੁਰੂ ਜੀ ਦੇ ਅੰਮ੍ਰਿਤ ਦੀ ਹੈ। ਆਪ ਦੀ ਗ਼ਰੀਬ ਨਿਵਾਜ਼ੀ ਤੇ ਖ਼ਾਲਸੇ ਦੀ ਸੰਗਤ ਦਾ ਫਲ ਹੈ! ਅਸਾਨੂੰ ਤਾਂ ਨਵਾਂ ਜੀਵਨ ਹਾਸਲ ਹੋਇਆ ਹੈ।'

'ਵਾਹਿਗੁਰੂ ਸਹਾਈ ਹੋਵੇਗਾ,' ਸ: ਹਰੀ ਸਿੰਘ ਨੇ ਅਸੀਸ ਦਿੱਤੀ।

ਭੀਮ ਬਲੀ ਸਿੰਘ ਤੇ ਸ਼ਰਨ ਕੌਰ ਇਨਾਮ ਲੈ ਕੇ ਮੁੜ ਆਪਣੀ ਥਾਂ ਉੱਤੇ ਜਾ ਬੈਠੇ। ਦਰਬਾਰ ਦੀ ਬਾਕੀ ਕਾਰਵਾਈ ਕਰਨ ਪਿੱਛੋਂ ਦਰਬਾਰ ਸਮਾਪਤ ਹੋ ਗਿਆ।

੧੨.

ਕਾਹਲੇ ਵੇਗ ਨਾਲ ਤੁਰਿਆ ਜਾਂਦਾ ਸਮਾਂ ਕਈ ਘਟਨਾਵਾਂ ਕਰੀ ਜਾਂਦਾ ਹੈ। ਉਨ੍ਹਾਂ ਘਟਨਾਵਾਂ ਨੂੰ ਹੀ ਇਤਿਹਾਸ ਆਖਿਆ ਜਾਂਦਾ ਹੈ। ਇਤਿਹਾਸ ਬਣਾਉਣ ਵਾਲੇ ਜੁਆਨ ਮੌਤ ਕੋਲੋਂ ਨਹੀਂ ਡਰਦੇ। ਉਹ ਸਦਾ ਮੌਤ ਨਾਲ ਖੇਡਣ ਵਿਚ ਖ਼ੁਸ਼ ਰਹਿੰਦੇ ਨੇ। ਤੁਰਕਾਂ, ਪਠਾਣਾਂ, ਵਜ਼ੀਰੀਆਂ ਤੇ ਕਾਬਲੀ ਮੁਸਲਮਾਨਾਂ ਨੇ ਖ਼ਾਲਸੇ ਕੋਲੋਂ ਕਈ ਵਾਰ ਮਾਰ ਖਾਧੀ। ਉਸ ਮਾਰ ਨਾਲ ਉਨ੍ਹਾਂ ਦੇ ਦੰਦ ਖੱਟੇ ਹੋ ਗਏ। ਉਹ ਹਿੰਦ ਦੀਆਂ ਸਰਹੱਦਾਂ ਵੱਲ ਮੂੰਹ ਨਹੀਂ ਸਨ ਕਰਨਾ ਚਾਹੁੰਦੇ । ਦਿੱਲੀ ਅਤੇ ਪੂਰਬੀ ਦੇ ਦੱਖਣੀ ਹਿੰਦ ਵਿਚ ਭਾਵੇਂ ਕਈਆਂ ਥਾਵਾਂ 'ਤੇ ਮੁਸਲਮਾਨਾਂ ਦਾ ਕਮਜ਼ੋਰ ਜਿਹਾ ਰਾਜ ਸੀ ਫਿਰ ਵੀ ਉਹ ਅੱਗੇ ਨਹੀਂ ਸਨ ਵਧਦੇ ਕਿਉਂਕਿ ਦਰਾ ਖ਼ੈਬਰ ਦੇ ਅੱਗੇ ਸਿੰਘ ਸੂਰਮੇ ਛਾਤੀਆਂ ਤਾਣ ਕੇ ਖਲੋਤੇ ਹੋਏ ਦਿਖਾਈ ਦੇਂਦੇ ਸਨ।

ਪਰ ਸਿਆਣੇ ਆਖਦੇ ਨੇ ਕਿਸੇ ਤੀਸਰੇ ਦੀ ਚੁੱਕਣਾ ਬਹੁਤ ਭੈੜੀ ਹੁੰਦੀ ਹੈ। ਐਵੇਂ ਹੀ ਦੁਸ਼ਮਨ ਦੇ ਗਲ ਪਵਾ ਕੇ ਕਿਸੇ ਆਪਣੇ ਮਨੋਰਥ ਨੂੰ ਹੱਲ ਕਰਨ ਦਾ ਯਤਨ ਕਰਦੀ ਹੈ। ਅੰਗਰੇਜ਼ ਖ਼ਾਲਸਾ ਰਾਜ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਕਾਬਲ ਦੇ ਹਾਕਮ ਨੂੰ ਜਾ ਚੁਕਿਆ ਕਿ ਉਹ ਪਿਸ਼ਾਵਰ ਦੇ ਇਲਾਕੇ ਉੱਤੇ ਹੱਲਾ ਬੋਲ ਕੇ ਉਸ ਨੂੰ ਫ਼ਤਹਿ ਕਰਨ ਕਿਉਂਕਿ ਇਹ ਇਲਾਕਾ ਮੁਸਲਮਾਨਾਂ ਦੀ ਆਪਣੀ ਮਲਕੀਅਤ ਹੈ। ਕੁਛ ਉਹ ਕਬੀਲੇ ਜੋ ਪੁਸ਼ਤੋ-ਪੁਸ਼ਤੀ ਹਿੰਦੁਸਤਾਨ ਨੂੰ

ਲੁਟਦੇ ਰਹੇ ਸਨ, ਭੁੱਖੇ ਮਰਦੇ ਹੋਏ ਇਕ ਵਾਰ ਫਿਰ ਯਤਨ ਕਰਨਾ ਚਾਹੁੰਦੇ ਸਨ ਕਿ ਸ਼ਾਇਦ ਉਹ ਲੁਟਣ ਵਿਚ ਕਾਮਯਾਬ ਹੋ ਜਾਣ। ਉਹ ਵੀ ਕਾਬਲ ਦੇ ਬਾਦਸ਼ਾਹ ਨੂੰ ਹੱਲਾ-ਸ਼ੇਰੀਆਂ ਦੇਂਦੇ ਸਨ ਕਿ ਖੁੱਸੀਆਂ ਹੋਈਆਂ ਥਾਵਾਂ ਨੂੰ ਮੁੜ ਜਿੱਤਿਆ ਜਾਵੇ । ਰੋਜ਼ ਰੋਜ਼ ਦੀ ਚੁਕਣਾ ਦੇ ਕਾਰਨ ਕਾਬਲ ਦੇ ਹਾਕਮ ਅਮੀਰ ਦੋਸਤ ਮੁਹੰਮਦ ਖਾਂ ਨੇ ਜੰਗ ਦੀ ਤਿਆਰੀ ਕਰ ਲਈ। ਬਹੁਤ ਸਾਰਾ ਲਸ਼ਕਰ ਇਕੱਠਾ ਕੀਤਾ। ਲਸ਼ਕਰ ਇਕੱਠਾ ਕਰਨ ਪਿੱਛੋਂ ਉਹ ਦੱਰਾ ਖ਼ੈਬਰ ਵਿਚ ਆ ਗਿਆ। ਕਿਲ੍ਹੇ ਜਮਰੌਦ ਉੱਤੇ ਇਕ ਦਮ ਹੱਲਾ ਬੋਲਣ ਦੀ ਵਿਉਂਤ ਪੱਕੀ ਕਰ ਲਈ– ਸੂਹੀਆਂ ਨੇ ਸ: ਮਹਾਂ ਸਿੰਘ ਨੂੰ ਦੱਸਿਆ। ਇਨ੍ਹਾਂ ਵੀ ਮੁਕਾਬਲਾ ਕਰਨ ਲਈ ਪ੍ਰਬੰਧ ਕਰ ਲਿਆ, ਪਰ ਦੋ ਕਮਜ਼ੋਰੀਆਂ ਜਾਪੀਆਂ ਜਿਨ੍ਹਾਂ ਨੂੰ ਬਹੁਤ ਬੁਰੀ ਤਰ੍ਹਾਂ ਅਨੁਭਵ ਕੀਤਾ ਗਿਆ।

ਇਕ ਕਮਜ਼ੋਰੀ ਇਹ– ਜਮਰੌਦ ਤੇ ਪਿਸ਼ਾਵਰ ਵਿਚ ਖ਼ਾਲਸਾ ਫ਼ੌਜ ਬਹੁਤ ਘਟ ਹੋਣ ਦਾ ਵੱਡਾ ਕਾਰਣ ਸੀ। ਕੰਵਰ ਨੌਨਿਹਾਲ ਸਿੰਘ ਜੀ ਸ: ਸ਼ਾਮ ਸਿੰਘ ਅਟਾਰੀ ਵਾਲੇ ਦੀ ਸਪੁਤ੍ਰੀ ਨਾਲ ਮੰਗੇ ਹੋਏ ਸਨ। ਕੁੜਮਾਈ ਹੋਈ ਨੂੰ ਬਹੁਤ ਚਿਰ ਹੋ ਚੁੱਕਾ ਸੀ। ਖ਼ਾਲਸਾ ਰਾਜ ਦੀਆਂ ਚੜ੍ਹਦੀਆਂ ਕਲਾ ਵੇਖ ਕੇ ਮਹਾਰਾਜੇ ਦੀ ਇੱਛਾ ਹੋਈ ਕਿ ਪੋਤਰੇ ਦਾ ਵਿਆਹ ਐਸੀ ਸ਼ਾਨ ਤੇ ਉੱਚਤਾ ਨਾਲ ਕਰਨ, ਜਿਸ ਦੀਆਂ ਧੁੰਮਾਂ ਭਾਰਤ ਤੋਂ ਬਾਹਰ ਵੀ ਪੈਣ । ਕੱਪੜਾ, ਗਹਿਣਾ, ਬਾਰਾਤ, ਆਤਿਸ਼ਬਾਜੀ, ਪ੍ਰਾਹੁਣਾਚਾਰੀ ਵੱਧ ਤੋਂ ਵੱਧ ਯਤਨ ਕਰਕੇ ਹਾਸਿਲ ਕੀਤੀ ਜਾਵੇ। ਸ੍ਰ: ਸ਼ਾਮ ਸਿੰਘ ਵੱਲੋਂ ਵੀ ਖੁੱਲ੍ਹਾਂ ਸਨ ਕਿ ਜਿੰਨੀ ਸ਼ਾਨ ਨਾਲ ਬਾਰਾਤ ਆਵੇਗੀ ਓਨੀ ਸ਼ਾਨ ਨਾਲ ਸਵਾਗਤ ਕੀਤਾ ਜਾਵੇਗਾ।

ਕੰਵਰ ਨੌਨਿਹਾਲ ਸਿੰਘ ਇਕ ਤਕੜੇ ਫ਼ੌਜੀ ਦਸਤੇ ਦਾ ਕਮਾਂਡਰ ਸੀ, ਉਹ ਫ਼ੌਜ ਪਿਸ਼ਾਵਰ ਤੇ ਜਮਰੌਦ ਵੱਲੋਂ ਦੇਸ਼ ਰਾਜ ਦੀ ਰਾਖੀ ਕਰਦੀ ਸੀ, ਉਹ ਸਾਰੀ ਫ਼ੌਜ ਪਿਸ਼ਾਵਰ ਤੋਂ ਕੂਚ ਕਰਕੇ ਲਾਹੌਰ ਪੁਹੰਚ ਗਈ ਤੇ

ਬਾਰਾਤ ਵਿਚ ਸ਼ਾਮਲ ਹੋ ਗਈ ਸੀ। ਪਰ ਵਿਆਹ ਹੋ ਜਾਣ ਪਿੱਛੋਂ ਅਜੇ ਵਾਪਸ ਪਿਸ਼ਾਵਰ ਨਹੀਂ ਸੀ ਪੁੱਜੀ।

ਦੂਸਰੀ ਕਮਜ਼ੋਰੀ ਸੀ:–ਸਰਦਾਰ ਹਰੀ ਸਿੰਘ ਜੀ ਨਲੂਆ, ਜੋ ਪਿਸ਼ਾਵਰ ਦੇ ਗਵਰਨਰ ਤੇ ਫੌਜਾਂ ਦੇ ਸੈਨਾਪਤੀ ਸਨ, ਉਹ ਬਾਲਾ ਹਿਸਾਰ ਦੇ ਕਿਲ੍ਹੇ ਵਿਚ ਬੀਮਾਰ ਸਨ। ਛੇਤੀ ਅਰੋਗਤਾ ਹਾਸਲ ਹੋਣ ਦੀ ਆਸ ਨਹੀਂ ਸੀ। ਵੈਦ ਤੇ ਹਕੀਮ ਰਾਤ ਦਿਨੇ ਕੋਲ ਬੈਠੇ ਰਹਿੰਦੇ ਹਨ, ਉਹਨਾਂ ਦੀ ਅਕਲ ਤੇ ਵਿੱਦਿਆ ਦਾ ਵੱਡਾ ਇਮਤਿਹਾਨ ਹੋ ਰਿਹਾ ਸੀ। ਚੰਗੀ ਤੋਂ ਚੰਗੀ ਦਵਾਈ ਢੂੰਡੀ ਜਾ ਰਹੀ ਸੀ, ਪਰ ਤਾਪ ਦੀ ਘੂਕੀ ਨਾਲ ਸਰਦਾਰ ਨੂੰ ਕੋਈ ਪਤਾ ਨਹੀਂ ਸੀ ਕਿ ਕੀ ਕੁਝ ਹੋ ਰਿਹਾ ਹੈ।

'ਹਾਂ, ਜਮਰੌਦ ਦੇ ਉੱਤਰ-ਪੱਛਮ ਦਿਸ਼ਾ ਵੱਲ ਪਠਾਣ ਤੁਰਕ ਮੁਗਲ ਤੇ ਚੰਗੇਜ ਖ਼ਾਨਦਾਨ ਦੇ ਹੋਰ ਮੁਸਲਮਾਨ ਲੜਾਕੇ ਜੁਆਨ ਆ ਇਕੱਠੇ ਹੋਏ ਸਨ, ਸਾਰਿਆਂ ਦੇ ਦਿਲਾਂ ਅੰਦਰ ਲੜਨ ਦਾ ਚਾਅ ਵੀ ਹੈ, ਪਰ ਸਿੰਘਾਂ ਦੀ ਤਲਵਾਰ ਕੋਲੋਂ ਭੈ ਵੀ ਖਾਂਦੇ ਹਨ। ਇਸਲਾਮ ਤੇ ਬਾਦਸ਼ਾਹ ਕਾਬਲ ਦੋਸਤ ਮੁਹੰਮਦ ਦੀ ਖ਼ਾਤਰ ਜਿੱਤ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ। ਦੇਸ਼ ਦੇ ਸੱਚੇ ਸਿਪਾਹੀ ਤੇ ਰਾਖੇ ਸਿੰਘਾਂ ਨੇ ਮੁਗਲਾਂ ਨੂੰ ਹਿੰਦੁਸਤਾਨ ਲੁੱਟਣ ਤੋਂ ਰੋਕ ਦਿੱਤਾ ਸੀ। ਅੱਜ ਉਹ ਰਾਹ ਖੋਲ੍ਹਣ ਵਾਸਤੇ ਤੜਪਦੇ ਹਨ, ਅੱਲਾ ਹੂ ਅਕਬਰ, ਦੇ ਨਾਹਰਿਆਂ ਨਾਲ ਅਸਮਾਨ ਤੇ ਪਹਾੜ ਗੂੰਜ ਰਿਹਾ ਹੈ। ਹਿੰਦ ਫ਼ਤਹਿ ਕਰਨ ਦੀ ਸਲਾਹ ਨਾਲ ਤੂਫਾਨ ਦੀ ਤਰ੍ਹਾਂ ਅੱਗੇ ਵਧੇ ਆਉਂਦੇ ਨੇ, ਸ਼ਾਇਦ ਉਹ ਭੁੱਲ ਗਏ ਨੇ ਅੱਗੇ ਖ਼ਾਲਸੇ ਦਾ ਰਾਜ ਹੈ।'

ਖ਼ਾਲਸਾ ਰਾਜ ਦੀਆਂ ਸਰਹੱਦੀ ਚੌਕੀਆਂ ਨਾਲ ਟੱਕਰ ਹੋਈ। ਸਿੰਘਾਂ ਨੇ ਚੰਗੇ ਆਹੂ ਲਾਹੇ। ਅੰਨ੍ਹੇ ਵਾਹ ਤੁਰੀ ਆਉਂਦੀ ਧਾੜ ਨੂੰ ਰੋਕ ਲਿਆ, ਪਰ ਉਹ ਰੋਕ ਆਰਜ਼ੀ ਸੀ। ਬਹੁਤੀ ਧਾੜ ਅੱਗੇ ਮੁੱਠੀ ਭਰ ਸਿੰਘ ਨਾ ਅੜ ਸਕੇ। ਪਠਾਣਾਂ ਦੀ ਧਾੜ ਕਿਲ੍ਹਾ ਜਮਰੌਦ ਦੇ ਨੇੜੇ ਆ ਗਈ।

ਦੋਸਤ ਮੁਹੰਮਦ ਤੇ ਉਸ ਦੇ ਪੁੱਤਰ ਮੁਸਲਮਾਨੀ ਲਸ਼ਕਰ ਦੇ ਆਗੂ ਸਨ। ਕਿਲ੍ਹਾ ਜਮਰੌਦ ਵਿਚ ਜਦੋਂ ਖ਼ਬਰਾਂ ਪੁੱਜੀਆਂ ਤਾਂ ਸਰਦਾਰ ਮਹਾਂ ਸਿੰਘ ਜੀ ਨੇ ਅਕਾਲ ਪੁਰਖ ਦਾ ਆਸਰਾ ਲੈ ਕੇ ਅਰਦਾਸਾ ਸੋਧ ਕੇ ਖ਼ਾਲਸਾ ਰਾਜ ਦੇ ਬਚਾਓ ਦੀ ਕਸਮ ਖਾ ਕੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਵਿਚ ਸਿੱਖ ਫ਼ੌਜਾਂ ਨੂੰ ਪਠਾਨਾਂ ਦੇ ਮੁਕਾਬਲੇ ਵਾਸਤੇ ਕਿਲ੍ਹੇ ਵਿਚੋਂ ਤੋਰਿਆ। ਲੜਾਈ ਦਾ ਮਾਰੂ ਵੱਜਿਆ ਸੁਣ ਕੇ ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ ਸਨ। ਡਟ ਕੇ ਦੁਸ਼ਮਨ ਦਾ ਮੁਕਾਬਲਾ ਕਰਨ ਲੱਗੇ।

ਸਿੰਘ ਪਠਾਣ ਲੱਗੇ ਸੀ ਲੜਨੇ, ਖਿੱਚ ਤਲਵਾਰਾਂ ਬੰਦੂਕਾਂ।
ਅਸਮਾਨਾਂ ਤੇ ਪਰਬਤਾਂ ਤਾਈਂ, ਪਹੁੰਚਣ ਉਚੀਆਂ ਕੂਕਾਂ।
'ਸਤਿ ਸ੍ਰੀ ਅਕਾਲ' ਦਾ ਨਾਅਰਾ, ਸਿੰਘ ਸੂਰਮਾ ਲਾਵੇ।
'ਅੱਲਾ ਹੂ ਅਕਬਰ' ਦੇ ਨਾਅਰੇ, ਮੁਸਲਮਾਨ ਸੁਣਾਵੇ।
ਤੋਪ ਬੰਦੂਕ ਦੇ ਗੋਲੇ ਚਲਣ, ਧਰਤੀ ਕੰਬੀ ਸਾਰੀ।
ਸਹਿਮ ਗਈ ਸੀ ਖਲਕਤ ਯਾਰੋ, ਮੌਤ ਮਾਰੀ ਕਲਕਾਰੀ।
ਘੋੜ-ਸਵਾਰ ਤੇ ਪੈਦਲ ਸੂਰੇ, ਵੱਧ ਵੱਧ ਵਾਰ ਸੀ ਕਰਦੇ।
ਘੱਟ ਸ਼ਹੀਦੀਆਂ ਸਿੰਘ ਜੀ ਪਾਉਂਦੇ, ਬਹੁਤੇ ਮੁਸਲਮ ਮਰਦੇ।
ਇਕੱਠੀਆਂ ਹੋ ਕਲਜੋਗਨਾਂ ਆਈਆਂ, ਖ਼ੁਸ਼ ਹੋ ਨਾਚ ਕਰਾਵਣ।
ਭਰ ਭਰ ਖੱਪਰ ਖ਼ੂਨ ਦਾ ਪੀਵਣ, ਚੰਗੇ ਐਸ਼ ਉਡਾਵਣ।

ਦੋਸਤ ਮੁਹੰਮਦ ਦੀਆਂ ਫ਼ੌਜਾ ਕਿਲ੍ਹਾ ਜਮਰੌਦ ਦੇ ਨੇੜੇ ਆ ਗਈਆਂ। ਉਨ੍ਹਾਂ ਦੀਆਂ ਤੋਪਾਂ ਦੇ ਭੜਾਕੇ ਕਿਲ੍ਹੇ ਵਿਚ ਸੁਣਾਈ ਦੇਂਦੇ ਸਨ। ਇਹ ਵੀ ਖ਼ਬਰਾਂ ਆਈਆਂ ਕਿ ਪਹਿਲੀਆਂ ਚੌਕੀਆਂ ਵਿਚ ਲੜਾਈ ਹੋ ਚੁੱਕੀ ਹੈ। ਚੋਕੀਆਂ ਵਿਚ ਰਹਿੰਦੇ ਸਿੰਘਾਂ ਨੇ ਚੰਗੇ ਬਹਾਦਰੀ ਦੇ ਜੌਹਰ ਦਿਖਾਏ ਸਨ। ਸ: ਮਹਾਂ ਸਿੰਘ ਲੜਾਈ ਦੇ ਹਾਲਾਂ ਨੂੰ ਪਲ ਪਲ ਪਿੱਛੋਂ ਵਿਚਾਰਦੇ ਤੇ ਪ੍ਰਬੰਧ ਕਰਦੇ ਸਨ। ਸਮੇਂ ਨੂੰ ਨਾਜ਼ਕ ਪ੍ਰਤੀਤ ਕਰਕੇ ਉਸਨੇ ਬੀਬੀ ਸ਼ਰਨ ਕੌਰ ਨੂੰ ਸੱਦਿਆ।

'ਬੀਬੀ ਜੀ! ਜਿਵੇਂ ਹੋਵੇ, ਬਾਲਾ ਹਿਸਾਰ ਹੁਣੇ ਪੁੱਜੋ। ਸਰਦਾਰ ਮਹਾਂ ਸਿੰਘ ਨੇ ਬੀਬੀ ਸ਼ਰਨ ਕੌਰ ਨੂੰ ਆਖਿਆ 'ਇਹ ਚਿੱਠੀ ਲੈ ਜਾਵੋ। ਸਰਦਾਰ ਜੀ (ਹਰੀ ਸਿੰਘ ਨਲੂਆ) ਨੂੰ ਚਿੱਠੀ ਪੜ੍ਹਾਉਣ ਤੋਂ ਬਿਨਾਂ ਕਿਲ੍ਹੇ ਦੇ ਸਾਰੇ ਹਾਲ ਅਤੇ ਦੁਸ਼ਮਨ ਦੇ ਸਾਰੇ ਹੱਲੇ ਬਾਰੇ ਦੱਸ ਦੇਣਾ। ਤੁਹਾਨੂੰ ਸਾਰਾ ਪਤਾ ਏ।'

'ਜਿਵੇਂ ਆਗਿਆ', ਸ਼ਰਨ ਕੌਰ ਨੇ ਸਿਰ ਨਿਵਾ ਕੇ ਉੱਤਰ ਦਿੱਤਾ।

'ਇਕੱਲੀ ਜਾਓ', ਭੀਮ ਬਲੀ ਸਿੰਘ ਏਥੇ ਰਹੇਗਾ, ਸ਼ਾਇਦ ਕਿਤੇ ਹੋਰ ਭੇਜਣਾ ਪਵੇ।

'ਚੰਗਾ ਜੀ! ਇਕੱਲੀ ਹੀ ਚਲੀ ਜਾਂਦੀ ਹਾਂ।'

ਇਹ ਆਖ ਦੇ ਬੀਬੀ ਸ਼ਰਨ ਕੌਰ ਨੇ ਸਰਦਾਰ ਸਾਹਿਬ ਨੂੰ ਫ਼ਤਹਿ ਬੁਲਾਈ ਤੇ ਤੁਰ ਆਈ। ਤਬੇਲੇ ਵਿਚੋਂ ਆ ਕੇ ਘੋੜਾ ਲਿਆ। ਮਰਦਾਂ ਵਾਂਗ ਘੋੜੇ 'ਤੇ ਸਵਾਰ ਹੋ ਕੇ ਕਿਲ੍ਹੇ ਵਿਚੋਂ ਨਿਡਰ ਬਾਹਰ ਨਿਕਲ ਗਈ। ਘੋੜਾ ਹਵਾ ਨਾਲ ਗੱਲਾਂ ਕਰਦਾ ਹੋਇਆ ਕਿਲ੍ਹੇ ਬਾਲਾ ਹਿਸਾਰ ਵਿਚ ਪੁੱਜ ਗਿਆ। ਉਹ ਬੇਜ਼ਬਾਨ ਪਰ ਖ਼ਾਲਸਾ ਰਾਜ ਦਾ ਵਫ਼ਾਦਾਰ ਜਾਨਵਰ ਥੱਕ ਗਿਆ। ਮੁੜ੍ਹਕੇ ਨਾਲ ਉਸਦਾ ਸਰੀਰ ਭਿੱਜ ਗਿਆ। ਪਰ ਉਸਦਾ ਦਿਲ ਨਾ ਟੁੱਟਾ, ਉਸਨੇ ਹੌਸਲਾ ਨਾ ਹਾਰਿਆ।

ਅਫ਼ਰੀਦੀ ਭੇਸ ਵਿਚ ਸ਼ਰਨ ਕੌਰ ਨੂੰ ਦੇਖ ਕੇ ਕਿਲ੍ਹੇ ਦੇ ਸੰਤਰੀ ਨੇ ਰੋਕਿਆ। 'ਦੁਸ਼ਮਨ ਕਿ ਮਿੱਤਰ!' ਸੰਤਰੀ ਦੀ ਆਵਾਜ਼ ਸੀ।

'ਮਿੱਤਰ!' ਸ਼ਰਨ ਕੌਰ ਨੇ ਉੱਤਰ ਦਿੱਤਾ।

'ਨਿਸ਼ਾਨੀ।'

'ਦੇਖੋ!' ਬਾਂਹ ਦਾ ਚੋਲਾ ਉੱਚਾ ਕਰਕੇ ਗੁੱਟ ਨਾਲ ਬੰਨ੍ਹੀ ਖ਼ਾਲਸਾ ਰਾਜ ਦੀ ਮੋਹਰ ਵਿਖਾਈ।

ਮੋਹਰ ਨੂੰ ਦੇਖਕੇ ਸੰਤਰੀ ਨੇ ਸ਼ਰਨ ਕੌਰ ਨੂੰ ਅੱਗੇ ਲੰਘਣ ਦੀ ਆਗਿਆ ਦੇ ਦਿੱਤੀ।

ਬੀਬੀ ਸ਼ਰਨ ਕੌਰ ਦੀਵਾਨਖਾਨੇ ਦੇ ਅੰਦਰ ਚਲੀ ਗਈ, ਘੋੜੇ ਦੀ ਲਗਾਮ ਸੰਤਰੀ ਨੂੰ ਫੜਾ ਦਿੱਤੀ।

'ਮੈਂ ਕਿਲ੍ਹਾ ਜਮਰੌਦ ਤੋਂ ਸੰਦੇਸ਼ ਲੈ ਕੇ ਆਈ ਹਾਂ, ਸਰਦਾਰ ਜੀ ਨੂੰ ਮਿਲਣਾ ਹੈ।'

ਬੀਬੀ ਸ਼ਰਨ ਕੌਰ ਨੇ ਸੰਤਰੀ ਨੂੰ ਆਖਿਆ।

'ਮੈਂ ਪਤਾ ਲਿਆ ਦੇਂਦਾ ਹਾਂ।' ਆਖ ਕੇ ਸੰਤਰੀ ਅੰਦਰ ਚਲਾ ਗਿਆ। ਬੀਬੀ ਸ਼ਰਨ ਕੌਰ ਬਾਹਰ ਹੀ ਖਲੋਤੀ ਰਹੀ।

'ਬੀਬੀ ਜੀ!' ਸੰਤਰੀ ਮੁੜ ਆ ਕੇ ਆਖਣ ਲੱਗਾ, ਵੈਦ ਜੀ ਆਖਦੇ ਨੇ ਕਿ ਸਰਦਾਰ ਹੁਰਾਂ ਨੂੰ ਤਾਪ ਦੀ ਬਹੁਤ ਘੂਕੀ ਹੈ ਇਸ ਵੇਲੇ ਉਨ੍ਹਾਂ ਨਾਲ ਮੁਲਾਕਾਤ ਨਹੀਂ ਹੋ ਸਕਦੀ ਜੋ ਚਿੱਠੀ ਹੈ ਉਹ ਦਿੱਤੀ ਜਾਵੇ, ਸੁਰਤ ਸੰਭਾਲਣ 'ਤੇ ਪੜ੍ਹਾਈ ਜਾਵੇਗੀ।

'ਚਿੱਠੀ ਮੈਂ ਆਪ ਉਹਨਾਂ ਨੂੰ ਫੜਾਉਣੀ ਹੈ ਪਰ ਮਿਲਣਾ ਵੀ ਹੁਣੇ ਹੈ, ਜਿਸ ਵੀ ਹਾਲਤ ਵਿਚ ਹੋਣ। ਸਰਦਾਰ ਮਹਾਂ ਸਿੰਘ ਜੀ ਦਾ ਹੁਕਮ ਹੈ।'

ਸੰਤਰੀ ਫਿਰ ਮੁੜ ਗਿਆ। ਬੀਬੀ ਸ਼ਰਨ ਕੌਰ ਉਡੀਕ ਕਰਦੀ ਰਹੀ।

ਸੰਤਰੀ ਮੁੜਿਆ। ਉਸ ਨੇ ਆਉਂਦਿਆਂ ਹੀ ਆਖਿਆ 'ਚਲੋ ਬੀਬੀ ਜੀ।'

ਸੰਤਰੀ ਦੇ ਨਾਲ ਸ਼ਰਨ ਕੌਰ ਅੰਦਰ ਚਲੀ ਗਈ। ਦੋ ਕਮਰੇ ਲੰਘ ਕੇ ਤੀਸਰੇ ਵਿਚ ਸਰਦਾਰ ਹਰੀ ਸਿੰਘ ਜੀ ਦਾ ਮੰਜਾ ਸੀ, ਸਰਦਾਰ ਸਾਹਿਬ ਸਿੱਧੇ ਲੇਟੇ ਹੋਏ ਸਨ। ਤਾਪ ਦੀ ਤੇਜ਼ੀ ਨਾਲ ਉਹਨਾਂ ਦਾ ਚਿਹਰਾ ਲਾਲ ਹੋਇਆ ਸੀ। ਬੀਬੀ ਜੀ ਕੋਲ ਖਲੋਤੇ ਵੈਦ ਨੇ ਸ਼ਰਨ ਕੌਰ ਨੂੰ ਇਸ਼ਾਰਾ ਕੀਤਾ ਕਿ ਉਹ ਆਵਾਜ਼ ਮਾਰੇ।

'ਪਿਤਾ ਜੀ!' ਸ਼ਰਨ ਕੌਰ ਨੇ ਆਵਾਜ਼ ਦਿੱਤੀ।

ਪਹਿਲੀ ਆਵਾਜ਼ ਨਾਲ ਹੀ ਸਰਦਾਰ ਜੀ ਨੇ ਅੱਖਾਂ ਖੋਲ੍ਹ ਲਈਆਂ ਮੁੜ ਕੇ ਦੇਖਿਆ, ਪਛਾਣਿਆ, ਪਰ ਉਹਨਾਂ ਦੇ ਕੁਝ ਬੋਲਣ ਤੇ ਪਹਿਲਾਂ ਹੀ ਸ਼ਰਨ ਕੌਰ ਨੇ ਆਖਿਆ, 'ਪਿਤਾ ਜੀ! ਮੈਂ ਜਮਰੌਦ ਤੋਂ ਆਈ ਹਾਂ। ਸਰਦਾਰ ਮਹਾਂ ਸਿੰਘ ਜੀ ਨੇ ਭੇਜਿਆ ਹੈ।'

'ਕਿਉਂ?' ਸਰਦਾਰ ਜੀ ਨੇ ਧੀਮੀ ਆਵਾਜ਼ ਵਿਚ ਪੁੱਛਿਆ।

ਕਾਬਲ ਕੇ ਹਾਕਮ ਅਮੀਰ ਦੋਸਤ ਮੁਹੰਮਦ ਨੇ ਜਮਰੌਦ ਉੱਤੇ ਹੱਲਾ ਆ ਬੋਲਿਆ ਹੈ, ਇਹ ਚਿੱਠੀ ਹੈ।

'ਜਮਰੌਦ 'ਤੇ ਹੱਲਾ! ਸਰਦਾਰ ਜੀ ਨੇ ਕਾਹਲੀ ਨਾਲ ਆਖਿਆ। ਹੱਥ ਵਧਾ ਕੇ ਚਿੱਠੀ ਫੜ ਲਈ ਉਸਨੂੰ ਵਾਚਿਆ, ਚਿੱਠੀ ਵਾਚਣ ਪਿੱਛੋਂ ਸਾਹਮਣੇ ਦੀ ਢੋਅ ਲਾ ਕੇ ਰਤਾ ਸਿੱਧੇ ਹੋਏ ਤੇ ਬੀਬੀ ਸ਼ਰਨ ਕੌਰ ਨੂੰ ਆਖਣ ਲੱਗੇ-

'ਹੁਣੇ ਮੁੜ ਜਾਹ, ਸਰਦਾਰ ਮਹਾਂ ਸਿੰਘ ਨੂੰ ਆਖ ਹਰੀ ਸਿੰਘ ਆ ਰਿਹਾ ਹੈ। ਹੁਣੇ ਆ ਰਿਹਾ ਹੈ। ਦੋਸਤ ਮੁਹੰਮਦ ਨੇ ਖ਼ਾਲਸਾ ਰਾਜ ਉੱਤੇ ਹਮਲਾ ਕਰਕੇ ਮੌਤ ਨੂੰ ਸੱਦਾ ਦਿੱਤਾ ਹੈ, ਛੇਤੀ ਪੁੱਜ, ਮੈਂ ਆਇਆ! ਆਇਆ!!' ਇਸ ਤਰ੍ਹਾਂ ਆਖਦਿਆਂ ਹੋਇਆਂ ਸਰਦਾਰ ਜੀ ਦਾ ਚਿਹਰਾ ਭੱਖਣ ਲੱਗ ਪਿਆ, ਅੱਖਾਂ ਵਿਚੋਂ ਅੱਗ ਦੇ ਚੰਗਿਆੜੇ ਨਿਕਲਣ ਲੱਗੇ ਅਤੇ ਤਾਪ ਨਾਲੋਂ ਬਹੁਤੀ ਗਰਮੀ ਉਹਨਾਂ ਨੂੰ ਕ੍ਰੋਧ ਦੀ ਆਈ।

ਦੋਵੇਂ ਹੱਥ ਜੋੜ ਕੇ ਬੀਬੀ ਸ਼ਰਨ ਕੌਰ ਨੇ ਫਤਹਿ ਬੁਲਾਈ ਤੇ ਹੌਲੀ ਹੌਲੀ ਸਰਦਾਰ ਜੀ ਦੇ ਕਮਰੇ ਤੋਂ ਬਾਹਰ ਆ ਗਈ। ਤਾਜ਼ਾ ਦਮ ਘੋੜਾ ਵਟਾਇਆ ਤੇ ਉਸ ਉੱਤੇ ਸਵਾਰ ਹੋ ਕੇ ਬਾਲਾ ਹਿਸਾਰ ਦੇ ਕਿਲ੍ਹੇ ਵਿਚੋਂ ਬਾਹਰ ਨਿਕਲ ਗਈ।

੧੩.

ਹਵਾ ਵਰਗੀ ਤੇਜ਼ ਵੇਗ ਵਿਚ ਘੋੜਾ ਦੌੜੀ ਜਾਂਦਾ ਸੀ। ਹੁਸ਼ਿਆਰੀ ਨਾਲ ਘੋੜੇ ਦੀ ਕਾਠੀ ਉੱਤੇ ਬੈਠੀ ਸ਼ਰਨ ਕੌਰ ਦਿਲ ਹੀ ਦਿਲ ਵਿਚ ਕਈ ਕੁਝ ਸੋਚ ਰਹੀ ਸੀ। ਉਸਨੂੰ ਮਾੜਾ ਜਿਹਾ ਹੰਕਾਰ ਵੀ ਸੀ ਕਿ ਕਮਜ਼ੋਰ ਹਿੰਦੂਆਂ ਦੇ ਘਰ ਜਨਮ ਲੈ ਕੇ ਤੇ ਗੁਰੂ ਦਾ ਅੰਮ੍ਰਿਤ ਛਕ ਕੇ ਉਹ ਕਿੰਨੀ ਦਲੇਰ ਹੋ ਗਈ ਹੈ। ਕਦੀ ਉਹ ਓਪਰੇ ਮਰਦ ਨੂੰ ਦੇਖ ਕੇ ਹੀ ਡਰ ਜਾਂਦੀ ਸੀ, ਪਰ ਅੱਜ ਉਹ ਮਰਦਾਂ ਵਾਂਗ ਘੋੜੇ ਉੱਤੇ ਸਵਾਰ ਹੋ ਹਲਕਾਰੇ ਦਾ ਕੰਮ ਕਰ ਰਹੀ ਹੈ। ਵੇਲੇ ਕੁਵੇਲੇ ਦਾ ਉਸ ਨੂੰ ਭੈ ਨਹੀਂ। ਦੁਸ਼ਮਨ ਉਸ ਵੱਲ ਝਾਕ ਨਹੀਂ ਸਕਦਾ। ਖਾਲਸਾ ਪੰਥ ਵਿਚ ਉਨ੍ਹਾਂ ਦੋਹਾਂ ਜੀਆਂ ਦਾ ਬਹੁਤ ਸਤਿਕਾਰ ਹੋ ਰਿਹਾ ਹੈ। ਉਹ ਕਿੰਨੇ ਭਾਗਾਂ ਵਾਲੇ ਹਨ। ਇਸ ਲੜਾਈ ਦੇ ਮੁੱਕ ਜਾਣ ਪਿੱਛੋਂ ਜਦੋਂ ਸਰਕਾਰ (ਮਃ ਰਣਜੀਤ ਸਿੰਘ ਜੀ) ਨੂੰ ਪਤਾ ਲੱਗੇਗਾ ਤਦ ਉਹ ਸਰਕਾਰ ਕਿੰਨੀ ਖ਼ੁਸ਼ ਹੋਵੇਗੀ। ਹੋ ਸਕਦਾ ਹੈ ਕਿ ਉਹਨਾਂ (ਸ਼ਰਨ ਕੌਰ ਤੇ ਉਹਦੇ ਪਤੀ) ਨੂੰ ਸਰਕਾਰ ਵਲੋਂ ਇਨਾਮ ਵੀ ਮਿਲੇ। ਜਿੱਤ ਸਦਾ ਖ਼ਾਲਸਾ ਪੰਥ ਦੀ ਹੁੰਦੀ ਹੈ ਤੇ ਹੁੰਦੀ ਰਹੇਗੀ ਕਿਉਂਕਿ ਇਸਦਾ ਰਾਖਾ ਅਕਾਲ ਪੁਰਖ ਆਪ ਹੈ। ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਨਾਨਕ ਦੇਵ ਜੀ ਦੀਆਂ ਮਿਹਰਾਂ ਤੇ ਬਖ਼ਸ਼ਿਸ਼ਾਂ ਬੇਅੰਤ ਹਨ। ਇਉਂ ਵਿਚਾਰਾਂ ਕਰਦੀ ਹੋਈ ਘੋੜੇ ਦੀਆਂ ਵਾਗਾਂ ਸੰਭਾਲਦੀ ਚਲੀ ਜਾ ਰਹੀ ਸੀ। ਸੀਤਲ ਹਵਾ ਦੇ ਬੁੱਲੇ ਉਹਦੇ ਕੰਨਾਂ ਨੂੰ ਚੀਰਦੇ ਹੋਏ ਲੰਘ ਰਹੇ ਸਨ। ਉਹ ਨਿਰਭਉ ਸੀ। ਜਵਾਨੀ ਦੀ ਟੀਸੀ 'ਤੇ ਪੁੱਜੀ ਹੋਈ ਸ਼ਰਨ

ਕੌਰ ਮੌਤ ਨਾਲ ਮਖੌਲ ਕਰ ਰਹੀ ਸੀ। ਇਸ ਤਰ੍ਹਾਂ ਉਹ ਪੰਜ ਛੇ ਮੀਲ ਪੰਧ ਨਿਕਲ ਗਈ, ਜੰਗਲ ਦਾ ਰਸਤਾ ਆ ਗਿਆ। ਜੰਗਲ ਹੀ ਨਹੀਂ ਸਗੋਂ ਹਨੇਰੀ ਖੱਡ ਵੀਂ ਸੀ, ਉਸਦੇ ਕੰਢੇ ਕੰਢੇ ਜਾਣਾ ਪੈਂਦਾ ਸੀ। ਉਸ ਖੱਡ ਨੂੰ ਕਾਲ ਦੀ ਖੱਡ ਜਾਂ ਕਾਲੂ ਦਿਓ ਦਾ ਘਰ ਆਖਿਆ ਜਾਂਦਾ ਸੀ। ਉਸਦੇ ਕਿਨਾਰੇ ਤੁਰਨ ਲੱਗਾ ਦਲੇਰ ਤੋਂ ਦਲੇਰ ਮਨੁੱਖ ਇਕ ਵਾਰ ਤਾਂ ਕੰਬ ਜਾਂਦਾ ਸੀ। ਉਸ ਖੱਡ ਦੇ ਨੇੜੇ ਜਾ ਕੇ ਸ਼ਰਨ ਕੌਰ ਨੇ ਘੋੜੇ ਨੂੰ ਅੱਡੀ ਮਾਰੀ ਤੇ ਨਾਲ ਹੀ ਹੌਸਲੇ ਨਾਲ ਆਖਿਆ 'ਵੀਰ ਲੰਘ ਚਲ ਭਿਆਨਕ ਥਾਂ ਨੂੰ, ਚਲ ਹੌਂਸਲਾ ਦੇਈਏ ਸ: ਮਹਾਂ ਸਿੰਘ ਨੂੰ ਕਿ ਤੇਰੀ ਸਹਾਇਤਾ ਵਾਸਤੇ ਸ: ਹਰੀ ਸਿੰਘ ਜੀ ਪੁੱਜ ਰਹੇ ਨੇ। ਦੁਸ਼ਮਣਾਂ ਨਾਲ ਲੋਹਾ ਲੈਣਗੇ। ਅਸੀਂ ਦੂਤ ਹਾਂ, ਅਸਾਡਾ ਧਰਮ ਹੈ, ਵੇਲੇ ਸਿਰ ਸੁਨੇਹਾ ਪੁਚਾ ਦੇਈਏ। ਜ਼ਰੂਰ ਪੁੱਜੀਏ ਭਾਵੇਂ ਜਾਨ ਉੱਤੇ ਖੇਡ ਜਾਈਏ। ਸ਼ਾਬਾਸ਼! ਨੱਸ ਚੱਲ ਛੇਤੀ ਕਰ।'

'ਛੇਤੀ ਕਰ! ਸ਼ਬਦ ਅਜੇ ਸ਼ਰਨ ਕੌਰ ਦੇ ਬੁੱਲ੍ਹਾਂ ਉੱਤੇ ਹੀ ਸੀ, ਕਿ ਠਾਹ ਕਰਕੇ ਗੋਲੀ ਦੇ ਚਲਣ ਦੀ ਆਵਾਜ਼ ਆਈ। ਉਸ ਆਵਾਜ਼ ਦੇ ਨਾਲ ਹੀ ਸ਼ਾਂ ਸ਼ਾਂ ਕਰਕੇ ਗੋਲੀ ਦੇ ਦਾਣੇ ਨਿਕਲ ਗਏ ਪਰ ਸ਼ਰਨ ਕੌਰ ਦੇ ਘੋੜੇ ਨੂੰ ਨਹੀਂ ਵੱਜੇ। ਉਸਨੇ ਲਗਾਮਾਂ ਨੂੰ ਸੰਭਾਲਿਆ ਤੇ ਹੁਸ਼ਿਆਰੀ ਨਾਲ ਨੀਵਾਂ ਲੱਕ ਕਰਕੇ ਹੋਰ ਦੌੜਾਇਆ ਕਿ ਗੋਲੀ ਦੀ ਮਾਰ ਤੋਂ ਬਚ ਜਾਵੇ, ਪਰ ਹੋਣੀ ਹੋ ਕੇ ਰਹਿੰਦੀ ਹੈ। ਸ਼ਰਨ ਕੌਰ ਮਸਾਂ ਪੰਜਾਹ ਕੁ ਕਦਮ ਹੀ ਅੱਗੇ ਗਈ ਸੀ ਕਿ ਅਚਾਨਕ ਉਸਦੇ ਘੋੜੇ ਦੇ ਅਗਲੇ ਪੈਰ ਵਿਚ ਗੋਲੀ ਲੱਗੀ। ਭੱਜਾ ਜਾਂਦਾ ਘੋੜਾ ਡਿੱਗ ਪਿਆ। ਉਹਦੀਆਂ ਅਗਲੀਆਂ ਦੋਵੇਂ ਲੱਤਾਂ ਧਰਤੀ ਨਾਲ ਜੁੜ ਗਈਆਂ, ਧੌਣ ਪੱਥਰ ਨਾਲ ਵੱਜੀ। ਸ਼ਰਨ ਕੌਰ ਗੇਂਦ ਵਾਂਗ ਰਿੜ ਕੇ ਘੋੜੇ ਦੀ ਧੌਣ ਦੇ ਉਪਰ ਦੀ ਅਗਲੇ ਪਾਸੇ ਡਿੱਗੀ। ਉਸਦੇ ਡਿੱਗਣ ਦੀ ਦੇਰ ਸੀ ਕਿ ਦੁਸ਼ਮਨ ਨੇੜੇ ਆ ਗਿਆ। ਦੁਸ਼ਮਨ ਨੇ ਉਸ ਨੂੰ ਨੱਪ ਲਿਆ।

ਦੁਸ਼ਮਨ (ਮੁਸਲਮਾਨ ਪਠਾਣ) ਉਸ ਟਿਕਾਂਣੇ ਲੁਕਿਆ ਹੋਇਆ ਸੀ ਕਿਉਂਕਿ ਦੁਸ਼ਮਨ ਸ਼ਰਨ ਕੌਰ ਦਾ ਪਿੱਛਾ ਕਰ ਰਹੇ ਸਨ। ਇਹ ਸਾਰੇ ਪਰਬਤਾਂ ਵਿਚ ਰੌਲਾ ਸੀ ਕਿ ਇਕ ਸਿੱਖ ਇਸਤ੍ਰੀ ਫਰੀਦੀ ਇਸਤ੍ਰੀਆਂ ਦਾ ਭੇਸ ਧਾਰ ਕੇ ਸਿੱਖ ਰਾਜ ਵੱਲੋਂ ਜਾਸੂਸੀ ਦਾ ਕੰਮ ਕਰਦੀ ਹੈ। ਉਨ੍ਹਾਂ ਨੂੰ ਇਹ ਪੱਕਾ ਭਰੋਸਾ ਸੀ ਕਿ ਬਾਲਾ ਹਿਸਾਰ ਦੇ ਕਿਲ੍ਹੇ ਤੇ ਜਮਰੌਦ ਦੇ ਵਿਚਾਲੇ ਜ਼ਰੂਰ ਜਾਸੂਸ ਏਧਰ ਉੱਧਰ ਦੌੜਨਗੇ। ਜਾਂਦੀ ਵਾਰ ਤਾਂ ਸ਼ਰਨ ਕੌਰ ਹੱਥ ਨਾ ਆਈ, ਪਰ ਮੁੜਦੀ ਨੂੰ ਦੁਸ਼ਮਨਾਂ ਘੇਰ ਲਿਆ।

ਦੁਸ਼ਮਨ ਦਿਓਆਂ ਵਰਗੇ ਚਾਰ ਜੁਆਨ ਸਨ। ਉਨ੍ਹਾਂ ਦੀਆਂ ਅੱਖਾਂ ਮਸਾਲਾਂ ਵਾਂਗ ਬਲਦੀਆਂ ਸਨ। ਉਨਾਂ ਦੇ ਭਾਰੀ ਹੱਥਾਂ ਦੇ ਪੰਜਿਆਂ ਨੇ ਸ਼ੇਰਨੀ ਨੂੰ ਫੜ ਲਿਆ। ਤਲਵਾਰ, ਖੰਜਰ ਤੇ ਹੋਰ ਮਸਾਲੇ ਤਲਾਸ਼ੀ ਲੈ ਕੇ ਸ਼ਰਨ ਕੌਰ ਦੇ ਕੋਲੋਂ ਖੋਹੇ ਗਏ। ਦੁਸ਼ਮਨ ਪਸ਼ਤੋ ਵਿਚ ਆਪੋ ਵਿਚ ਦੀ ਗੱਲਾਂ ਕਰਨ ਲੱਗੇ-

ਇਕ ਨੇ ਆਖਿਆ, 'ਇਸ ਦੇ ਹੱਥ ਪੈਰ ਬੰਨ੍ਹ ਲਵੋ, ਨੱਸ ਨਾ ਜਾਵੇ। ਇਹ ਬਹੁਤ ਹੁਸ਼ਿਆਰ ਹੈ। ਕੋਈ ਨਾ ਕੋਈ ਚਾਲਾਕੀ ਖੇਡ ਕੇ ਸਾਰਿਆਂ ਦੀ ਅੱਖੀਂ ਘੱਟਾ ਪਾ ਜਾਵੇਗੀ। ਅੱਗੇ ਕਈ ਵਾਰ ਹੱਥਾਂ ਵਿਚੋਂ ਨਿਕਲ ਗਈ ਹੈ।'

ਦੂਸਰਾ-'ਪਈ ਜ਼ਰੂਰ ਕਰੜੇ ਬਾਨ੍ਹਣੂ ਬੰਨ੍ਹਣੇ ਚਾਹੀਦੇ ਹਨ। ਸਿੱਖਾਂ ਦੇ ਗੁਰੂ ਨੇ ਸਿੱਖਾਂ ਨੂੰ ਕਈ ਜਾਦੂ ਵੀ ਦੱਸੇ ਨੇ, ਜਾਦੂ ਦੇ ਆਸਰੇ ਵੀ ਖਿਸਕ ਜਾਂਦੇ ਹਨ। ਕੋਈ ਕਲਾਮ (ਬਾਣੀ) ਪੜ੍ਹਦੇ ਨੇ.......ਬਸ ਉਹ ਕਲਾਮ ਇਹਨਾਂ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਕਰ ਦੇਂਦੀ ਹੈ।'

ਤੀਸਰਾ-'ਮੇਰਾ ਵਿਚਾਰ ਤਾਂ ਹੈ, ਇਸਨੂੰ ਗੋਲੀ ਮਾਰ ਦਿਉ। ਮੌਤ ਡੰਨ ਜਾਸੂਸ ਵਾਸਤੇ ਮੁਕਰਰ ਹੈ।'

ਚੌਥਾ-(ਹੌਸਲੇ ਤੇ ਹੰਕਾਰ ਨਾਲ) 'ਨਾ ਗੋਲੀ ਮਾਰਨ ਦੀ ਲੋੜ ਹੈ ਨਾ ਜ਼ਾਦੂ ਦਾ ਡਰ। ਦਿਲਾਵਰ ਖ਼ਾਨ ਦੇ ਪੰਜੇ ਵਿਚੋਂ ਫਰਿਸ਼ਤੇ ਵੀ ਨਹੀਂ

ਨਿਕਲ ਸਕਦੇ। ਇਕ ਇਨਸਾਨ ਤੇ ਉਹ ਵੀ ਔਰਤ ਭਲਾ ਕਿਵੇਂ ਨੱਸ ਸਕਦੀ ਹੈ। ਚਿੰਤਾ ਨਾ ਕਰੋ ਸਰਦਾਰ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਉਹ ਜਿਵੇਂ ਹੁਕਮ ਕਰਨਗੇ, ਕਰਾਂਗੇ ।'

ਦੋਂਹ ਜਵਾਨਾਂ ਨੇ ਸ਼ਰਨ ਕੌਰ ਦੀਆਂ ਦੋਵੇਂ ਬਾਹੀਂ ਘੁੱਟ ਕੇ ਫੜ ਲਈਆਂ। ਇਕ ਜਵਾਨ ਅੱਗੇ ਤੇ ਇਕ ਪਿੱਛੇ ਹੋ ਗਿਆ। ਚੋਹਾਂ ਕੋਲ ਮਨੁੱਖ ਮਾਰੂ ਹਥਿਆਰ ਸਨ। ਸ਼ਰਨ ਕੌਰ ਨੇ ਪੁਛਿਆ, "ਮੈਨੂੰ ਕਿਥੇ ਲੈ ਚੱਲੇ ਜੇ?"

ਦਿਲਾਵਰ ਖਾਨ- 'ਆਪਣੇ ਸਰਦਾਰ ਕੋਲ।'

ਸ਼ਰਨ ਕੌਰ-'ਉਹ ਕੌਣ ਹੈ?'

ਦਿਲਾਵਰ ਖਾਂ- 'ਜ਼ਬਰਦਸਤ ਖਾਨ।'

ਸ਼ਰਨ ਕੌਰ (ਹੱਸ ਕੇ ਨਿਰਭੈਅਤਾ ਦੇ ਲਹਿਜੇ ਵਿਚ) 'ਵਾਹਵਾ!' ਨਾਂ ਤਾਂ ਸੋਹਣਾ ਰਖਿਆ ਸੂ ਜ਼ਬਰਦਸਤ ਖਾਨ। ਜਵਾਨ ਨੂੰ ਦੇਖ ਕੇ ਭਾਵੇਂ ਉਸਦੇ ਦਸਤ ਹੀ ਨਿਕਲ ਜਾਂਦੇ ਹੋਣ।....ਅੱਲਾ ਦੇ ਹੁਕਮ ਡਰਦਾ ਭਾਵੇਂ ਬਾਹਰ ਨਾ ਆਉਂਦਾ ਹੋਵੇ ਤੇ ਨਾਂ ਜ਼ਬਰਦਸਤ ਖਾਨ ਵਾਹ ਰੀ ਕਿਸਮਤ!

ਸਾਫ਼ ਪਸ਼ਤੋ ਵਿਚ ਦਲੇਰੀ ਦੇ ਬਚਨ ਸੁਣ ਕੇ ਦੋਹਾਂ ਹੀ ਪਠਾਣਾਂ ਦੇ ਤਨ ਤੇ ਮਨ ਨੂੰ ਅੱਗ ਲੱਗ ਗਈ।

ਦਿਲਾਵਰ ਖਾਨ ਕ੍ਰੋਧ ਨਾਲ ਬੋਲਿਆ, "ਚੁੱਪ ਕਰਕੇ ਤੁਰੀ ਚੱਲ, ਨਹੀਂ ਤਾਂ ਮੈਂ ਧੌਣ ਵਿਚ ਮੁੱਕੀ ਮਾਰਾਂਗਾ।'

ਸ਼ਰਨ ਕੌਰ-'ਧੌਣ ਵਿਚ ਮੁੱਕੀ ਮਾਰੇਂਗਾ ਤਾਂ ਫਿਰ ਕੀ ਹੋਵੇਗਾ? ਨਾਲੇ ਤੈਨੂੰ ਸ਼ਰਮ ਨਾ ਆਵੇਗੀ? ਇਕ ਔਰਤ ਉਹ ਵੀ ਜਿਸ ਦੀਆਂ ਬਾਹੀਂ ਦੋਹਾਂ ਮਰਦਾਂ ਨੇ ਫੜੀਆਂ ਹੋਈਆਂ ਹਨ। ਜੇ ਐਨਾ ਬਹਾਦਰ ਹੈਂ ਤਾਂ ਮੈਨੂੰ ਤਲਵਾਰ ਦੇ, ਮੇਰੀਆ ਬਾਹਾਂ ਛੱਡ ਦਿਓ ਤੇ ਫਿਰ ਲੜ ਕੇ ਵੇਖ ਲਓ। ਇਹ ਕੋਈ ਮਰਦਾਂ ਵਾਲੀ ਗੱਲ ਹੈ ਕਿ ਇਕ ਔਰਤ ਨੂੰ ਚਾਰ ਮਰਦ ਘੇਰ ਕੇ ਬਹਾਦਰੀ ਦਾ ਨਾਅਰਾ ਲਾਉਣ। ਗਿੱਦੜ ਦੇ ਗਿੱਦੜ, ਬੁਜ਼ਦਿਲ!'

ਇਕ ਪਠਾਣ-'ਇਹ ਔਰਤ ਬਹੁਤ ਚਾਲਾਕ ਪ੍ਰਤੀਤ ਹੁੰਦੀ ਹੈ। ਇਸਦੀ ਚਾਲਾਕੀ ਦਾ ਸ਼ਿਕਾਰ ਨਾ ਹੋ ਜਾਣਾ! ਜਾਂ ਇਸਨੂੰ ਗੋਲੀ ਮਾਰੋ ਜਾਂ ਚੁੱਪ ਚਾਪ ਲਈ ਚਲੋ।......ਇਹ ਕੋਈ ਜਾਦੂ ਦਾ ਖੇਲ ਨਾ ਖੇਲੇ ....ਹੱਥ ਨਾ ਛੱਡਿਓ।'

ਦਿਲਾਵਰ ਖਾਂ-(ਮਾਂਹ ਦੇ ਆਟੇ ਵਾਂਗ ਹੰਕਾਰ ਨਾਲ ਆਕੜ ਕੇ) 'ਓ ਡਰਾਕਲੋ ਅਸੀਂ ਚਾਰ ਹਾਂ। ਇਕ ਔਰਤ ਅਸਾਨੂੰ ਕੀ ਕਰ ਸਕਦੀ ਹੈ ਮੇਰਾ ਜੀਅ ਕਰਦਾ ਹੈ ਕਿ ਇਸ ਨਾਲ ਲੋਹਾ ਲੈ ਕੇ ਦੇਖ ਹੀ ਲਵਾਂ ਇਹ ਕਿੰਨੇ ਕੁ ਪਾਣੀ ਵਿਚ ਹੈ, ਦਿਲਾਵਰ ਖਾਂ ਨੇ ਕਦੀ ਮੈਦਾਨ ਵਿਚ ਹਾਰ ਨਹੀਂ ਖਾਧੀ - ਇਹ ਹਰ ਮੈਦਾਨ ਦਾ ਜੇਤੂ ਹੈ ਦਿਲਾਵਰ ਖਾਂ ਦਾ ਬਾਪ, ਦਾਦਾ ਤੇ ਪੜਦਾਦਾ ਹਿੰਦ ਉੱਤੇ ਹਮਲਾ ਕਰਨ ਵਾਲੇ ਪਠਾਣੀ ਦਲਾਂ ਦਾ ਮੋਹਰੀ ਰਿਹਾ ਹੈ। ਮੈਂ ਆਖਦਾ ਹਾਂ ਇਸ ਵੇਲੇ ਇਸ ਔਰਤ ਨੂੰ ਛੱਡ ਦਿਉ। ਮੈਂ ਇਹਦੇ ਨਾਲ ਤਲਵਾਰ ਦੀ ਲੜਾਈ ਲੜਾਂਗਾ ਜੇ ਔਰਤ ਮਰਦ ਨੂੰ ਵੰਗਾਰੇ ਤਾਂ ਮਰਦ ਚੁੱਪ ਰਹੇ ਇਹ ਕਿਵੇਂ ਹੋ ਸਕਦਾ ਹੈ। ਮੈਂ ਗਿੱਦੜ ਨਹੀਂ, ਸ਼ੇਰ ਸੂਰਮਾ ਹਾਂ।

ਇਹ ਆਖਦਿਆਂ ਆਖਦਿਆਂ ਦਿਲਾਵਰ ਖਾਂ ਨੂੰ ਰੋਹ ਚੜ੍ਹ ਗਿਆ, ਕ੍ਰੋਧ ਨਾਲ ਉਸਦਾ ਸਰੀਰ ਕੰਬ ਉਠਿਆ। ਅੱਖਾਂ ਮਸਾਲਾਂ ਵਾਂਗ ਬਲਣ ਲੱਗ ਪਈਆਂ। ਉਸ ਸ਼ਰਨ ਕੌਰ ਦੀਆਂ ਬਾਹੀਂ ਛਡਾ ਦਿੱਤੀਆਂ। ਉਹਦੇ ਵੱਲ ਤਲਵਾਰ ਸੁੱਟ ਕੇ ਬੋਲਿਆ, 'ਮੈਂ ਨਹੀਂ ਸਾਂ ਚਾਹੁੰਦਾ, ਇਕ ਔਰਤ ਉੱਤੇ ਵਾਰ ਕਰਾਂ ਕਿਉਂਕਿ ਮਰਦਾਂ ਵਾਂਗ ਤੂੰ ਲਲਕਾਰ ਕੇ ਮੇਰੇ ਲਹੂ ਨੂੰ ਗਰਮਾਇਆ ਹੈ, ਇਸ ਵਾਸਤੇ ਆ ਲੜ ਕੇ ਦੇਖ ਲੈ ਜਿਸ ਦਿਨ ਦਿਲਾਵਰ ਖਾਂ ਨੇ ਹਾਰ ਖਾ ਲਈ, ਉਸ ਦਿਨ ਦਿਲਾਵਰ ਮਰ ਜਾਵੇਗਾ। ਆਤਮਘਾਤ ਕਰ ਲਵੇਗਾ।'

ਇਹੋ ਕੁਝ ਸ਼ਰਨ ਕੌਰ ਚਾਹੁੰਦੀ ਸੀ, ਉਸਨੇ ਮਨ ਹੀ ਮਨ ਵਿਚ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਕੀਤੀ, 'ਹੇ ਅਕਾਲ ਪੁਰਖ! ਤੇਰੀ

ਬੱਚੀ, ਪਾਪੀ ਤੇ ਦੇਸ਼ ਦੁਸ਼ਮਨ ਨਾਲ ਮੁਕਾਬਲਾ ਕਰਨ ਲੱਗੀ ਹੈ ਸਹਾਇਤਾ ਕਰਨੀ। ਚੰਡੀ ਦਾ ਬਲ ਬਖਸ਼ਣਾ।' ਹੇ ਗੁਰੂ ਮਹਾਰਾਜ! ਕਲਗੀਆਂ ਵਾਲੇ ਪਿਤਾ! ਤੇਰਾ ਅੰਮ੍ਰਿਤ ਛਕਿਆ ਹੈ। ਅੰਮ੍ਰਿਤ ਨੂੰ ਲਾਜ ਨਾ ਲੱਗੇ, ਜਿੱਤ ਪ੍ਰਾਪਤ ਹੋਵੇ। ਮੈਂ ਇਨ੍ਹਾਂ ਦੁਸ਼ਟਾਂ ਦੇ ਪੰਜੇ ਵਿਚੋਂ ਨਿਕਲ ਜਾਵਾਂ ਅਤੇ ਤੇਰੇ ਪੰਥ ਦਾ ਸੁਨੇਹਾ ਪਹੁੰਚਾ ਦੇਵਾਂ। ਜੇ ਪ੍ਰਾਣ ਚਲੇ ਗਏ ਤਾਂ ਸੇਵਾ ਕਰਨ ਦਾ ਮੌਕਾ ਹੱਥੋਂ ਨਿਕਲ ਜਾਵੇਗਾ। ਹੇ ਦਾਤਾ! ਮਿਹਰ ਕਰ! ਦਇਆ ਕਰ ਦੀਨਨ ਕੇ ਦਇਆਲ ਪ੍ਰਭੂ! ਆ ਬਹੁੜ ਤੇਰਾ ਆਸਰਾ।' ਗੁਰੂ ਜੀ ਦੀ ਬੱਚੀ ਦੀ ਸੱਚੇ ਦਿਲੋਂ ਅਰਦਾਸ ਬੇਨਤੀ ਖਿਰਥਾ ਭਲਾ ਕਿਵੇਂ ਜਾ ਸਕਦੀ ਸੀ—ਜ਼ਰੂਰ ਗੁਰੂ ਜੀ ਸਹਾਇਤਾ ਕਰਨਗੇ।

ਉਸ ਵੇਲੇ ਤ੍ਰਿਕਾਲਾਂ ਪੈ ਰਹੀਆਂ ਸਨ। ਸੂਰਜ ਪਹਾੜੀਆਂ ਓਹਲੇ ਹੋ ਚੁੱਕਾ ਸੀ, ਅਜੇ ਇਕ ਦੂਸਰੇ ਦਾ ਮੂੰਹ ਚੰਗੀ ਤਰ੍ਹਾਂ ਦਿਸਦਾ ਸੀ। ਸ਼ਰਨ ਕੌਰ ਨੇ ਕਿਰਪਾਨ ਚੁੱਕ ਲਈ? 'ਸਤਿਨਾਮ ਵਾਹਿਗੁਰੂ! ਤੇਰਾ ਹੀ ਆਸਰਾ ਆਖ ਪਿੱਛੇ ਹਟੀ ਤੇ ਪੈਂਤੜਾ ਲਿਆ। ਦਿਲਾਵਰ ਖ਼ਾਨ ਦੇ ਕਹਿਣ 'ਤੇ ਤਿੰਨੇ ਪਠਾਣ ਪਿੱਛੇ ਹਟ ਗਏ। ਉਹ ਤਮਾਸ਼ਾ ਦੇਖਣ ਲੱਗੇ। ਤਲਵਾਰ ਦੀ ਲੜਾਈ ਹੋਣ ਲੱਗੀ। ਦਿਲਾਵਰ ਖ਼ਾਨ ਨੂੰ ਖ਼ਿਆਲ ਸੀ ਕਿ ਔਰਤ (ਸ਼ਰਨ ਕੌਰ) ਦੋ ਚਾਰ ਵਾਰ ਝੱਲੇਗੀ। ਇਸ ਕੀ ਲੜਨਾ ਹੈ, ਮਨ ਪ੍ਰਚਾਵਾ ਹੀ ਸਹੀ। ਪੈਂਤੜੇ ਲੈ ਕੇ ਵਾਰ ਕਰਨ ਤੇ ਵਾਰ ਸਹਿਣ ਬਚਾਉਣ ਲੱਗਾ।

ਦੂਸਰੇ ਪਾਸੇ ਸ਼ਰਨ ਕੌਰ ਪ੍ਰਤੱਖ ਚੰਡੀ ਦਾ ਰੂਪ ਹੋ ਗਈ। ਗੁਰੂ ਕੀ ਕ੍ਰਿਪਾ ਨਾਲ ਅਕਾਲ ਪੁਰਖ ਸਹਾਈ ਹੋ ਪਏ। ਉਹ ਵਾਰ ਕਰਨ ਤੇ ਵਾਰ ਬਚਾਉਣ ਵਿਚ ਅਕਲ ਤੇ ਦਲੇਰੀ ਐਸੀ ਦਿਖਾਉਣ ਲੱਗੀ, ਜਿਸ ਨੂੰ ਦੇਖ ਕੇ ਪਠਾਣ ਬੱਚੇ ਹੈਰਾਨ ਸਨ, ਦੇਖਣ ਵਾਲੇ ਖ਼ਿਆਲ ਕਰਨ ਲੱਗ ਪਏ ਕਿ ਦਿਲਾਵਰ ਖ਼ਾਂ ਨੇ ਗ਼ਲਤੀ ਕੀਤੀ ਹੈ। ਇਸ ਔਰਤ ਨਾਲ ਇਸ ਨੂੰ ਲੜਨਾ ਨਹੀਂ ਸੀ ਚਾਹੀਦਾ। ਇਹ ਹੋਣੀ ਦਾ ਰੂਪ ਹੈ। ਤਲਵਾਰ ਤੇ ਤਲਵਾਰ ਵੱਜਣ ਨਾਲ ਠੱਕ ਠੱਕ ਤੇ ਛਣਣ ਛਣਣ ਦਾ ਖੜਾਕ ਪੈਦਾ

ਹੋਇਆ 'ਮਾਰੂ ਸਾਜਾਂ ਦਾ ਕੰਮ ਦੇ ਰਿਹਾ ਸੀ। ਦੋਹਾਂ ਨੂੰ ਲੜਦਿਆਂ ਹੋਇਆਂ ਅੱਧਾ ਘੰਟਾ ਹੋ ਗਿਆ। ਸਰੀਰ ਮੁੜ੍ਹਕੇ ਨਾਲ ਧੋਤੇ ਗਏ। ਪਰ ਦੋਹਾਂ ਪਾਸਿਆਂ ਤੋਂ ਕਿਸੇ ਨੇ ਵੀ ਹਾਰ ਨਾ ਖਾਧੀ। ਕਈ ਵਾਰ ਤਲਵਾਰਾਂ ਦੀਆਂ ਮੁੱਠਾਂ ਜੁੜੀਆਂ, ਮੁੱਠਾਂ ਦੇ ਜੁੜਨ ਉੱਤੇ ਇਕ ਦੂਸਰੇ ਨੂੰ ਧੱਕ ਕੇ ਡੇਗਣ ਦਾ ਯਤਨ ਕਰਦੇ ਰਹੇ, ਪਰ ਕੋਈ ਨਾ ਡਿੱਗਿਆ। ਪਠਾਣ ਨੂੰ ਸ਼ੱਕ ਪੈਣ ਲੱਗ ਪਿਆ ਕਿ ਸ਼ਾਇਦ ਇਸਤ੍ਰੀ ਭੇਸ ਵਿਚ ਕੋਈ ਮਰਦ ਹੈ, ਮਰਦ ਜ਼ਬਰਦਸਤ! ਉਹ ਪਛਤਾਉਣ ਲੱਗਾ ਕਿ ਮੈਂ ਮੱਥਾ ਕਿਉਂ ਲਾ ਲਿਆ। ਪਰ ਹਾਰ ਮੰਨਣ ਵਾਸਤੇ ਵੀ ਤਿਆਰ ਨਹੀਂ ਸੀ, ਲੜਦੇ ਰਹੇ।

ਸ਼ਰਨ ਕੌਰ ਉੱਤੇ ਅਕਾਲ ਪੁਰਖ ਨੇ ਮਿਹਰ ਕੀਤੀ ਉਸ ਨੂੰ ਇੰਝ ਪ੍ਰਤੀਤ ਹੋਇਆ। ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪ ਹਾਜ਼ਰ ਹੋ ਕੇ ਉਸ ਨੂੰ ਲੜਨ ਦੇ ਪੈਂਤੜੇ ਦੱਸ ਰਹੇ ਨੇ । ਇਕ ਐਸਾ ਵੇਲਾ ਆ ਗਿਆ, ਜਦੋਂ ਪਠਾਣ ਦੀ ਨਿਗ੍ਹਾ ਪਾਟ ਗਈ ਉਹ ਪਾਸੇ ਦੇਖਣ ਲੱਗ ਪਿਆ। ਉਸ ਵੇਲੇ ਸ਼ਰਨ ਕੌਰ ਨੂੰ ਇੰਝ ਸੁਣਾਈ ਦਿੱਤਾ, ਪੁੱਤਰੀ! ਕਰ ਵਾਰ ਇਹ ਸੁਣਦੇ ਸਾਰ ਸ਼ਰਨ ਕੌਰ ਨੇ ਵਾਰ ਕੀਤਾ। ਦਿਲਾਵਰ ਖ਼ਾਂ ਨਾ ਰੋਕ ਸਕਿਆ, ਉਸ ਦੀ ਉਹ ਬਾਂਹ ਲੱਥ ਕੇ ਹੇਠਾਂ ਜਾ ਪਈ, ਜਿਸ ਬਾਂਹ ਦੇ ਹੱਥ ਵਿਚ ਉਸ ਨੇ ਤਲਵਾਰ ਫੜੀ ਹੋਈ ਸੀ। ਉਸ ਵਾਰ ਦੇ ਨਾਲ ਦੂਸਰਾ ਹੀ ਵਾਰ ਕੀਤਾ ਤੇ ਦਿਲਾਵਰ ਦਾ ਸਿਰ ਧੜ ਨਾਲੋਂ ਅੱਡ ਕਰ ਦਿੱਤਾ। ਦਿਲਾਵਰ ਨੂੰ ਮਾਰ ਕੇ ਸ਼ਰਨ ਕੌਰ ਖਲੋਤੀ ਨਹੀਂ ਸਗੋਂ ਟੁੱਟ ਕੇ ਪਠਾਣਾਂ ਦੇ ਗਲ ਪੈ ਗਈ ਪਹਿਲੇ ਹੱਥ ਹੀ ਇਕ ਨੂੰ ਮਾਰ ਦਿੱਤਾ ਇਕ ਨੱਸ ਗਿਆ ਤੇ ਦੂਸਰਾ ਲੜਨ ਲੱਗਾ। ਸ਼ਰਨ ਕੌਰ ਨੂੰ ਖ਼ਿਆਲ ਹੋਇਆ ਕਿ ਜੋ ਦੂਰ ਹੋ ਗਿਆ ਹੈ, ਉਹ ਜ਼ਰੂਰ ਤੋੜੇਦਾਰ ਬੰਦੂਕ ਵਿਚ ਬਰੂਦ ਭਰ ਕੇ ਉਸ ਉੱਤੇ ਵਾਰ ਕਰੇਗਾ। ਉਹ ਚਾਲਾਕੀ ਨਾਲ ਦੂਸਰੇ ਪਾਸੇ ਪਹਾੜੀ ਵੱਲ ਹੋ ਗਈ। ਲੜਦੀ ਲੜਦੀ ਨੇ ਪਠਾਣ ਬੱਚੇ ਨੂੰ ਖੇਤ ਵੱਲ ਧੱਕਿਆ। ਉਹ ਤਲਵਾਰ ਦੇ ਵਾਰ ਕੋਲੋਂ ਤਾਂ ਜਾਨ ਬਚਾਉਂਦਾ ਰਿਹਾ,

ਪਰ ਖੱਡ ਦਾ ਉਸ ਨੂੰ ਖਿਆਲ ਹੀ ਨਾ ਰਿਹਾ, ਪਿੱਛੇ ਹਟਦਾ ਗਿਆ। ਜਦੋਂ ਐਨ ਖੱਡ ਦੀ ਨੋਕ 'ਤੇ ਗਿਆ ਤਾਂ ਸ਼ਰਨ ਕੌਰ ਨੇ ਤਲਵਾਰ ਦੇ ਵਾਰ ਨਾਲ ਲੱਤ ਦਾ ਵਾਰ ਕੀਤਾ ਤਾਂ ਉਸ ਨੂੰ ਧੱਕਾ ਮਾਰ ਕੇ ਖੱਡ ਵਿਚ ਸੁੱਟ ਦਿੱਤਾ। ਉਹ ਚੀਕਾਂ ਮਾਰਦਾ ਹੋਇਆ ਹੇਠਾਂ ਨੂੰ ਜਾਣ ਲੱਗਾ।

ਤਿੰਨਾਂ ਦੁਸ਼ਮਨਾਂ ਦਾ ਸਫਾਇਆ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਪੁੱਤਰੀ ਸ਼ਰਨ ਕੌਰ ਨੇ ਇਕ ਪਲ ਜ਼ਾਇਆ ਨਹੀਂ ਕੀਤਾ, ਕਿਉਂਕਿ ਉਸਨੂੰ ਬੰਦੇ ਦਾ ਡਰ ਸੀ। ਉਸਨੇ ਵੀ ਮਰਨ ਵਾਲਿਆਂ ਦੀ ਇਕ ਬੰਦੂਕ ਚੁੱਕ ਲਈ ਜੋ ਦਿਲਾਵਰ ਦੇ ਪਿੱਛੋਂ ਪਠਾਣ ਮਰਿਆ ਸੀ, ਉਸਦੇ ਤਨ ਨਾਲੋਂ ਬਰੂਦ ਦੀ ਗੁੱਥੀ ਖੋਲ੍ਹ ਲਈ ਤੇ ਬਰੂਦ ਦੀ ਗੁੱਥੀ ਲੈ ਕੇ ਨੱਠ ਉਠੀ। ਇਸ ਗ਼ਰਜ਼ ਵਾਸਤੇ ਕਿ ਜੋ ਪਠਾਣ ਬਚਿਆ ਹੈ, ਉਸਦੀ ਬੰਦੂਕ ਦੇ ਵਾਰ ਤੋਂ ਬਚੇ ਪਰ ਉੱਧਰ ਗੁਰੂ ਨੇ ਭਾਣਾ ਵਰਤਾ ਦਿੱਤਾ। ਉਹ ਪਠਾਣ ਵੀਹ ਕੁ ਕਦਮ ਨੱਠਾ ਸੀ ਕਿ ਉਸ ਨੂੰ ਸ਼ੇਸ਼ ਨਾਗ ਨੇ ਗਿੱਟੇ ਉੱਤੇ ਡੰਗ ਮਾਰਿਆ। ਡਿੱਗਦੇ ਸਾਰ ਉਸਦੇ ਪ੍ਰਾਣ ਨਿਕਲ ਗਏ। ਸ਼ਰਨ ਕੌਰ ਉਨ੍ਹਾਂ ਦੁਸ਼ਮਨਾਂ ਕੋਲੋਂ ਸੁਤੰਤਰ ਹੋ ਗਈ, ਉਸ ਕੋਲ ਹਥਿਆਰ ਸਨ ਪਰ ਘੋੜਾ ਨਹੀਂ ਸੀ। ਲੰਮਾ ਪੰਧ ਪੈਦਲ ਹੀ ਕਰਨਾ ਪੈਣਾ ਸੀ। ਰਸਤਾ ਸਾਰਾ ਖ਼ਤਰੇ ਨਾਲ ਭਰਿਆ ਪਿਆ ਸੀ। ਉਪਰੋਂ ਕਾਲੀ ਰਾਤ ਸ਼ਾਂ ਸ਼ਾਂ ਕਰਨ ਲੱਗ ਪਈ। ਗੁਰੂ ਆਸਰੇ ਉਹ ਤੁਰੀ ਗਈ। ਅੱਧ ਕੁ ਮੀਲ ਪੰਧ ਨਿਕਲ ਕੇ ਸਾਹ ਲੈਣ ਵਾਸਤੇ ਬੈਠ ਗਈ।

੧੪.

ਸਿਆਣੇ ਪੁਰਸ਼ਾਂ ਨੂੰ ਫਰਜ਼ (ਮਨੋਰਥ) ਆਰਾਮ ਨਹੀਂ ਕਰਨ ਦੇਂਦਾ। ਉਹ ਫਰਜ਼ ਨੂੰ ਪੂਰਾ ਕਰਨਾ ਆਪਣਾ ਪਰਮ ਧਰਮ ਸਮਝਦੇ ਹਨ, ਕਈ ਵਾਰ ਜਾਨ ਉੱਤੇ ਹੀ ਖੇਲ ਜਾਂਦੇ ਨੇ। ਉਹੋ ਜਿਹੀਆਂ ਉੱਤਮ ਹਸਤੀਆਂ ਵਿਚੋਂ ਹੀ ਇਕ ਬੀਬੀ ਸ਼ਰਨ ਕੌਰ ਸੀ ਜੋ ਉੱਚੇ ਤੇ ਸੁੱਚੇ ਜੀਵਨ ਮਨੋਰਥ ਬਦਲੇ ਆਪਣੇ ਆਪ ਨੂੰ ਔਕੜਾਂ ਵਿਚ ਸੁੱਟੀ ਰਖਦੀ ਸੀ। ਔਕੜਾਂ ਦਾ ਮੁਕਾਬਲਾ ਕਰਦੀ ਹੋਈ ਘਬਰਾਉਂਦੀ ਨਹੀਂ ਸੀ। ਜਮਰੌਦ ਤੋਂ ਬਾਲਾ ਹਿਸਾਰ ਗਈ, ਬਾਲਾ ਹਿਸਾਰ ਤੋਂ ਉਨ੍ਹੀਂ ਪੈਰੀਂ ਪਿੱਛੇ ਮੁੜ ਪਈ। ਰਾਹ ਵਿਚ ਦਿਲਾਵਰ ਖ਼ਾਨ ਪਠਾਣ ਤੇ ਉਸ ਦੇ ਸਾਥੀਆਂ ਨਾਲ ਲੜੀ, ਪੈਦਲ ਪੰਧ ਕੀਤਾ। ਥਕੇਵੇਂ ਨੇ ਉਹਦੇ ਸਰੀਰ ਨੂੰ ਚੂਰ ਕਰ ਦਿੱਤਾ, ਫਿਰ ਵੀ ਹੌਸਲਾ ਨਹੀਂ ਸੂ ਹਾਰਿਆ। 'ਸਤਿਨਾਮ ਵਾਹਿਗੁਰੂ!' ਦਾ ਜਾਪ ਕਰਦੀ ਹੋਈ ਚੜ੍ਹਦੀਆਂ ਕਲਾਂ ਵਿਚ ਰਹੀ।

ਪੱਥਰ ਦੀ ਸਿਲ ਉੱਤੇ ਬੈਠੀ ਸ਼ਰਨ ਕੌਰ ਆਪ-ਮੁਹਾਰੀ ਗੁਰੂ ਦਾ ਸ਼ਬਦ ਪੜ੍ਹਨ ਲੱਗ ਪਈ-

ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ॥
ਮੇਰੈ ਮਨਿ ਸਭਿ ਸੁਖ ਪਾਇਓ ॥੧॥ ਰਹਾਉ॥
ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ॥੧॥
ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ॥੨॥
ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ॥੩॥

ਨਾ ਹਮ ਕਰਮ ਨ ਧਰਮ ਸੁਚ ਪ੍ਰਭਿ ਗਹਿ ਭੁਜਾ ਆਪਾਇਓ ॥ ੪ ॥
ਭਉ ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ ॥ ੫ ॥
ਅਨਾਥਹ ਨਾਥ ਕ੍ਰਿਪਾਲ ਦੀਨ ਸੰਮ੍ਰਿਥ ਸੰਤ ਓਟਾਇਓ ॥ ੬ ॥
ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸੁ ਹਰਿ ਰਾਇਓ ॥ ੭ ॥
ਨਾਨਕ ਸਰਨਿ ਤੁਹਾਰੀ ਠਾਕੁਰ ਸੇਵਕੁ ਦੁਆਰੈ ਆਇਓ
॥ ੮ ॥ ੨ ॥ ੧੪ ॥ (ਮਹਲਾ ੫ ਗਉੜੀ ਪੰਨਾ ੨੪੧)

ਰਸ ਭਰੀ ਮਿੱਠੀ ਲੈਅ ਅਤੇ ਇਹਦੇ ਉਮਾਹ ਨਾਲ ਸ਼ਰਨ ਕੌਰ ਨੇ ਇਹ ਸ਼ਬਦ ਗਾਇਆ। ਸ਼ਬਦ ਗਾਉਂਦਿਆਂ ਗਾਉਂਦਿਆਂ ਉਸਦਾ ਤਨ ਮਨ ਹੌਲਾ ਹੋਣ ਲੱਗਾ। ਉਹਦੇ ਨੈਣ ਮੁੰਦੇ ਗਏ। ਦਸਵੇਂ ਦਵਾਰ ਵਿਚ ਅਨਹਦ ਸ਼ਬਦ ਦੀ ਧੁਨ ਉਪਜੀ। ਸ਼ਾਂਤੀ ਅਤੇ ਅਮਰ ਸੁਖ ਦੀ ਪ੍ਰਾਪਤੀ ਹੋਣ ਲੱਗੀ। ਐਨੀ ਮਗਨ ਹੋਈ ਕਿ ਉਸਨੂੰ ਚੇਤਾ ਹੀ ਨਾ ਰਿਹਾ ਕਿ ਖ਼ੂਨ ਤ੍ਰਿਹਾਏ ਪਠਾਣਾਂ ਦੇ ਦੇਸ਼ ਵਿਚ ਇਕੱਲੀ ਬੈਠੀ ਹੈ। ਉਹ ਵੀ ਰਾਤ ਦੇ ਵੇਲੇ। ਉਹ ਤਾਂ ਆਪਣੇ ਆਪ ਨੂੰ ਬੇਗਮ ਪੁਰੇ ਦੀ ਵਾਸਣ ਸਮਝਣ ਲੱਗ ਪਈ। ਅਵਦ ਮਗਨਤਾ ਵਿਚ ਉਸਨੇ ਪੰਜਵੇਂ ਪਾਤਸ਼ਾਹ ਦਾ ਇਹ ਸ਼ਬਦ ਪ੍ਰੇਮ ਨਾਲ ਗਾਇਆ-

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥
ਦੁਸਟ ਦੂਤ ਪਰਮੇਸਰਿ ਮਾਰੇ ॥
ਜਨ ਕੀ ਪੈਜ ਰਖੀ ਕਰਤਾਰੇ ॥ ੧ ॥
ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥
ਅੰਮ੍ਰਿਤ ਨਾਮ ਮਹਾ ਰਸ ਪੀਨੇ ॥ ੨ ॥
ਨਿਰਭਉ ਹੋਇ ਭਜਹੁ ਭਗਵਾਨ ॥
ਸਾਧਸੰਗਤਿ ਮਿਲਿ ਕੀਨੋ ਦਾਨੁ ॥ ੩ ॥
ਸਰਣਿ ਪਰੇ ਪ੍ਰਭ ਅੰਤਰਜਾਮੀ ॥

ਨਾਨਕ ਓਟ ਪਕਰੀ ਪ੍ਰਭ ਸੁਆਮੀ॥ ੪॥ ੧੦੮॥

(ਗਉੜੀ ਮ: ੫, ਪੰਨਾ ੨੦੧)

ਇਸ ਸ਼ਬਦ ਦਾ ਭੋਗ ਪੈਣ ਨਾਲ ਨੈਣਾਂ ਨੂੰ ਖੋਲ੍ਹੇ ਬਿਨਾਂ ਉਸ ਨੇ 'ਸਤਿਨਾਮ! ਵਾਹਿਗੁਰੂ' ਦਾ ਸਿਮਰਨ ਕੀਤਾ। ਜਾਪ ਕਰਦੀ ਕਰਦੀ ਉਹ ਤ੍ਰਬਕ ਗਈ ਜਦੋਂ ਉਸਦੇ ਕੰਨਾਂ ਨੇ ਸੁਣਿਆ, ਕੋਈ ਉਸ ਨੂੰ ਆਖ ਰਿਹਾ ਸੀ, 'ਪੁੱਤਰੀ ! ਉਠ ਵੇਲਾ ਸੰਭਾਲ! ਏਥੇ ਬੈਠਣਾ ਠੀਕ ਨਹੀਂ। ਉਠ ਕੇ ਅੱਗੇ ਤੁਰ। ਤੇਰੇ ਵਾਸਤੇ ਘੋੜੇ ਦਾ ਪ੍ਰਬੰਧ ਹੋ ਗਿਆ। ਧਰਮ ਦੀ ਪਾਲਣਾ ਕਰ।' ਇਹ ਸੁਣ ਕੇ ਬੀਬੀ ਨੇ ਅੱਖਾਂ ਖੋਲ੍ਹੀਆਂ, ਅੱਖਾਂ ਖੋਲ੍ਹ ਕੇ ਫਿਰ ਮੁੰਦ ਲਈਆਂ ਤੇ ਫਿਰ ਖੋਲ੍ਹੀਆਂ। ਇਸਦਾ ਕਾਰਨ ਇਹ ਸੀ ਕਿ ਉਹ ਦੇਖ ਨਾ ਸਕੀ। ਉਸ ਸਾਰੇ ਪ੍ਰਬਤੀ ਅਸਮਾਨ ਉੱਤੇ ਨੂਰ ਹੀ ਨੂਰ ਸੀ। ਸੂਰਜ ਦੀ ਰੋਸ਼ਨੀ ਨਾਲੋਂ ਬਹੁਤਾ ਚਾਨਣ ਸੀ। ਉਹ ਹੈਰਾਨ ਸੀ ਕਿ ਕੀ ਉਹ ਸੌਂ ਗਈ ਤੇ ਦਿਨ ਚੜ੍ਹ ਗਿਆ। ਸੁੱਤੀ ਨੂੰ ਰੈਣ ਬੀਤ ਗਈ। ਹਿਰਦੇ ਅੰਦਰ ਜਾਗ ਆਈ। ਚੇਤਨਤਾ ਨੇ ਦਿਮਾਗ਼ ਨੂੰ ਰੋਸ਼ਨ ਕੀਤਾ, ਉਹ ਆਪਣੇ ਆਪ ਹੀ ਆਖਣ ਲੱਗੀ, 'ਨਹੀਂ ਝੱਲੀਏ! ਦਾਤੇ ਦੀ ਮਿਹਰ ਹੋਈ ਊ! ਜਿਸ ਗੁਰੂ ਨੂੰ ਯਾਦ ਕਰਦੀ ਸੈਂ, ਉਹ ਤੇਰੀ ਸਹਾਇਤਾ ਵਾਸਤੇ ਪਰਬਤਾਂ ਵਿਚ ਬਹੁੜ ਪਿਆ ਈ। ਉਠ ਬਚਨ ਮੰਨ ! ਦੇਰ ਨਾ ਕਰ!' ਇਸ ਗਿਆਨ ਦੇ ਨਾਲ ਹੀ ਉਸਨੇ ਅੱਖਾਂ ਪੂਰੀਆਂ ਖੋਲ੍ਹੀਆਂ, ਚੌਗਿਰਦੇ ਝਾਤ ਮਾਰੀ, ਰੋਸ਼ਨੀ ਸੀ। ਰੋਸ਼ਨੀ ਵਿਚ ਰਾਹ ਦੇ ਰੋੜੇ ਦਰਖਤ, ਘਾਹ ਤੇ ਜੜੀ ਬੂਟੀਆਂ ਤਾਂ ਨਜ਼ਰ ਆਉਂਦੀਆਂ ਸਨ, ਪਰ ਮਨੁੱਖ ਕੋਈ ਨਹੀਂ ਸੀ ਦਿਸਦਾ। ਹਥਿਆਰ ਸੰਭਾਲੇ ਆਪਣੇ ਆਪ ਨੂੰ ਹੁਸ਼ਿਆਰ ਤੇ ਤਿਆਰ-ਬਰ-ਤਿਆਰ ਕੀਤਾ, ਰਾਹ ਨੂੰ ਤੁਰੀ। ਰੋਸ਼ਨੀ ਰਹੀ, ਪਰ ਕੋਈ ਮਨੁੱਖ ਨਜ਼ਰ ਨਾ ਆਇਆ। ਗੁਰ-ਇਤਿਹਾਸ ਦੀਆਂ ਸੁਣੀਆਂ ਸਾਖੀਆਂ ਚੇਤੇ ਆਈਆਂ ਕਿ ਆਪਣੇ ਸਿੱਖਾਂ ਦੀ ਸਹਾਇਤਾ ਗੁਰੂ ਮਹਾਰਾਜ ਆਪ ਕਰਦੇ ਰਹੇ ਨੇ। ਇਹ ਨਿਰਾਲਾ ਕੌਤਕ ਦੇਖ ਕੇ ਖ਼ੁਸ਼ੀ ਨਾਲ ਹਿਰਦਾ ਉਛਲਿਆ,

ਜ਼ਬਾਨ ਹਿੱਲੀ -'ਦਾਤਾ! ਮੇਰੇ 'ਤੇ ਮਿਹਰ ਕੀਤੀ, ਦਇਆ ਕੀਤੀ, ਸਹਾਇਤਾ ਕੀਤੀ। ਦਿਆਲੂ ! ਦਰਸ਼ਨ ਵੀ ਦੇ, ਜਨਮ ਮਰਨ ਸੌਰ ਜਾਵੇ। ਮੈਂ ਪਾਪਣ ਮੈਂ ਮਸਕੀਨ ਮਿਹਰਾਂ ਦੇ ਸਾਈਆਂ! ਦਰਸ਼ਨ ਬਖ਼ਸ਼ੋ।'

ਬੀਬੀ ਸ਼ਰਨ ਕੌਰ ਦੇ ਇਸ ਤਰਲੇ ਪਿੱਛੋਂ ਫਿਰ ਆਵਾਜ਼ ਆਈ। ਪੁਤ੍ਰੀ! ਤੂੰ ਧੰਨ ਹੈਂ! ਤੇਰੇ 'ਤੇ ਸਾਰੀਆਂ ਮਿਹਰਾਂ ਹੋ ਗਈਆਂ ਨੇ! ਗੁਰੂ ਪੰਥ ਦੀ ਸੇਵਾ ਕਰਕੇ ਜੀਵਨ ਸਫਲ ਕਰ ਚੁੱਕੀ ਹੈਂ। ਤੈਨੂੰ ਰਿਧੀਆਂ ਸਿਧੀਆਂ ਬਖ਼ਸ਼ੀਆਂ! ਦਸ ਕਦਮ ਅੱਗੇ ਹੋ, ਘੋੜਾ ਤੇਰੀ ਸਵਾਰੀ ਵਾਸਤੇ ਤਿਆਰ ਹੈ। ਜਿੰਨੇ ਦਰਸ਼ਨ ਹੋਣੇ ਸੀ, ਹੋ ਗਏ। ਨਿਰਭਉ ਰਹੁ। ਤੇਰੀ ਹਰ ਮੈਦਾਨ 'ਚ ਫ਼ਤਹਿ ਹੋਵੇਗੀ!' ਇਨ੍ਹਾਂ ਬਚਨਾਂ ਦੇ ਸਮਾਪਤ ਹੋਣ 'ਤੇ ਮੁੜ ਹਨੇਰਾ ਹੋ ਗਿਆ। ਤਾਰਿਆਂ ਦੀ ਲੋਅ ਹੀ ਸਿਰਫ਼ ਰਹਿ ਗਈ, ਪਰ ਬੀਬੀ ਸ਼ਰਨ ਕੌਰ ਦੇ ਹਿਰਦੇ ਉੱਤੇ ਮਾਯੂਸੀ ਨਹੀਂ ਛਾਈ, ਸਗੋਂ ਉਤਸ਼ਾਹ, ਖ਼ੁਸ਼ੀ ਤੇ ਦਲੇਰੀ ਆ ਗਈ। 'ਸਤਿਨਾਮ ਵਾਹਿਗੁਰੂ' ਆਖਦੀ ਹੋਈ ਉਹ ਅੱਗੇ ਨੂੰ ਨੱਠ ਉਠੀ। ਪੰਦਰਾਂ ਵੀਹ ਗਜ ਦੇ ਕਰੀਬ ਗਈ ਤਾਂ ਸੱਚਮੁਚ ਚਿੱਟਾ ਘੋੜਾ ਕਾਠੀ ਤੇ ਲਗਾਮ ਸਮੇਤ ਖਲੋਤਾ ਸੀ। ਜਦੋਂ ਉਹ ਨੇੜੇ ਗਈ ਤਾਂ ਘੋੜਾ ਹਿਣਕਿਆ। ਉਸਨੇ ਜਾ ਕੇ ਘੋੜੇ ਦੀ ਧੌਣ ਉੱਤੇ ਹੱਥ ਫੇਰਿਆ, ਪੁਚਕਾਰਿਆ ਤੇ ਪਲਾਕੀ ਮਾਰ ਕੇ ਉਸ ਉੱਤੇ ਸਵਾਰ ਹੋ ਗਈ। ਸਵਾਰ ਹੋਣ ਦੀ ਦੇਰ ਸੀ ਕਿ ਘੋੜਾ ਤਾਂ ਆਪਣੇ ਆਪ ਹੀ ਹਵਾ ਨਾਲ ਗੱਲਾਂ ਕਰਨ ਲੱਗਾ। ਪਤਾ ਨਹੀਂ ਸੀ ਲੱਗਦਾ ਕਿ ਉਸਦੇ ਪਿਛਲੇ ਸੁੰਬ ਧਰਤੀ ਨਾਲ ਲਗਦੇ ਹਨ ਕਿ ਨਹੀਂ। ਪਾਣੀ ਵਾਂਗ ਅਡੋਲ ਜਾ ਰਿਹਾ ਸੀ। ਸ਼ਰਨ ਕੌਰ ਵਿਸਮਾਦ ਦੀ ਹਾਲਤ ਵੱਲ ਜਾ ਰਹੀ ਸੀ। ਉਹ ਸਾਹ ਸਾਹ ਨਾਲ, 'ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰ', ਦਾ ਸਿਮਰਨ ਕਰੀ ਜਾ ਰਹੀ ਸੀ. ਕੋਹਾਂ ਦਾ ਪੰਧ ਮਿੰਟਾਂ ਵਿਚ ਹੀ ਮੁੱਕ ਗਿਆ। ਰਾਹ ਵਿਚ ਦੁਸ਼ਮਨ ਦੇ ਡੇਰੇ ਸਨ, ਕੋਈ ਦੁਸ਼ਮਨ ਹਰਕਤ ਵਿਚ ਨਾ ਆਇਆ ਉਹ ਬੈਠੇ ਤੇ ਸੁੱਤੇ ਹੀ ਰਹੇ। ਕਿਸੇ ਨੇ ਆਵਾਜ਼ ਵੀ ਨਾ ਦਿੱਤੀ ਕਿ ਘੋੜਾ ਕਿਸ

ਦਾ ਜਾ ਰਿਹਾ ਹੈ।

ਜਮਰੌਦ ਦਾ ਕਿਲ੍ਹਾ ਆ ਗਿਆ। ਕਿਲ੍ਹੇ ਦੇ ਵੱਡੇ ਗੇਟ ਅੱਗੇ ਘੋੜਾ ਜਾ ਖਲੋਤਾ। ਸ਼ਰਨ ਕੌਰ ਆਪਣੇ ਆਪ ਹੀ ਉਸ ਤੋਂ ਉੱਤਰੀ। ਧਰਤੀ ਨਾਲ ਪੈਰ ਲੱਗਣ ਦੀ ਢਿੱਲ ਸੀ ਕਿ ਘੋੜਾ ਅਲੋਪ ਸੀ। ਉਹ ਦੇਖਦੀ ਹੀ ਰਹਿ ਗਈ। ਉਸ ਵੇਲੇ ਉਸਨੇ ਦੋਵੇਂ ਹੱਥ ਜੋੜ ਕੇ ਧਰਤੀ ਉੱਤੇ ਪ੍ਰਣਾਮ ਕੀਤਾ ਤੇ ਜ਼ਬਾਨੋਂ ਕਿਹਾ,"ਧੰਨ ਸੇਵਕਾਂ ਦੀ ਸਹਾਇਤਾ ਕਰਦੇ ਜੇ!"

ਜਪ ਤਪ ਸੰਜਮ ਪੂਰੀ ਵਡਿਆਈ॥
ਗੁਰ ਕਿਰਪਾਲ ਹਰਿ ਭਏ ਸਹਾਈ॥ ੩॥

੧੫.

ਜਮਰੌਦ ਦੀ ਲੜਾਈ ਮੁਸਲਮਾਨਾਂ ਤੇ ਸਿੱਖਾਂ ਦੀ ਅੰਤਿਮ ਲੜਾਈ ਸੀ। ਮੁਸਲਮਾਨਾਂ ਨੇ ਜਾਸੂਸਾਂ ਦੇ ਆਸਰੇ ਲੜਾਈ ਸ਼ੁਰੂ ਕੀਤੀ ਸੀ। ਕਿਉਂ ਜੁ ਸਿੱਖ ਰਾਜ ਦੀ ਸਾਰੀ ਸ਼ਕਤੀ ਉਸ ਵੇਲੇ ਖਿਲਰੀ ਹੋਈ ਸੀ। ਕੰਵਰ ਨੌ ਨਿਹਾਲ ਸਿੰਘ ਦਾ ਵਿਆਹ ਸੀ। ਉਸ ਵਿਆਹ ਉੱਤੇ ਬਹੁਤ ਸਾਰੀ ਸਿੱਖ ਫ਼ੌਜ ਲਾਹੌਰ ਤੇ ਅਟਾਰੀ ਪੁੱਜੀ ਹੋਈ ਸੀ। ਦੂਸਰਾ ਸਾਰੇ ਸਿੱਖ ਸਰਦਾਰ ਲਾਹੌਰ ਸਨ। ਤੀਸਰੀ ਮਹਾਨ ਕਮੀ ਸੀ ਧਿਆਨ ਸਿੰਘ ਤੇ ਗੁਲਾਬ ਸਿੰਘ ਭਰਾਵਾਂ ਦੀ ਕੂਟਲ-ਨੀਤੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਪਿੱਛੋਂ ਸਿੱਖ ਰਾਜ ਦੇ ਆਪ ਮਾਲਕ ਬਣਨ ਦੇ ਉਪਰਾਲੇ ਸੋਚ ਰਹੇ ਸਨ। ਉਨ੍ਹਾਂ ਚਾਲਾਕੀ ਤੇ ਧੋਖੇ ਦੇ ਜਾਲ ਤਾਣ ਕੇ ਐਸਾ ਪ੍ਰਬੰਧ ਕੀਤਾ ਹੋਇਆ ਸੀ ਕਿ ਜੋ ਵੀ ਬਾਹਰੋਂ ਡਾਕ ਆਉਂਦੀ ਸੀ, ਉਹ ਸਿੱਧੀ ਧਿਆਨ ਸਿੰਘ ਕੋਲ ਪੁੱਜਦੀ। ਧਿਆਨ ਸਿੰਘ ਦੀ ਮਰਜ਼ੀ ਹੁੰਦੀ, ਤਾਂ ਉਹ ਮਹਾਰਾਜਾ ਰਣਜੀਤ ਸਿੰਘ ਤਕ ਪੁੱਜ ਜਾਂਦੀ, ਜੇ ਨਾ ਮਰਜ਼ੀ ਹੁੰਦੀ ਤਾਂ ਗੁੰਮ ਕਰ ਦਿੱਤੀ ਜਾਂਦੀ। ਇਨ੍ਹਾਂ ਕਮਜ਼ੋਰੀਆਂ ਤੇ ਬੇਈਮਾਨੀਆਂ ਦਾ ਪਤਾ ਮੁਸਲਮਾਨਾਂ ਨੂੰ ਅੰਗਰੇਜ਼ਾਂ ਰਾਹੀਂ ਲੱਗ ਚੁੱਕਾ ਸੀ, ਪਰ ਜਿਸਦਾ ਰਾਖਾ ਆਪ ਅਕਾਲ ਪੁਰਖ ਹੈ, ਉਹਨੂੰ ਕੋਈ ਖ਼ਤਮ ਨਹੀਂ ਕਰ ਸਕਦਾ। ਰੁੱਤ ਦੇ ਬਦਲਣ ਵਾਂਗ ਰਾਜਸੀ ਹਾਲਤਾਂ ਤਬਦੀਲ ਹੁੰਦੀਆਂ ਰਹਿੰਦੀਆਂ ਹਨ। ਅੱਜ ਸਿੱਖ ਰਾਜ ਨਹੀਂ ਰਿਹਾ ਪਰ ਗੁਰੂ ਪੰਥ ਚੜ੍ਹਦੀਆਂ ਕਲਾਂ ਵਿਚ ਹੈ। ਗੁਰੂ ਪੰਥ ਵਧੇਗਾ ਇਸ ਦੇ ਵਾਧੇ ਨੂੰ ਕੋਈ ਸ਼ਕਤੀ ਨਹੀਂ ਰੋਕ ਸਕਦੀ,

ਕਿਉਂਕਿ ਇਹ ਸੱਤਯਿ ਦੇ ਆਸਰੇ ਕਾਇਮ ਕੀਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬਾਅਦ ਮੁਸਲਮਾਨਾਂ ਨੇ ਤੇ ਹੋਰ ਧਰਮਾਂ ਨੇ ਬਹੁਤ ਯਤਨ ਕੀਤੇ ਹਨ ਕਿ ਗੁਰੂ ਪੰਥ ਮੁੱਕ ਜਾਵੇ ਪਰ ਸਗੋਂ ਵਧਦਾ ਨਹੀਂ ਜਾਂਦਾ ਰਿਹਾ ਹੈ।

ਸਰਦਾਰ ਹਰੀ ਸਿੰਘ ਆਪਣੀ ਸੈਨਾ ਸਮੇਤ ਜਮਰੌਦ ਪਹੁੰਚ ਗਿਆ। ਘਮਸਾਨ ਦੀ ਲੜਾਈ ਹੋਈ। ਹਜ਼ਾਰਾਂ ਦੀ ਗਿਣਤੀ ਵਿਚ ਮੁਸਲਮਾਨਾਂ ਦੀਆਂ ਮੌਤਾਂ ਹੋਈਆਂ। ਹਾਰ ਖਾ ਕੇ ਨੱਠਣ ਲੱਗੇ ਤਾਂ ਧੋਖੇ ਨਾਲ ਲੁਕੇ ਹੋਏ ਮੁਸਲਮਾਨਾਂ ਨੇ ਸ: ਹਰੀ ਸਿੰਘ ਜੀ ਨੂੰ ਜ਼ਖਮੀ ਕਰ ਦਿੱਤਾ। ਬੰਦੂਕ ਦੀਆਂ ਗੋਲੀਆਂ ਨਾਲ ਕਾਫੀ ਜ਼ਖਮੀ ਹੋ ਗਏ। ਉਹ ਜ਼ਖਮ ਸਰਦਾਰ ਦੀ ਜਾਨ ਵਾਸਤੇ ਭਾਰੀ ਖ਼ਤਰਾ ਸਨ। ਸਰਦਾਰ ਜੀ ਨੂੰ ਕਿਲ੍ਹੇ ਦੇ ਅੰਦਰ ਦਾਖ਼ਲ ਕੀਤਾ ਗਿਆ। ਹਕੀਮ ਤੇ ਵੈਦ ਜਾਨ ਬਚਾਉਣ ਦਾ ਉਪਰਾਲਾ ਕਰਨ ਲੱਗੇ। ਅਕਾਲ ਪੁਰਖ ਅੱਗੇ ਅਰਦਾਸਾਂ ਕੀਤੀਆਂ ਗਈਆਂ, ਪਰ ਜੋ ਅਕਾਲ ਪੁਰਖ ਦਾ ਹੁਕਮ ਸੀ, ਉਹ ਹੋ ਕੇ ਰਹਿਣਾ ਸੀ। ਸਰਦਾਰ ਜੀ ਦੀ ਆਤਮਾ ਪੰਜ ਭੂਤਕ ਸਰੀਰ ਤਿਆਗ ਕਰ ਗਈ। ਆਤਮਾ ਦੇ ਤਨ ਛੱਡਣ ਦੀ ਢਿੱਲ ਸੀ ਕਿ ਜਮਰੌਦ ਦੇ ਕਿਲ੍ਹੇ ਵਿਚ ਹਨੇਰਾ ਛਾ ਗਿਆ, ਹਾਹਾਕਾਰ ਮੱਚ ਗਈ। ਅੰਦਰ ਸੋਗ ਤੇ ਬਾਹਰ ਦੁਸ਼ਮਨ! ਇਸ ਭਿਆਨਕ ਹਾਲਤ ਨੂੰ ਦੇਖ ਕੇ ਸ: ਮਹਾਂ ਸਿੰਘ ਘਬਰਾ ਗਿਆ। ਉਹ ਸੱਚਾ ਸਿੱਖ ਤੇ ਸਿੱਖ ਰਾਜ ਦਾ ਸੱਚਾ ਸੇਵਕ ਸੀ। ਉਹ ਸਿੱਖ ਰਾਜ ਨੂੰ ਕਿਸੇ ਤਰ੍ਹਾਂ ਵੀ ਨੁਕਸਾਨ ਨਹੀਂ ਪੁੱਜਣ ਦੇਣਾ ਚਾਹੁੰਦਾ ਸੀ। ਸ: ਹਰੀ ਸਿੰਘ ਨੇ ਜੋ ਪਤ੍ਰਿਕਾ ਲਾਹੌਰ ਭੇਜੀ ਸੀ, ਉਸਦਾ ਉੱਤਰ ਨਹੀਂ ਸੀ ਆਇਆ, ਉਹ ਤਾਂ ਪਾਪੀ ਧਿਆਨ ਸਿੰਘ ਨੇ ਸਰਕਾਰ ਤਕ ਪਹੁੰਚਾਈ ਹੀ ਨਹੀਂ ਸੀ ਕਿਉਂਕਿ ਧਿਆਨ ਸਿੰਘ ਛੇਤੀ ਤੋਂ ਛੇਤੀ ਸ: ਹਰੀ ਸਿੰਘ ਜੀ ਦਾ ਅੰਤ ਲੋਚਦਾ ਸੀ। ਸਰਦਾਰ ਜੀ, ਧਿਆਨ ਸਿੰਘ ਦੀ ਕੁਟਲ-ਨੀਤੀ ਤੋਂ ਭਲੀ ਪ੍ਰਕਾਰ ਜਾਣੂੰ ਸਨ। ਸੋ ਧਿਆਨ ਸਿੰਘ ਕੁਟਲ-ਨੀਤੀ ਦੇ ਕਾਰਨ

ਲਾਹੌਰੋਂ ਕੋਈ ਫ਼ੌਜੀ ਸਹਾਇਤਾ ਨਾ ਪੁੱਜੀ।

ਸ: ਮਹਾਂ ਸਿੰਘ ਨੇ ਬੀਬੀ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਨੂੰ ਕੋਲ ਸੱਦਿਆ। ਸੱਦ ਕੇ ਸ: ਮਹਾਂ ਸਿੰਘ ਨੇ ਬੀਬੀ ਸ਼ਰਨ ਕੌਰ ਨੂੰ ਸੰਬੋਧਨ ਕਰਦਿਆਂ ਹੋਇਆਂ ਆਖਿਆ, 'ਪੁੱਤਰੀ! ਮੇਰੇ ਕੋਲ ਐਸੇ ਚੰਗੇ ਸ਼ਬਦ ਨਹੀਂ ਜਿਨ੍ਹਾਂ ਨਾਲ ਮੈਂ ਤੇਰੀ ਉਪਮਾਂ ਕਰਾਂ' ਤੇਰਾ ਜਨਮ ਧੰਨ ਹੈ, ਤੂੰ ਸਿੱਖ ਰਾਜ ਦੀ ਜੋ ਸੱਚੀ ਸੇਵਾ ਕੀਤੀ ਹੈ, ਉਹ ਵਡਿਆਈ ਦਾ ਹੱਕ ਰਖਦੀ ਹੈ। ਜਿਸ ਦਲੇਰੀ, ਬਹਾਦਰੀ ਤੇ ਈਮਾਨਦਾਰੀ ਨਾਲ ਆਪਣੇ ਫਰਜ਼ਾਂ ਨੂੰ ਪੂਰਾ ਕੀਤਾ ਹੈ, ਉਹ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਹਨ। ਸਿੱਖ ਰਾਜ ਦੀ ਸਲਾਮਤੀ ਵਾਸਤੇ ਕਈ ਵਾਰ ਜਾਨ ਖ਼ਤਰੇ ਵਿਚ ਸੁੱਟੀ, ਇਸ ਵੇਲੇ ਕੁਰਬਾਨੀ ਕਰਨ ਦਾ ਅੰਤਿਮ ਸਮਾਂ ਹੈ। ਦੁਸ਼ਮਨ ਦਲਾਂ ਦੇ ਦਲ ਜਮਰੌਦ ਦੇ ਚੌਗਿਰਦੇ ਹਨ। ਹੁਣ ਉਹ ਮਾਰ ਖਾ ਕੇ ਪਿੱਛੇ ਹੱਟ ਗਏ ਨੇ, ਸ਼ਾਇਦ ਉਹ ਹੌਸਲਾ ਕਰਕੇ ਫਿਰ ਮੁੜ ਆਉਣ। ਲਾਹੌਰੋਂ ਕੋਈ ਫੌਜੀ ਸਹਾਇਤਾ ਨਹੀਂ ਪੁੱਜੀ। ਸ਼ਾਇਦ ਸਰਕਾਰ ਤਕ ਕੋਈ ਹਲਕਾਰਾ ਪੁੱਜਾ ਹੀ ਨਹੀਂ, ਇਸ ਵਾਸਤੇ ਮੈਂ ਚਾਹੁੰਦਾ ਹਾਂ ਤੂੰ ਤੇ ਤੇਰਾ ਪਤੀ ਭੀਮ ਬਲੀ ਸਿੰਘ ਦੋਵੇਂ ਲਾਹੌਰ ਜਾਓ। ਰਸਤਾ ਲੰਮਾ ਹੈ। ਰਾਹ ਵਿਚ ਅਨੇਕਾਂ ਖ਼ਤਰੇ ਹਨ। ਇਕੱਲੀ ਦਾ ਜਾਣਾ ਚੰਗਾ ਨਹੀਂ।

"ਪਿਤਾ ਜੀ ਖ਼ਤਰਿਆਂ ਦਾ ਕੋਈ ਭੈ ਨਹੀਂ।" ਬੀਬੀ ਸ਼ਰਨ ਕੌਰ ਦਲੇਰੀ ਤੇ ਖ਼ੁਸ਼ੀ ਨਾਲ ਉਛਲਕੇ ਬੋਲੀ, ਉਹਦਾ ਲਹੂ ਖੌਲ੍ਹਣ ਲੱਗ ਪਿਆ। ਜਿਵੇਂ ਭੁੱਖੇ ਨੂੰ ਰੋਟੀ, ਕੰਗਾਲ ਨੂੰ ਰਾਜ ਮਿਲਣਾ ਤੇ ਅਨੰਤ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਤਿਵੇਂ ਸੇਵਾ ਕਰਨ ਦਾ ਸਮਾਂ ਸੁਣ ਕੇ ਸ਼ਰਨ ਕੌਰ ਨੂੰ ਖ਼ੁਸ਼ੀਆਂ ਹੋਈਆਂ ਉਸ ਦੇ ਕੋਲ ਰਾਈ ਭਰ ਆਲਸ ਨਹੀਂ ਸੀ। ਚਾਅ ਤੇ ਸ਼ਰਧਾ ਨਾਲ ਸੇਵਾ ਕਰਦੀ ਸੀ "ਹੁਕਮ ਕਰੋ! ਅਕਾਲ ਪੁਰਖ ਦੀ ਮਿਹਰ ਨਾਲ ਅਸੀਂ ਛੇਤੀ ਹੀ ਲਾਹੌਰ ਪਹੁੰਚ ਜਾਵਾਂਗੇ। ਸਰਕਾਰ ਨੂੰ ਜੋ ਸੰਦੇਸ਼ਾ ਭੇਜਣਾ ਹੈ ਉਹ ਲਿਖ ਦਿੱਤਾ ਜਾਵੇ" ਬੀਬੀ ਸ਼ਰਨ ਕੌਰ ਦਾ ਕਥਨ ਸੀ।

ਸਰਦਾਰ ਮਹਾਂ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਵੱਲ ਇਕ ਲੰਮੀ ਪਤ੍ਰਿਕਾ ਲਿਖੀ। ਉਸ ਵਿਚ ਜੰਗ ਜਮਰੌਦ ਦਾ ਸਾਰਾ ਹਾਲ ਲਿਖ ਦਿੱਤਾ। ਚਿੱਠੀ ਬੀਬੀ ਸ਼ਰਨ ਕੌਰ ਨੂੰ ਫੜਾਉਂਦਿਆਂ ਹੋਇਆਂ ਸ: ਮਹਾ ਸਿੰਘ ਨੇ ਪੱਕੀ ਕੀਤੀ, 'ਇਹ ਪਤ੍ਰਿਕਾ ਸਰਕਾਰ ਨੂੰ ਆਪ ਦੇਣੀ ਕਿਸੇ ਵਜ਼ੀਰ ਜਾਂ ਅਹਿਲਕਾਰ ਉੱਤੇ ਭਰੋਸਾ ਨਾ ਕਰਨਾ। ਖ਼ਾਲਸਾ ਦਰਬਾਰ ਵਿਚ ਠੱਗਾਂ ਤੇ ਬੇਈਮਾਨਾਂ ਦਾ ਜ਼ੋਰ ਹੋ ਗਿਆ ਹੈ। ਧੋਖਾ ਨਾ ਖਾਣਾ। ਜਿਵੇਂ ਹੋਵੇ ਸਰਕਾਰ ਕੋਲ ਪੁੱਜਣ ਦਾ ਯਤਨ ਕਰਨਾ।....ਇਹ ਸੇਵਾ ਸ਼ਾਇਦ ਤੁਹਾਡੀ ਮਹਾਨ ਤੇ ਅੰਤਿਮ ਸੇਵਾ ਹੋਵੇ। 'ਜਾਹ ਪੁੱਤਰੀ ਵਾਹਿਗੁਰੂ ਸਹਾਈ ਹੋਵੇ!'

'ਜਿਵੇਂ ਆਪ ਦੀ ਆਗਿਆ ਤਿਵੇਂ ਹੀ ਕਰਾਂਗੇ।' ਭੀਮ ਬਲੀ ਸਿੰਘ ਨੇ ਉੱਤਰ ਦਿੱਤਾ।

ਬੀਬੀ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਸਾਂਢਣੀ ਸਵਾਰ ਹੋ ਕੇ ਕਿਲ੍ਹਾ ਜਮਰੌਦ ਵਿਚੋਂ ਬਾਹਰ ਨਿਕਲੇ। ਕਾਲੀ ਬੋਲੀ ਰਾਤ ਸੀ। ਚੌਗਿਰਦੇ ਸੁੰਞ ਸੀ ਕਿਤਿਓਂ ਗਿੱਦੜਾਂ ਦੇ ਹਵਾਕਣ ਦੀਆਂ ਆਵਾਜ਼ਾਂ ਉਠਦੀਆਂ ਤੇ ਖੁੱਲ੍ਹੇ ਅਸਮਾਨ ਵਿਚ ਗੁੰਮ ਹੋ ਜਾਂਦੀਆਂ ਸਨ। ਤਾਰਿਆਂ ਦੀ ਸੇਧ ਰੱਖ ਕੇ ਪੰਜਾਬ ਨੂੰ ਤੁਰ ਪਏ। ਰਾਹ ਵਿਚ ਪੈਰ ਪੈਰ 'ਤੇ ਦੁਸ਼ਮਨ ਦਾ ਵਾਸਾ ਸੀ, ਪਰ ਅਕਾਲ ਪੁਰਖ ਦੇ ਆਸਰੇ ਦਾ ਭਰੋਸਾ ਉਹਨਾਂ ਦੇ ਹੌਸਲੇ ਵਧਾਈ ਜਾਂਦਾ ਸੀ।

ਰੱਖ ਭਰੋਸਾ ਵਾਹਿਗੁਰੂ, ਜੋ ਨੇ ਕਰਦੇ ਕਾਰ।
ਕਦੀ ਨਾ ਉਨ੍ਹਾਂ ਆਂਵਦੀ, ਵਿਚ ਜਗਤ ਹੈ ਹਾਰ।
ਦੇਸ਼ ਧਰਮ ਦੇ ਨਾਲ ਨੇ, ਜਿਹੜੇ ਕਰਨ ਪਿਆਰ।
ਮੌਤੋਂ ਉਹ ਨਾ ਤ੍ਰਬਕਦੇ, ਦੇਣ ਮੌਤ ਨੂੰ ਹਾਰ।
ਸੋਭਾ ਘਰ ਘਰ ਹੋਂਵਦੀ, ਗਲ ਪੈਣ ਫੁੱਲਾਂ ਦੇ ਹਾਰ।
ਸੁਖ ਲੋਕਾਂ ਨੂੰ ਦੇਣਾ, ਖ਼ੁਸ਼ੀ ਹੋਏ ਕਰਤਾਰ।

ਵਾਰਾਂ ਲੋਕੀਂ ਗਾਂਵਦੇ, ਸੁਣਦੇ ਨਾਲ ਸਤਿਕਾਰ।
ਜਿਨ੍ਹਾਂ ਹਉਮੈ ਦਿਲੋਂ ਹੈ ਮਾਰ ਲਈ, ਜਿਹੜੇ ਸੱਚੇ ਕਰਨ ਇਕਰਾਰ।
ਉਹ ਅਮਰ ਹੁੰਦੇ ਸੰਸਾਰ 'ਤੇ, ਉਨ੍ਹਾਂ ਭੁਲਦਾ ਨਹੀਂ ਸੰਸਾਰ।
ਉਹ ਪੰਧ ਲੰਮੇਰੇ ਕਟਦੇ, ਹੋ ਘੋੜੇ ਅਸਵਾਰ।
ਭੀਮ ਬਲੀ ਸਿੰਘ ਸ਼ਰਨ ਜੀ, ਉਹ ਭਰਤਾ ਉਹ ਨਾਰ।
ਧਰਮ ਦੇਸ਼ ਦੇ ਵਾਸਤੇ, ਜਿਨ੍ਹਾਂ ਹੱਥ ਤਲਵਾਰ।
ਸੱਪ ਹਨੇਰਾ ਦੁਸ਼ਮਨਾਂ, ਕਰਦੇ ਜਾਵਨ ਪਾਰ।
ਮੰਜ਼ਲੋਂ ਮੰਜ਼ਲੀ ਪਹੁੰਚਦੇ , ਦੋਨੋਂ ਰਾਵੀ ਪਾਰ।

੧੯.

ਸ਼ਰਨ ਕੌਰ ਤੇ ਭੀਮ ਬਲੀ ਸਿੰਘ ਕਿਲ੍ਹੇ ਦੇ ਦੱਖਣੀ ਦਰਵਾਜ਼ੇ ਅੱਗੇ ਪਹੁੰਚ ਗਏ। ਉਨ੍ਹਨੀਆਂ ਸਰਾਂ ਵਿਚ ਬੰਨ੍ਹ ਗਏ ਸਨ, ਪੈਦਲ ਤੁਰ ਕੇ ਡਿਉੜੀ ਵਿਚ ਪੁੱਜੇ ਤਾਂ ਸੰਤਰੀ ਨੇ ਰੋਕਿਆ।

'ਕਿਧਰ ਜਾਣਾ ਜੇ?' ਸੰਤਰੀ ਨੇ ਪੁਛਿਆ।

'ਸਰਕਾਰ ਦੇ ਦਰਸ਼ਨ ਕਰਨੇ ਨੇ।' ਸ਼ਰਨ ਕੌਰ ਨੇ ਜਵਾਬ ਦਿੱਤਾ।

'ਕੀ ਕੰਮ ਹੈ ਤੇ ਕਿਥੋਂ ਆਏ ਜੇ?'

'ਪਿਸ਼ਾਵਰ ਤੋਂ ਆਏ ਹਾਂ ਸਾਡੇ ਨਾਲ ਬਹੁਤ ਧੱਕਾ ਹੋਇਆ ਹੈ। ਅੱਜ ਤੇ ਹੁਣੇ ਸਰਕਾਰ ਨੂੰ ਮਿਲਣਾ ਹੈ,' ਭੀਮ ਬਲੀ ਸਿੰਘ ਬੋਲਿਆ। ਏਨੇ ਨੂੰ ਡਿਊੜੀ ਅਫਸਰ ਆ ਗਿਆ ਉਸ ਨੇ ਬੜੇ ਸਤਿਕਾਰ ਨਾਲ ਦੁੱਖ ਜਾਂ ਪੁਕਾਰ ਦਾ ਭਾਵ ਪੁੱਛਣ ਦਾ ਯਤਨ ਕੀਤਾ, ਪਰ ਬੀਬੀ ਸ਼ਰਨ ਕੌਰ ਤੇ ਉਸ ਦੇ ਪਤੀ ਨੇ ਇਸ ਤੋਂ ਵੱਧ ਕੁਝ ਨਾ ਦੱਸਿਆ ਕਿ ਉਨ੍ਹਾਂ ਸਰਕਾਰ ਨੂੰ ਮਿਲਣਾ ਹੈ। ਦੁੱਖ ਉਨ੍ਹਾਂ ਨੂੰ ਦੱਸਣਗੇ।

ਡਿਉੜੀ ਅਫਸਰ ਸੋਚ ਹੀ ਰਿਹਾ ਸੀ ਕਿ ਦੇਵ ਨੇਤ ਨਾਲ ਵਜ਼ੀਰ ਧਿਆਨ ਸਿੰਘ ਬਾਹਰੋਂ ਆ ਗਿਆ। ਉਹ ਮਹਾਰਾਜ ਨੂੰ ਮਿਲਣ ਜਾ ਰਿਹਾ ਸੀ। ਡਿਉੜੀ ਅਫਸਰ ਨੇ ਉਸ ਨੂੰ ਰੋਕ ਲਿਆ ਤੇ ਆਖਿਆ, ਸਰਦਾਰ ਜੀ! ਇਹ ਜੋੜੀ ਪਿਸ਼ੌਰੋਂ ਆਈ ਹੈ ਸਰਕਾਰ ਨੂੰ ਮਿਲਣ ਵਾਸਤੇ ਆਖ ਰਹੀ ਹੈ, ਪਰ ਦੁੱਖ ਕੋਈ ਨਹੀਂ ਦੱਸਦੀ। ਆਪ ਦੀ ਆਗਿਆ ਹੈ ਕਿ ਬਿਨਾਂ ਕਾਰਨ ਪੁੱਛੇ ਕਿਸੇ ਨੂੰ ਮਿਲਣ ਨਾ ਦਿਓ ਕਿਉਂਕਿ ਪਰਜਾ ਖਾਹ-

ਮਖਾਹ ਸਰਕਾਰ ਨੂੰ ਤੰਗ ਕਰਦੀ ਹੈ, ਪਰ ਇਹ ਜ਼ਿੱਦ ਕਰ ਰਹੇ ਨੇ ਹੁਣੇ ਹੀ ਸਰਕਾਰ ਨੂੰ ਮਿਲਣ ਵਾਸਤੇ।

ਰਾਜਾ ਧਿਆਨ ਸਿੰਘ ਨੇ ਬੀਬੀ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਵੱਲ ਬੜੇ ਗੌਹ ਨਾਲ ਦੇਖਿਆ ਕੁਝ ਜਾਚਣ ਦਾ ਯਤਨ ਕੀਤਾ, ਪਰ ਉਹ ਕਿਸੇ ਨਤੀਜੇ ਉਪਰ ਨਾ ਪਹੁੰਚ ਸਕਿਆ। ਉਸ ਨੇ ਭੀਮ ਬਲੀ ਸਿੰਘ ਨੂੰ ਸੰਬੋਧਨ ਕਰਕੇ ਆਖਿਆ, 'ਦੇਖੋ! ਮਹਾਰਾਜ ਅੱਜ ਕੱਲ ਆਮ ਆਦਮੀਆਂ ਨੂੰ ਨਹੀਂ ਮਿਲਦੇ । ਜੋ ਕੰਮ ਹੈ, ਜਿਹੜੀ ਦੁੱਖ ਵਿਥਿਆ ਸਰਕਾਰ ਨੂੰ ਸੁਣਾਉਣੀ ਜੇ, ਉਹ ਪਹਿਲਾਂ ਮੈਨੂੰ ਦੱਸੋ, ਉਪਰੰਤ ਆਗਿਆ ਦਿੱਤੀ ਜਾਵੇਗੀ।'

'ਭੀਮ ਬਲੀ ਸਿੰਘ ਅਜੇ ਕੁਝ ਸੋਚ ਹੀ ਰਿਹਾ ਸੀ ਕਿ ਕੀ ਉੱਤਰ ਦੇਵੇ ਜੁ ਡਿਉੜੀ ਅਫਸਰ ਕਾਹਲੀ ਨਾਲ ਆਖਣ ਲੱਗੇ, 'ਆਪ ਵਜ਼ੀਰ ਰਾਜਾ ਧਿਆਨ ਸਿੰਘ ਸਾਹਿਬ ਹਨ, ਇਹਨਾਂ ਨੂੰ ਦੁੱਖ ਦੱਸ ਦਿਓ। ਇਹਨਾਂ ਨੂੰ ਦੱਸੇ ਬਿਨਾਂ ਸਰਕਾਰ ਨੂੰ ਕਿਸੇ ਨਹੀਂ ਮਿਲਣ ਦੇਣਾ।'

ਧਿਆਨ ਸਿੰਘ ਦਾ ਨਾਂ ਸੁਣ ਕੇ ਬੀਬੀ ਸ਼ਰਨ ਕੌਰ ਹੁਸ਼ਿਆਰ ਹੋ ਗਈ, ਉਹ ਚੁਪ ਕੀਤੀ ਨਾ ਰਹਿ ਸਕੀ। ਉਸਨੇ ਆਖਿਆ, 'ਹੱਛਾ! ਆਪ ਹੀ ਰਾਜਾ ਧਿਆਨ ਸਿੰਘ ਜੀ ਹੋ? ਸਾਡੇ ਧੰਨ ਭਾਗ ਆਪ ਮਿਲ ਪਏ। ਜਿਸ ਅਸਾਨੂੰ ਭੇਜਿਆ ਹੈ, ਓਸਨੇ ਵੀ ਏਹੋ ਕਿਹਾ ਸੀ, ਰਾਜਾ ਜੀ ਨੂੰ ਮਿਲ ਪੈਣਾ। ਰਤਾ ਵੱਖਰੇ ਹੋਵੇ ਤਾਂ ਪੂਰੀ ਗੱਲ ਦੱਸੀ ਜਾ ਸਕਦੀ ਹੈ।'

'ਏਸੇ ਤਰ੍ਹਾਂ ਹੀ ਸਹੀ।' ਇਹ ਆਖ ਕੇ ਧਿਆਨ ਸਿੰਘ ਨਵੇਕਲੀ ਥਾਂ ਵੱਲ ਹੋਇਆ। ਬੀਬੀ ਸ਼ਰਨ ਕੌਰ ਨੇ ਅੱਗੇ ਹੋ ਕੇ ਉਸ ਨੂੰ ਹੌਲੀ ਜਿਹੀ ਇਉਂ ਦੱਸਿਆ, "ਮੈਂ ਰਾਜਦੂਤ ਹਾਂ ਮੇਰੇ ਨਾਲ ਮੇਰੇ ਪਤੀ ਹਨ। ਜਮਰੌਦ ਤੋਂ ਆਏ ਹਾਂ, ਸ: ਹਰੀ ਸਿੰਘ ਨਲੂਆ ਸ਼ਹੀਦ ਹੋ ਗਏ ਨੇ। ਸਰਕਾਰ ਨੂੰ ਮਿਲ ਕੇ ਸਾਰਾ ਹਾਲ ਦੱਸਣਾ ਤੇ ਸ: ਮਹਾਂ ਸਿੰਘ ਜੀ ਦਾ ਉਚੇਚਾ ਸੁਨੇਹਾ ਸਰਕਾਰ ਨੂੰ ਦੱਸਣਾ ਹੈ।"

ਬੀਬੀ ਸ਼ਰਨ ਕੌਰ ਦੀ ਜ਼ਬਾਨੋਂ ਸ: ਹਰੀ ਸਿੰਘ ਜੀ ਦਾ ਸ਼ਹੀਦ ਹੋਣਾ ਸੁਣ ਕੇ ਧਿਆਨ ਸਿੰਘ ਇਕ ਵਾਰ ਤ੍ਰਬਕ ਗਿਆ। ਫਿਰ ਸ਼ਰਨ ਕੌਰ ਤੇ ਉਹਦੇ ਜੀਵਨ-ਸਾਥੀ ਵੱਲ ਅੱਖਾਂ ਪਾੜ ਕੇ ਦੇਖਣ ਲੱਗ ਪਿਆ। ਸ਼ਾਇਦ ਉਹ ਇਹ ਜਾਣਨ ਦਾ ਯਤਨ ਕਰ ਰਿਹਾ ਸੀ ਕਿ ਕੋਈ ਧੋਖਾ ਨਾ ਹੋਵੇ। ਉਸ ਨੇ ਸ਼ਰਨ ਕੌਰ ਨੂੰ ਪੁੱਛਿਆ-'ਕੋਈ ਸਰਕਾਰੀ ਚਿੱਠੀ ਜਾਂ ਨਿਸ਼ਾਨੀ!

'ਚਿੱਠੀ ਕੋਈ ਨਹੀਂ ਪਰ ਨਿਸ਼ਾਨੀ ਹੈ!' ਬੀਬੀ ਸ਼ਰਨ ਕੌਰ ਨੇ ਇਹ ਆਖ ਕੇ ਸਰਕਾਰੀ ਨਿਸ਼ਾਨੀ, ਜੋ ਇਕ ਛਾਪ ਦੀ ਸ਼ਕਲ ਵਿਚ ਹੋਇਆ ਕਰਦੀ ਸੀ, ਉਹ ਦਿਖਾਈ। ਉਸ ਨਿਸ਼ਾਨੀ ਨੂੰ ਦੇਖ ਕੇ ਧਿਆਨ ਸਿੰਘ ਨੂੰ ਪੱਕਾ ਵਿਸ਼ਵਾਸ ਹੋ ਗਿਆ, ਇਹ ਰਾਜਦੂਤ ਹਨ।

'ਕੀ ਤੁਸੀਂ ਸਰਕਾਰ ਦੇ ਮਿਲਣ ਤੋਂ ਪਹਿਲਾਂ ਮੇਰੀ ਹਵੇਲੀ ਚੱਲ ਸਕਦੇ ਜੇ?' ਧਿਆਨ ਸਿੰਘ ਨੇ ਪੁਛਿਆ।

'ਨਹੀਂ, ਕਿਤੇ ਨਹੀਂ ਜਾਣਾ, ਪਹਿਲਾਂ ਸਰਕਾਰ ਨੂੰ ਮਿਲਣਾ ਹੈ, ਇਸੇ ਵੇਲੇ ਮਿਲਣਾ ਹੈ। ਜੇ ਆਗਿਆ ਨਾ ਹੋਵੇਗੀ ਤਾਂ ਫਰਿਆਦੀ ਟੱਲ ਖੜਕਾਇਆ ਜਾਵੇਗਾ।' ਬੀਬੀ ਸ਼ਰਨ ਕੌਰ ਨੇ ਬੜੀ ਦਲੇਰੀ ਨਾਲ ਉੱਤਰ ਦਿੱਤਾ।

ਧਿਆਨ ਸਿੰਘ ਸੋਚੀਂ ਪੈ ਗਿਆ। ਪੰਜ ਮਿੰਟ ਸੋਚਣ ਪਿੱਛੋਂ ਕਹਿਣ ਲੱਗਾ- 'ਹੱਛਾ! ਆਓ, ਮੇਰੇ ਨਾਲ ਮੈਂ ਹੁਣੇ ਸਰਕਾਰ ਦੇ ਪੇਸ਼ ਕਰਾ ਦੇਂਦਾ ਦਾ ਹਾਂ। ਡਿਉੜੀ ਵਾਲੇ ਨੂੰ ਇਸ਼ਾਰਾ ਕੀਤਾ-'ਆਉਣ ਦਿਓ' ਦਾ ਬੋਲ ਸੁਣ ਕੇ ਡਿਉੜੀ ਵਾਲਿਆਂ ਨੇ ਭੀਮ ਬਲੀ ਸਿੰਘ ਅਤੇ ਸ਼ਰਨ ਕੌਰ ਨੂੰ ਕਿਲ੍ਹੇ ਵਿਚ ਦਾਖ਼ਲ ਹੋਣ ਦੀ ਖੁੱਲ੍ਹ ਦੇ ਦਿੱਤੀ। ਅੱਗੇ ਅੱਗੇ ਰਾਜਾ ਧਿਆਨ ਸਿੰਘ ਤੇ ਪਿੱਛੇ ਪਿੱਛੇ ਬੀਬੀ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਤੁਰੇ ਗਏ। ਕਈ ਡਿਉੜੀਆ ਦੇ ਮੋੜ ਲੰਘ ਕੇ 'ਦੀਵਾਨੇ ਖ਼ਾਸ, ਕੋਲ ਪੁੱਜੇ ਤਾਂ ਧਿਆਨ ਸਿੰਘ ਨੇ ਦੋਹਾਂ ਨੂੰ ਆਖਿਆ-'ਦੋਵੇਂ ਏਥੇ ਬੈਠੋ, ਸਰਕਾਰ ਨੂੰ ਮੈਂ ਅੰਦਰ ਜਾ ਕੇ ਦੱਸਦਾ ਹਾਂ।'

ਦੋਵੇਂ ਬਾਹਰ ਖਲੋ ਗਏ। ਰਾਜਾ ਧਿਆਨ ਸਿੰਘ ਅੰਦਰ ਚਲਿਆ ਗਿਆ। ਕੋਈ ਪੰਦਰਾਂ ਮਿੰਟਾਂ ਪਿੱਛੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਵਾ ਦਵ ਬਾਹਰ ਆਏ। ਉਨਾਂ ਨੂੰ ਦੇਖ ਕੇ ਬੀਬੀ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਨੇ ਦੋਵੇਂ ਹੱਥ ਜੋੜ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਆਖੀ। ਮਹਾਰਾਜ ਨੇ ਵੀ ਫ਼ਤਹਿ ਦਾ ਉੱਤਰ ਫ਼ਤਹਿ ਵਿਚ ਦਿੱਤਾ।

'ਸਰਕਾਰ ! ਹਨੇਰ ਹੋ ਗਿਆ, ਸ: ਹਰੀ ਸਿੰਘ ਨਲੂਆਂ ਸ਼ਹੀਦ ਹੋ ਗਏ। ਇਹ ਜੋ ਪਤ੍ਰਿਕਾ, ਜੋ ਸ: ਮਹਾਂ ਸਿੰਘ ਜੀ ਨੇ ਲਿਖ ਕੇ ਆਪ ਵੱਲ ਭੇਜੀ ਹੈ। ਇਹ ਤੀਸਰੀ ਤੇ ਅੰਤਿਮ ਪਤ੍ਰਿਕਾ.....ਬੀਬੀ ਸ਼ਰਨ ਕੌਰ ਨੇ ਕੁੜਤੇ ਦੀ ਹੇਠਲੀ ਜੇਬ ਵਿਚੋਂ ਇਕ ਚਿੱਠੀ ਕੱਢ ਕੇ ਮਹਾਰਾਜਾ ਰਣਜੀਤ ਸਿੰਘ ਦੇ ਹੱਥ ਦਿੱਤੀ।

ਸ: ਹਰੀ ਸਿੰਘ ਨਲੂਏ ਦੀ ਸ਼ਹੀਦੀ ਨੇ ਸ਼ੇਰੇ ਪੰਜਾਬ ਦੇ ਪੈਰਾਂ ਹੇਠੋਂ ਮਿੱਟੀ ਕੱਢ ਦਿੱਤੀ। ਉਨ੍ਹਾਂ ਦਾ ਸਿਰ ਚਕਰਾ ਗਿਆ। ਚਿੱਠੀ ਫੜਨ ਤੋਂ ਪਹਿਲਾਂ ਉਹਨਾਂ ਦੇ ਮੂੰਹੋਂ ਤਿੰਨ ਚਾਰ ਵਾਰ (ਸਾਹ ਸਾਹ ਨਾਲ) ਨਿਕਲਿਆ।'.... ਕੀ ਕਿਹਾ, ਨਲੂਆ ਸਰਦਾਰ ਸ਼ਹੀਦ ਹੋ ਗਿਆ? ਮੇਰਾ ਵੀਰ ਮੈਨੂੰ ਛੱਡ ਗਿਆ? ਇਹ ਸੱਚ ਹੈ?..... ਇਹ ਗੱਲ ਮੰਨਣ ਵਿਚ ਨਹੀਂ ਆਉਂਦੀ, ਮੇਰਾ ਵੀਰ ਮੈਨੂੰ ਇਕੱਲਿਆਂ ਛੱਡ ਜਾਵੇ।

'ਸੱਚ ਹੈ ਸਰਕਾਰ! ਦੁਸ਼ਮਨ ਨੇ ਧੋਖਾ ਕੀਤਾ। ਲੜਾਈ ਦੇ ਮਾਰੂ ਜਾਲ ਆਸਰੇ ਸ਼ਹੀਦ ਕੀਤਾ ਗਿਆ। ਜਮਰੌਦ ਤੇ ਪਿਛਾਵਰ ਖ਼ਤਰੇ ਵਿਚ ਹਨ।...... ਫ਼ੌਜ ਹੁਣੇ ਤੁਰਨੀ ਚਾਹੀਦੀ ਹੈ ਜੇ ਫ਼ੌਜ ਨਾ ਪਹੁੰਚੀ ਤਾਂ ਖ਼ਾਲਸਾ ਰਾਜ ਦਾ ਨੁਕਸਾਨ ਹੈ।' ਭੀਮ ਬਲੀ ਸਿੰਘ ਨੇ ਸਰਕਾਰ ਨੂੰ ਆਖਿਆ।

ਉਸੇ ਸਮੇਂ ਮਹਾਰਾਜ ਨੇ ਮੁਨਸ਼ੀ ਨੂੰ ਆਵਾਜ਼ ਦਿੱਤੀ। ਮੁਨਸ਼ੀ ਆਇਆ। ਸ: ਮਹਾਂ ਸਿੰਘ ਦੀ ਲਿਖੀ ਪਤ੍ਰਿਕਾ ਪੜ੍ਹ ਕੇ ਮਹਾਰਾਜ ਨੂੰ

ਸੁਣਾਉਣ ਲੱਗਾ। ਜਿਉਂ ਜਿਉਂ ਪਤ੍ਰਿਕਾ ਪੜ੍ਹੀ ਜਾ ਰਹੀ ਸੀ ਤਿਉਂ ਤਿਉਂ ਮਹਾਰਾਜਾ ਰਣਜੀਤ ਸਿੰਘ ਲੱਕ ਉੱਤੇ ਹੱਥ ਰੱਖੀ ਜਾਂਦਾ ਸੀ। ਉਹਨਾਂ ਦੇ ਚਿਹਰੇ ਉੱਤੇ ਇਕ ਰੰਗ ਆਉਂਦਾ ਸੀ ਤੇ ਇਕ ਜਾਂਦਾ। ਉਹ ਰੰਗ ਕਦੀ ਕ੍ਰੋਧਤਾ ਦਾ ਤੇ ਕਦੀ ਨਿਰਾਸਤਾ ਦਾ। ਚਿੱਠੀ ਸੁਣਦੇ ਸੁਣਦੇ ਮਹਾਰਾਜਾ ਸਾਹਿਬ ਇਕ ਦਮ ਸ਼ੇਰ ਵਾਂਗ ਕ੍ਰੋਧਵਾਨ ਹੋ ਕੇ ਬੋਲੇ....ਹੈਂ! ਮੇਰੇ ਦਰਬਾਰ ਵਿਚ ਐਨੇ ਧੋਖੇ ਫਰੇਬ! ਮੇਰੀ ਅੱਖੀਂ ਘੱਟਾ ਪਾਇਆ ਜਾ ਰਿਹਾ ਹੈ? ਮੇਰੇ ਖ਼ਾਲਸਾ ਰਾਜ ਉੱਤੇ ਦੁਸ਼ਮਨ ਹੱਲਾ ਕਰੇ, ਸਰਹੱਦ ਉੱਤੋਂ ਚਿੱਠੀਆਂ ਆਉਣ.....ਉਹ ਚਿੱਠੀਆਂ ਮੈਨੂੰ ਨਾ ਮਿਲਣ। ਚਿੱਠੀਆਂ ਲਿਆਉਣ ਵਾਲੇ ਗੁੰਮ, ਖ਼ਾਲਸਾ ਰਾਜ ਦੇ ਮਹਾਂਬਲੀ ਜਰਨੈਲ ਤੇ ਮਜ਼ਬੂਤ ਥੰਮ੍ਹ ਨੂੰ ਸਮੇਂ ਤੋਂ ਪਹਿਲਾਂ ਢਹਿਣਾ ਪਿਆ। ਉਹ ਕੌਣ ਹਨ ਦੋਸ਼ੀ? ਉਹ ਕੌਣ ਹਨ ਫ਼ਰੇਬੀ? ਮੈਂ ਉਹਨਾਂ ਨੂੰ ਖਿਮਾਂ ਨਹੀਂ ਕਰ ਸਕਦਾ। ਹੁਣੇ ਹੀ ਕੁੱਤਿਆਂ ਕੋਲੋਂ ਪੜਵਾਵਾਂਗਾ। ਜੀਉਂਦਿਆਂ ਦੀਆਂ ਖੱਲਾਂ ਉਤਰਾਈਆਂ ਜਾਣਗੀਆਂ.... ਸੱਦੋ, ਜਾਸੂਸਾਂ ਨੂੰ ਸੱਦੋ ਮੈਂ ਪੜਤਾਲ ਕਰਾਉਣੀ ਚਾਹੁੰਦਾ ਹਾਂ। ਐਨਾ ਹਨੇਰ, ਐਨਾ ਧੋਖਾ! ਇਹ ਨਿਸ਼ਾਨੀਆਂ ਖ਼ਾਲਸਾ ਰਾਜ ਨੂੰ ਬਰਬਾਦ ਕਰਨ ਦੀਆਂ ਹਨ।...ਪੜਤਾਲ, ਜ਼ਰੂਰ ਪੜਤਾਲ।

ਸ਼ੇਰੇ ਪੰਜਾਬ ਸ਼ੇਰ ਵਾਂਗ ਗਰਜ ਕੇ ਬੋਲੀ ਗਿਆ। ਉਸ ਦਾ ਇਕ ਇਕ ਸ਼ਬਦ ਹੁਕਮ ਸੀ। ਉਸ ਹੁਕਮ ਨੂੰ ਕੋਈ ਨਹੀਂ ਸੀ ਟਾਲ ਸਕਦਾ। ਰਾਜਾ ਧਿਆਨ ਸਿੰਘ ਲਾਗੇ ਖਲੋਤਾ ਕੰਬ ਗਿਆ। ਉਸ ਦਾ ਪਾਪੀ ਤੇ ਧੋਖੇਬਾਜ਼ ਦਿਲ ਦਿਮਾਗ ਭੈ-ਭੀਤ ਹੋ ਗਿਆ। ਮੁਨਸ਼ੀ ਦਾ ਸੇਰ ਲਹੂ ਸੁੱਕ ਗਿਆ ਕਿਉਂਕਿ ਉਹ ਸਰਕਾਰ ਦੀ ਡਾਕ ਵਸੂਲ ਕਰਦਾ ਤੇ ਸਾਂਭ ਕੇ ਰਖਦਾ ਸੀ। ਉਸਨੂੰ ਆਪਣੀ ਜਾਨ ਦੀ ਚਿੰਤਾ ਪੈ ਗਈ, ਉਸ ਦੀਆਂ ਲੱਤਾਂ ਕੰਬਣ ਲੱਗੀਆਂ। ਉਹ ਜ਼ਾਤ ਦਾ ਬ੍ਰਾਹਮਣ ਸੀ। ਬ੍ਰਾਹਮਣ ਨੂੰ ਪ੍ਰਮਾਤਮਾ ਨੇ ਜਿੱਥੇ ਅਕਲ ਤੇ ਵਿੱਦਿਆ ਬਖ਼ਸ਼ੀ ਹੈ, ਉਥੇ ਦਿਲ ਦੀ

ਕਮਜ਼ੋਰੀ ਵੀ ਰੱਜ ਕੇ ਦਿੱਤੀ ਹੈ। ਮੌਤ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗੀ। ਉਹਦੇ ਹੱਥ ਐਨੇ ਕੰਬੇ ਕਿ ਜਿਹੜੀ ਪਤ੍ਰਿਕਾ ਨੂੰ ਪੜ੍ਹ ਰਿਹਾ ਸੀ, ਉਹ ਪਤ੍ਰਿਕਾ ਹੱਥੋਂ ਨਿਕਲਕੇ ਫਰਸ਼ ਉੱਤੇ ਡਿੱਗ ਪਈ। ਉਹ ਪਤ੍ਰਿਕਾ ਨੂੰ ਨਿਊਂਕੇ ਚੁੱਕਣ ਲੱਗਾ ਤਾਂ ਉਹਦਾ ਲੱਕ ਐਨਾ ਲਿਫਿਆ ਕਿ ਮੁੜ ਕੇ ਸਿੱਧਾ ਹੋਣਾ ਔਖਾ ਹੋ ਗਿਆ। ਮੂੰਹ ਦੇ ਭਾਰ ਡਿਗਣ ਤੋਂ ਮਸਾਂ ਬਚਦਾ ਹੋਇਆ ਉਹ ਉਪਰ ਉਠਿਆ। ਏਨੇ ਨੂੰ ਸ਼ੇਰੇ ਪੰਜਾਬ ਨੇ ਹੁਕਮ ਦਿੱਤਾ 'ਛੇਤੀ ਇਸ ਮਾਮਲੇ ਦੀ ਪੜਤਾਲ ਕਰੋ ਕਿ ਡਾਕ ਕਿਸ ਨੇ ਗੁੰਮ ਕੀਤੀ ਹੈ ਤੇ ਜਮਰੌਦ ਨੂੰ ਫ਼ੌਜ ਦੀ ਤਿਆਰੀ! ਇਸ ਬਹਾਦਰ ਜੋੜੀ ਦਾ ਚੰਗਾ ਸਤਿਕਾਰ ਕੀਤਾ ਜਾਵੇ। ਇਨ੍ਹਾਂ ਨੇ ਖ਼ਾਲਸਾ ਰਾਜ ਦੀ ਬਹੁਤ ਸੇਵਾ ਕੀਤੀ ਹੈ ਦੀਵਾਨਖਾਨੇ ਵਿਚ ਬਠਾਓ, ਮੈਂ ਹੁਣੇ ਵਾਪਸ ਆਇਆ।

ਇਹਨਾਂ ਸ਼ਬਦਾਂ ਦੇ ਨਾਲ ਹੀ ਮਹਾਰਾਜ ਬੜੀ ਕਾਹਲੀ ਨਾਲ ਰਣਵਾਸ ਨੂੰ ਤੁਰ ਗਿਆ। ਮਹਾਰਾਜ ਦੇ ਅਲੋਪ ਹੋਣ ਪਿੱਛੋਂ ਧਿਆਨ ਸਿੰਘ ਨੇ ਮੁਨਸ਼ੀ ਵੱਲ ਦੇਖਿਆ। ਮੁਨਸ਼ੀ ਨੇ ਧਿਆਨ ਸਿੰਘ ਵੱਲ, ਦੋਹਾਂ ਦੇ ਦੇਖਣ ਵਿਚ ਕੋਈ ਭੇਤ ਸੀ। ਉਨ੍ਹਾਂ ਦੋਹਾਂ ਦੀਆਂ ਅੱਖਾਂ ਨੇ ਰਾਜ਼ ਦੀਆਂ ਗੱਲਾਂ ਕੀਤੀਆਂ, ਜਿਵੇਂ ਉਹ ਅੱਗੇ ਕਰਦੇ ਸਨ, ਅੱਖਾਂ ਨਾਲ ਇਸ਼ਾਰੇ ਕਰਨ ਪਿੱਛੋਂ ਧਿਆਨ ਸਿੰਘ ਪ੍ਰਗਟ ਤੌਰ 'ਤੇ ਮੁਨਸ਼ੀ ਨੂੰ ਆਖਣ ਲੱਗਾ, ਦੇਖੋ ਇਨ੍ਹਾਂ ਨੂੰ ਦੀਵਾਨਖਾਨੇ ਵਿਚ ਬਿਠਾਓ ਦੇਖਣਾ ਕੋਈ ਨਿਰਾਦਰੀ ਨਾ ਹੋਵੇ। ਇਹ ਉਚੇਚੇ ਪੁਰਸ਼ ਹਨ। ਮੈਂ ਸਰਕਾਰ ਕੋਲੋ ਹੋ ਕੇ ਮੁੜਦਾ ਹਾਂ।

ਰਾਜਾ ਧਿਆਨ ਸਿੰਘ ਨੇ 'ਉਚੇਚੇ ਪੁਰਸ਼, ਸ਼ਬਦਾਂ ਦੇ ਬੋਲਣ ਉੱਤੇ ਬੜਾ ਭਾਰ ਪਾਇਆ।

'ਜਿਵੇਂ ਕਹੋ! ਮੁਨਸ਼ੀ ਨੇ ਅੱਗੋਂ ਉੱਤਰ ਦਿੱਤਾ, ਮੁਨਸ਼ੀ ਵੱਲੋਂ ਤਸੱਲੀ ਬਖ਼ਸ਼ ਉੱਤਰ ਸੁਣ ਕੇ ਰਾਜਾ ਧਿਆਨ ਸਿੰਘ ਨਿਰਭੈਤਾ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਪਿੱਛੇ ਪਿੱਛੇ ਚਲੇ ਗਏ।

ਰਾਜਾ ਧਿਆਨ ਸਿੰਘ ਦੇ ਚਲੇ ਜਾਣ ਪਿੱਛੋਂ ਮੁਨਸ਼ੀ ਨੇ ਬੀਬੀ ਸ਼ਰਨ

ਕੌਰ ਤੇ ਭੀਮ ਬਲੀ ਸਿੰਘ ਨੂੰ ਦੀਵਾਨਖਾਨੇ ਵਿਚ ਬਿਠਾ ਦਿੱਤਾ ਅਤੇ ਨਾਲ ਹੀ ਇਉਂ ਆਖ ਕੇ ਤਸੱਲੀ ਦੇਣ ਦਾ ਯਤਨ ਕੀਤਾ..... 'ਕੋਈ ਫ਼ਿਕਰ ਨਾ ਕਰੋ ਸਰਕਾਰ ਦੇ ਇਕਬਾਲ ਅੱਗੇ ਸਭ ਸਿਰ ਝੁਕਾਉਂਦੇ ਹਨ। ਸਰਕਾਰ ਦੇ ਬਾਹਰ ਜਾਣ ਪਿੱਛੋਂ ਤੁਹਾਨੂੰ ਸੁਖ ਨਾਲ ਰਖਿਆ ਜਾਵੇਗਾ....ਰਾਜਾ ਧਿਆਨ ਸਿੰਘ ਦੇਵਤਾ ਹੈ! ਸਰਕਾਰ ਦੀ ਸੱਜੀ ਮੁੱਛ ਹੈ! ਖ਼ਾਲਸਾ ਰਾਜ ਤੇ ਸਰਕਾਰ ਦੇ ਬਦਲੇ ਜਾਨ ਵਾਰਨ ਨੂੰ ਤਿਆਰ ਰਹਿੰਦਾ ਹੈ। ਕਦੀ ਕਿਸੇ ਨਾਲ ਬੁਰਾ ਨਹੀਂ ਕਰਦੇ।

ਮੁਨਸ਼ੀ ਅਜੇ ਬੋਲ ਹੀ ਰਿਹਾ ਸੀ ਕਿ ਜੰਗ ਦਾ ਮਾਰੂ ਵੱਜਿਆ। ਘੜਿਆਲ ਖੜਕਿਆ ਅਤੇ ਬਿਗਲ ਵੱਜੇ। ਘੜਿਆਲ, ਨਗਾਰੇ ਤੇ ਬਿਗਲ ਦੀਆਂ ਆਵਾਜ਼ਾਂ ਨੇ ਲਾਹੌਰ ਦੀ ਜਨਤਾ ਤੇ ਕਿਲ੍ਹੇ ਦੇ ਵਸਨੀਕਾਂ ਦੇ ਦਿਲਾਂ ਨੂੰ ਸੁਰਜੀਤ ਕੀਤਾ ਤੇ ਭੈ-ਭੀਤ ਭੀ। ਬੀਬੀ ਸ਼ਰਨ ਕੌਰ ਤੇ ਪਤੀ ਇਹਨਾਂ ਆਵਾਜ਼ਾਂ ਨੂੰ ਸੁਣਦੇ ਹੋਏ ਖ਼ਾਲਸਾ ਰਾਜ ਦੀ ਸਰਾਹਨਾ ਕਰਨ ਲੱਗੇ।

ਅੰਤਮ ਕਾਂਡ

ਸ਼ੇਰਨੀ, ਸ਼ੇਰਨੀ ਰਹਿੰਦੀ ਹੈ, ਭਾਵੇਂ ਖੁੱਲ੍ਹੇ ਜੰਗਲ ਵਿਚ ਹੋਵੇ ਭਾਵੇਂ ਕਿਸੇ ਸ਼ਿਕਾਰੀ ਦੇ ਪਿੰਜਰੇ ਵਿਚ ਉਹ ਹੌਸਲਾ ਨਹੀਂ ਹਾਰਦੀ, ਆਪਣੇ ਅਸਲੇ ਤੋਂ ਦੂਰ ਨਹੀਂ ਜਾਂਦੀ। ਬਹਾਦਰ ਸ਼ਰਨ ਕੌਰ ਹੁਣ ਸਿੰਘਣੀ ਸੀ ਭੀਮ ਬਲੀ ਸਿੰਘ ਦੀ ਸਿੰਘਣੀ। ਉਹ ਨਿਰਭੈ ਤੇ ਨਿਰਮਲ ਦੇਵੀ ਸੀ ਉਸਦਾ ਚਲਨ ਸੱਚਾ ਸੀ। ਵਹਿਸ਼ੀ ਪਠਾਣਾਂ ਵਿਚ ਆਪਣੇ ਆਪ ਤੇ ਆਪਣੀ ਜੀਵਨ ਪਵਿਤ੍ਰਤਾ ਨੂੰ ਬਚਾ ਕੇ ਆਈ ਸੀ, ਜਾਸੂਸੀ ਦੇ ਕੰਮ ਵਿਚ ਸੰਪੂਰਨ ਸੀ। ਉਸਨੂੰ ਧੋਖੇ ਦੇ ਜਾਲ ਵਿਚ ਫਸਾਉਣਾ ਅਸੰਭਵ ਸੀ।

ਪਰ ਉਹ ਚਾਲਾਕ, ਮੱਕਾਰ ਤੇ ਖ਼ਾਲਸਾ ਰਾਜ ਦੇ ਗੁਪਤ ਦੁਸ਼ਮਨ ਧਿਆਨ ਸਿੰਘ ਦੇ ਪੰਜੇ ਵਿਚ ਆ ਗਈ। ਧਿਆਨ ਸਿੰਘ ਨੇ ਆਪਣੇ ਆਪ ਸ਼ਰਨ ਕੌਰ ਨੂੰ ਕੈਦ ਕਰ ਲਿਆ। ਰਾਤ ਦੇ ਸਮੇਂ ਸ਼ਰਨ ਕੌਰ ਧਿਆਨ ਸਿੰਘ ਦੀ ਹਵੇਲੀ ਦੇ ਇਕ ਕਮਰੇ ਵਿਚ ਇਕੱਲੀ ਬੈਠੀ ਨੂੰ ਬਿਲਕੁਲ ਗਿਆਨ ਨਹੀ ਸੀ ਕਿ ਉਹ ਕੈਦਣ ਬਣ ਚੁੱਕੀ ਹੈ ਜਾਂ ਉਸ ਨਾਲ ਕੋਈ ਫਰੇਬ ਦੀ ਖੇਡ ਖੇਡੀ ਜਾ ਰਹੀ ਹੈ ਕਿਉਂਕਿ ਚਾਰ ਪੰਜ ਮਿੰਟ ਪਹਿਲਾਂ ਉਸਦੇ ਕੋਲੋਂ ਰਾਜਾ ਧਿਆਨ ਸਿੰਘ ਦੀ ਵਹੁਟੀ ਪਾਰਬਤੀ ਤੇ ਹੋਰ ਇਸਤ੍ਰੀਆਂ ਉਠ ਕੇ ਗਈਆਂ। ਉਹ ਸ਼ਰਨ ਕੌਰ ਨਾਲ ਗੱਲਾਂ ਕਰਦੀਆਂ ਹੋਈਆਂ ਸ਼ਰਨ ਕੌਰ ਦੇ ਰੂਪ ਜਵਾਨੀ, ਅਕਲ ਅਤੇ ਬਹਾਦਰੀ ਦੀ ਉਪਮਾ ਕਰੀ ਜਾਂਦੀਆਂ ਸਨ। ਧੋਖੇ ਦਾ ਕੋਈ ਨਿਸ਼ਾਨ ਪ੍ਰਗਟ ਨਹੀਂ ਸੀ ਹੋਣ ਦਿੱਤਾ।

ਨਿਰਮਲ ਆਤਮਾ ਸ਼ਰਨ ਕੌਰ ਧਿਆਨ ਸਿੰਘ ਤੇ ਹੋਰ ਕਰਮਚਾਰੀ ਸਿੱਖਾਂ ਨੂੰ ਖ਼ਾਲਸਾ ਰਾਜ ਦੇ ਸੱਚੇ ਸਿਪਾਹੀ ਤੇ ਸੇਵਕ ਸਮਝਦੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਛੱਡਣ ਪਿੱਛੋਂ ਧਿਆਨ ਸਿੰਘ ਨੇ ਕੋਈ ਐਸੀ ਹਰਕਤ ਨਹੀਂ ਸੀ ਕੀਤੀ, ਜਿਸ ਨਾਲ ਸ਼ਰਨ ਕੌਰ ਨੂੰ ਸ਼ੱਕ ਪਵੇ ਕਿ ਧਿਆਨ ਸਿੰਘ ਉਹਦਾ ਜਾਂ ਰਾਜ ਦਾ ਦੁਸ਼ਮਨ ਹੈ। ਖ਼ੁਰਾਕ ਤੇ ਰਹਿਣ ਦਾ ਯੋਗ ਪ੍ਰਬੰਧ ਕੀਤਾ ਸੀ।

ਉਸ ਦਿਨ ਸਵੇਰੇ ਹੀ ਧਿਆਨ ਸਿੰਘ ਦੀਆਂ ਭੇਜੀਆਂ ਹੋਈਆਂ ਦੋ ਗੋਲੀਆਂ ਸ਼ਰਨ ਕੌਰ ਦੇ ਕੋਲ ਪੁੱਜੀਆਂ। ਉਨ੍ਹਾਂ ਨੇ ਸੁਨੇਹਾ ਦਿੱਤਾ, "ਬੀਬੀ ਜੀ! ਆਪ ਨੂੰ ਰਾਣੀ ਸਾਹਿਬਾਂ ਰਾਜਾ ਧਿਆਨ ਸਿੰਘ ਦੀ ਵਹੁਟੀ ਬੁਲਾਉਂਦੀ ਹੈ ਉਹ ਆਪ ਨੂੰ ਦੇਖਣਾ ਚਾਹੁੰਦੇ ਨੇ। ਹੁਣੇ ਹੀ ਅਸਾਡੇ ਨਾਲ ਚੱਲੋ। ਇਹ ਸੁਨੇਹਾ ਸੁਣਦੇ ਸਾਰ ਬੀਬੀ ਸ਼ਰਨ ਕੌਰ ਉਨ੍ਹਾਂ ਦੇ ਨਾਲ ਤਿਆਰ ਹੋ ਪਈ ਤੇ ਸ਼ਾਹੀ ਕਿਲ੍ਹੇ ਵਿਚੋਂ ਨਿਕਲ ਕੇ ਧਿਆਨ ਸਿੰਘ ਦੀ ਹਵੇਲੀ ਵਿਚ ਪੁੱਜੀ। ਧਿਆਨ ਸਿੰਘ ਦੀ ਹਵੇਲੀ ਉਸ ਵੇਲੇ ਦੂਸਰਾ ਸ਼ਾਹੀ ਕਿਲ੍ਹਾ ਸੀ । ਸਾਰਾ ਦਿਨ ਹਵੇਲੀ ਵਿਚ ਰਹੀ ਸੂਰਜ ਡੁੱਬ ਗਿਆ, ਰਾਤ ਦਾ ਕਾਲਾ ਪਰਦਾ ਸਾਰੇ ਛਾ ਗਿਆ, ਪਰ ਕਿਸੇ ਨੇ ਸ਼ਰਨ ਕੌਰ ਨੂੰ ਹਵੇਲੀ ਵਿਚੋਂ ਬਾਹਰ ਨਾ ਜਾਣ ਦਿੱਤਾ। ਇਸ ਲੰਮੇਰੇ ਸਮੇਂ ਦੌਰਾਨ ਧਿਆਨ ਸਿੰਘ ਸ਼ਰਨ ਕੌਰ ਦੇ ਮੱਥੇ ਨਹੀਂ ਲੱਗਾ।

ਜਿਸ ਕਮਰੇ ਵਿਚ ਸ਼ਰਨ ਕੌਰ ਬੈਠੀ ਸੀ, ਸਵੇਰ ਤੋਂ ਸ਼ਾਮ ਤਕ ਉਸ ਕਮਰੇ ਵਿਚ ਰੌਣਕ ਰਹੀ। ਧਿਆਨ ਸਿੰਘ ਦੀਆਂ ਰਾਣੀਆਂ ਤੇ ਗੋਲੀਆਂ ਸ਼ਰਨ ਕੌਰ ਨਾਲ ਗੱਲਾਂ ਕਰਦੀਆਂ ਰਹੀਆਂ, ਪਰ ਸੂਰਜ ਦੇ ਚਾਨਣ ਦੇ ਨਾਲ ਹੀ ਇੱਕੜ-ਦੁੱਕੜ ਉਹ ਸਾਰੀਆਂ ਅਲੋਪ ਹੋਣ ਲੱਗੀਆਂ ਸਿਰਫ ਇਕੋਂ ਗੋਲੀ ਕੋਲ ਰਹਿ ਗਈ। ਆਖ਼ਰ ਐਸਾ ਸਮਾਂ ਆਇਆ ਕਿ ਉਹ ਵੀ ਸ਼ਰਨ ਕੌਰ ਕੋਲੋਂ ਉਠ ਕੇ ਚਲੀ ਗਈ। ਉਹ ਜਾਂਦੀ ਹੋਈ ਸਿਰਫ ਇਹ ਆਖ ਗਈ , 'ਮੈਂ ਤੁਹਾਡੇ ਵਾਸਤੇ ਖਾਣਾ ਲਿਆਉਂਦੀ ਹਾਂ।'

ਅੱਗੋਂ ਸ਼ਰਨ ਕੌਰ ਨੇ ਉੱਤਰ ਦਿੱਤਾ, ਮੈਨੂੰ ਭੁੱਖ ਨਹੀਂ, ਮੈਂ ਤਾਂ ਹੁਣ ਜਾਣਾ ਚਾਹੁੰਦੀ ਹਾਂ, ਮੈਨੂੰ ਛੱਡ ਆਉ, ਉਹ ਉਡੀਕਦੇ ਹੋਣਗੇ। ਪਰ ਗੋਲੀ ਸ਼ਰਨ ਕੌਰ ਦੇ ਬੋਲ ਅਣਸੁਣਿਆਂ ਕਰਕੇ ਬਾਹਰ ਨੂੰ ਨੱਸ ਗਈ। ਪਲ ਵਿਚ ਦੀ ਅੱਖਾਂ ਤੋਂ ਓਹਲੇ ਹੋ ਗਈ।

ਗੋਲੀ ਦੇ ਤੁਰ ਜਾਣ ਪਿੱਛੋਂ ਸ਼ਰਨ ਕੌਰ ਮੰਜੇ ਤੋਂ ਉਠੀ ਤੇ ਕਮਰੇ ਵਿਚ ਟਹਿਲਣ ਲੱਗ ਪਈ। ਅਜੇ ਇਕ ਚੱਕਰ ਹੀ ਤੁਰੀ ਹੋਵੇਗੀ ਕਿ ਅਚਾਨਕ ਧਿਆਨ ਸਿੰਘ ਉਹਦੇ ਕਮਰੇ ਅੰਦਰ ਆ ਖਲੋਤਾ। ਧਿਆਨ ਸਿੰਘ ਨੂੰ ਦੇਖ ਕੇ ਸ਼ਰਨ ਕੌਰ ਖਲੋ ਗਈ। ਖਲੋਤੀ ਹੋਈ ਧਿਆਨ ਸਿੰਘ ਵੱਲ ਹੈਰਾਨੀ ਨਾਲ ਦੇਖਣ ਲੱਗੀ।

"ਮੈਨੂੰ ਬਹੁਤ ਅਫਸੋਸ ਹੈ ਕਿ ਮੈਂ ਕੁਵੇਲੇ ਤੁਹਾਨੂੰ ਬੁਰੀ ਖ਼ਬਰ ਸੁਣਾਉਣ ਲੱਗਾ ਹਾਂ।" ਧਿਆਨ ਸਿੰਘ ਬਹੁਤ ਚਿਰ ਚੁਪ ਖਲੋਤਾ ਨਾ ਰਹਿ ਸਕਿਆ।

"ਕੈਸੀ ਬੁਰੀ ਖ਼ਬਰ ? ਕੀ ਹੋ ਗਿਆ!" ਸ਼ਰਨ ਕੌਰ ਨੇ ਕਾਹਲੀ ਨਾਲ ਪੁੱਛਿਆ।

"ਬੈਠ ਜਾਓ ਦੱਸਦਾ ਹਾਂ। ਮੈਂ ਤਾਂ ਖ਼ੁਦ ਹੈਰਾਨ ਹਾਂ ਕਿ ਕੀ ਹੋ ਗਿਆ?" ਧਿਆਨ ਸਿੰਘ ਬੋਲਿਆ।

ਸ਼ਰਨ ਕੌਰ ਹੈਰਾਨੀ ਨਾਲ ਧਿਆਨ ਸਿੰਘ ਦੇ ਚਿਹਰੇ ਵੱਲ ਦੇਖਣ ਲੱਗ ਪਈ। ਉਹ ਸੋਚਣ ਲੱਗੀ ਕਿ ਕੀ ਭਾਣਾ ਵਰਤ ਗਿਆ, ਜਿਸ ਨਾਲ ਧਿਆਨ ਸਿੰਘ ਪੁਰਸ਼ ਘਬਰਾ ਗਿਆ।

'ਮਾਮਲਾ ਇਹ ਹੈ' ਧਿਆਨ ਸਿੰਘ ਬੋਲੀ ਗਿਆ- 'ਸਰਕਾਰ ਦਾ ਭੇਜਿਆ ਹੋਇਆ ਹਲਕਾਰਾ ਇਕ ਜ਼ਰੂਰੀ ਸਰਕਾਰੀ ਹੁਕਮ ਲੈ ਕੇ ਪੁੱਜਿਆ ਹੈ।'

'ਕੈਸਾ ਹੁਕਮ?' ਬੀਬੀ ਸ਼ਰਨ ਕੌਰ ਨੇ ਪੁੱਛਿਆ।

'ਉਹ ਹੁਕਮ ਐਸਾ ਹੈ, ਜਿਸਨੂੰ ਸੁਣਾਉਣਾ ਵੀ ਔਖਾ ਹੈ ਪਰ ਮੈਂ

ਕੀ ਕਰਾਂ। ਹੁਕਮ ਸਰਕਾਰ ਦਾ ਰੋਕਿਆ ਨਹੀਂ ਜਾ ਸਕਦਾ, ਪਰ ਹੁਕਮ ਬਹੁਤ ਮਾੜਾ ਹੈ।'

"ਮਾੜਾ ਹੈ ਜਾਂ ਚੰਗਾ, ਜੋ ਸਰਕਾਰ ਦਾ ਹੁਕਮ ਹੈ, ਉਸ ਦੇ ਸੁਣਨ ਤੇ ਸੁਣਾਉਣ ਵਿਚ ਝਿਜਕ ਨਹੀਂ ਹੋਣੀ ਚਾਹੀਦੀ। ਸਰਕਾਰ ਵੱਲੋਂ ਬੁਰਾ ਹੁਕਮ ਨਹੀਂ ਦਿੱਤਾ ਜਾ ਸਕਦਾ। ਸਾਡੀ ਸਰਕਾਰ ਐਸੀ ਨਹੀਂ ਜੋ ਪਰਜਾ ਵਾਸਤੇ ਬੁਰਾ ਚਿਤਵੇ" ਸ਼ਰਨ ਕੌਰ ਦਾ ਉੱਤਰ ਸੀ।

'ਪਰ ਉਹਨਾਂ ਲਿਖਿਆ ਹੈ ਕਿ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਨੂੰ ਸਜ਼ਾਇ ਮੌਤ ਦਿੱਤੀ ਜਾਵੇ। ਪਤਾ ਨਹੀਂ ਕਿਉਂ ? ਇੰਝ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਨੂੰ ਜਮਰੌਦ ਪੁੱਜਦੇ ਸਾਰ ਕਿਸੇ ਨੇ ਤੁਹਾਡੇ ਬਾਰੇ ਕੋਈ ਸ਼ਿਕਾਇਤ ਕੀਤੀ ਹੈ।' ਧਿਆਨ ਸਿੰਘ ਨੇ ਆਖ ਹੀ ਦਿੱਤਾ ਜੋ ਉਹ ਆਖਣਾ ਚਾਹੁੰਦਾ ਸੀ।

ਫਰੇਬੀ ਧਿਆਨ ਸਿੰਘ ਦੇ ਮੂੰਹੋਂ ਸਜ਼ਾਏ ਮੌਤ ਦਾ ਹੁਕਮ ਸੁਣ ਕੇ ਸ਼ਰਨ ਕੌਰ ਘਬਰਾਈ ਨਹੀਂ, ਡੋਲੀ ਨਹੀਂ । ਉਹਦੇ ਚਿਹਰੇ ਦਾ ਰੰਗ ਨਹੀਂ ਬਦਲਿਆ। ਉਸ ਦੀਆਂ ਅੱਖਾਂ ਦੀ ਜੋਤ ਮੱਧਮ ਨਹੀਂ ਹੋਈ ਉਹ ਸਗੋਂ ਪੂਰੀ ਜੋਤਨਾ ਨਾਲ ਧਿਆਨ ਸਿੰਘ ਦੇ ਚਿਹਰੇ ਵੱਲ ਦੇਖ ਕੇ ਇਹ ਅਨੁਭਵ ਕਰਨ ਦਾ ਯਤਨ ਕਰ ਰਹੀ ਸੀ ਕਿ ਜੋ ਕੁਝ ਉਸ ਨੇ ਆਖਿਆ ਹੈ ਉਹ ਸੱਚ ਹੈ ਜਾਂ ਝੂਠ।

ਜੇ ਸਰਕਾਰ ਦੇ ਹੁਕਮ ਨਾਲ ਸਜ਼ਾਏ ਮੌਤ ਮਿਲੇ, ਇਸ ਨਾਲੋਂ ਹੋਰ ਕੀ ਚੰਗਾ ਹੈ, ਜਨਮ ਸਫਲ ਹੋ ਜਾਵੇ। ਸਰਕਾਰ ਦੇ ਇਕ ਜਰਨੈਲ ਨੇ ਮੇਰੀ ਜਾਨ ਬਚਾਈ ਸੀ, ਅਸਾਂ ਦੋਹਾਂ ਜੀਆਂ ਨੂੰ ਜੀਵਨ ਦਾਨ ਬਖ਼ਸ਼ਿਆ ਸੀ। ਉਸੇ ਦਿਨ ਤੋਂ ਅਸੀਂ ਖ਼ਾਲਸਾ ਰਾਜ ਤੇ ਸਰਕਾਰ (ਮਹਾਰਾਜ) ਰਣਜੀਤ ਸਿੰਘ ਦੇ ਸੇਵਕ ਹਾਂ। ਜੀਉਣਾ ਤੇ ਮਰਨਾ ਉਨ੍ਹਾਂ ਬਦਲੇ ਹੈ। ਜੇ ਹੁਕਮ ਆਇਆ ਹੈ ਤਾਂ ਹੁਣੇ ਚੱਲੋ, ਹੁਣੇ ਗੋਲੀ ਮਾਰੋ। ਅਸੀਂ ਮੌਤ ਕੋਲੋਂ ਨਹੀਂ ਡਰਦੇ। ਜੀਊਣਾ ਝੂਠ ਤੇ ਮਰਨਾ ਸੱਚ ਹੈ । ਸ਼ਰਨ ਕੌਰ ਨੇ ਨਿਰਭੈਤਾ

ਭਰੇ ਲਹਿਜੇ ਵਿਚ ਖ਼ੁਸ਼ੀ ਨਾਲ ਆਖਿਆ।

'ਪਰ ਤੁਹਾਡੇ ਪਤੀ ਭੀਮ ਬਲੀ ਸਿੰਘ ਤਾਂ ਮੌਤ ਦਾ ਸੰਦੇਸ਼ ਸੁਣ ਕੇ ਐਨੇ ਘਬਰਾ ਗਏ ਨੇ ਕਿ ਉਨ੍ਹਾਂ ਦਾ ਦਿਮਾਗ਼ ਖ਼ਰਾਬ ਹੋ ਗਿਆ ਹੈ। ਉਹ ਪਾਗ਼ਲ ਹੋ ਗਏ ਨੇ।'

'ਮੈਂ ਨਹੀਂ ਮੰਨ ਸਕਦੀ, ਮੇਰਾ ਪਤੀ ਮੌਤ ਦਾ ਨਾਂ ਸੁਣ ਕੇ ਘਬਰਾਵੇ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਪਾਨ ਕੀਤਾ ਹੈ। ਉਹ ਗੁਰੂ ਦਾ ਸਿੰਘ ਹੈ। ਗੁਰੂ ਦਾ ਸਿੰਘ ਮੌਤ ਕੋਲੋਂ ਨਹੀਂ ਡਰਦਾ। ਮੈਂ ਕਦੀ ਨਹੀਂ ਮੰਨ ਸਕਦੀ ਕਿ ਉਹ ਘਬਰਾ ਗਏ ਨੇ। ਚਲੋ ਮੈਂ ਚੱਲ ਕੇ ਉਹਨਾਂ ਦਾ ਹਾਲ ਅੱਖੀਂ ਵੇਖਣਾ ਚਾਹੁੰਦੀ ਹਾਂ।'

'ਜੋਸ਼ ਵਿਚ ਨਾ ਆ! ਧੀਰਜ ਕਰ, ਸੋਚ! ਬੈਠ ਜਾਹ! ਇਹ ਠੀਕ ਹੈ, ਮਰਨਾ ਸੌਖਾ ਹੈ, ਪਰ ਜੀਣਾ ਵੀ ਚੰਗਾ ਹੈ, ਆਪਣੀ ਜਵਾਨੀ ਵੱਲ ਵੇਖ ਤੁਹਾਡੀ ਮੌਤ ਮੇਰੇ ਹੱਥ ਹੈ। ਜੇ ਮੈਂ ਖ਼ੁਸ਼ ਰਹਾਂ ਤਾਂ ਖ਼ਾਲਸਾ ਰਾਜ ਵਿਚ ਕਿਸੇ ਨੂੰ ਮੌਤ ਡੰਨ ਨਹੀਂ ਮਿਲ ਸਕਦਾ ਜੇ ਮੈਂ ਕਿਸੇ ਨਾਲ ਗੁੱਸੇ ਹੋ ਜਾਵਾਂ ਤਾਂ ਕੋਈ ਉਸ ਨੂੰ ਬਚਾ ਨਹੀ ਸਕਦਾ।'

'ਤਾਂ ਤੁਸੀਂ ਧਰਮ ਰਾਜ ਜੇ।'

'ਹਾਂ! ਮੈਂ ਧਰਮ ਰਾਜ ਹਾਂ, ਰਾਜਦੂਤ!'

'ਮੈਨੂੰ ਚਿੰਤਾ ਨਹੀਂ। ਮੈਂ ਮਰਨ ਨੂੰ ਤਿਆਰ ਹਾਂ, ਮੈਂ ਮੌਤ ਨੂੰ ਜੀਵਨ ਨਾਲੋਂ ਚੰਗਾ ਸਮਝਦੀ ਹਾਂ। ਮੈਨੂੰ ਜਾਣ ਦਿਓ, ਮੈਨੂੰ ਕਿਲ੍ਹੇ ਵਿਚ ਲੈ ਚਲੋ। ਸ਼ੇਰਨੀ ਵਾਂਗ ਕੁਦ ਕੇ ਸ਼ਰਨ ਕੌਰ ਨੇ ਆਖਿਆ। ਉਸ ਨੂੰ ਪੂਰਾ ਗਿਆਨ ਹੋ ਗਿਆ ਕਿ ਉਸਦੇ ਨਾਲ ਧੋਖਾ ਹੋ ਰਿਹਾ ਹੈ। ਜ਼ਰੂਰ ਉਸ ਨਾਲ ਕੋਈ ਨਾ ਕੋਈ ਧੱਕਾ ਜਾਂ ਜ਼ੁਲਮ ਹੋਵੇਗਾ। ਹੋ ਸਕਦਾ ਹੈ ਕਿ ਧਿਆਨ ਸਿੰਘ ਇਹ ਬਦਲਾ ਲੈਣਾ ਚਾਹੁੰਦਾ ਹੋਵੇ ਕਿ ਸ਼ਰਨ ਕੌਰ ਨੇ ਸ: ਮਹਾਂ ਸਿੰਘ ਦੇ ਖਤ ਨੂੰ ਸਰਕਾਰ (ਮ: ਰਣਜੀਤ ਸਿੰਘ) ਤਕ ਕਿਉਂ ਪਹੁੰਚਾਇਆ ਹੈ? ਕ੍ਰੋਧ ਤੇ ਹੈਰਾਨੀ ਦੇ ਵਲਵਲੇ ਨਾਲ ਸ਼ਰਨ ਕੌਰ ਦਾ ਸਾਰਾ ਤਨ ਕੰਬਣ

ਲੱਗ ਪਿਆ, ਉਸਦੇ ਨੈਣ ਮਸਾਲਾਂ ਵਾਂਗ ਬਲਣ ਲੱਗ ਪਏ। ਉਹ ਪਾਪੀ ਤੇ ਫਰੇਬੀ ਧਿਆਨ ਸਿੰਘ ਨੂੰ ਸ਼ੇਰਨੀ ਦੀ ਤਰ੍ਹਾਂ ਚੀਰ ਸੁਟਣਾ ਚਾਹੁੰਦੀ ਸੀ।

'ਰੂਪਵਤੀ! ਆਪਣੇ ਰੂਪ ਵੱਲ ਦੇਖ ਤੇ ਮੇਰੇ ਪ੍ਰਤਾਪ ਵੱਲ। ਖ਼ਾਲਸਾ ਰਾਜ ਵਿਚ ਮਹਾਰਾਜੇ ਨਾਲ ਦੂਸਰਾ ਦਰਜਾ ਮੇਰਾ ਹੈ। ਦੌਲਤ ਤੇ ਸ਼ਕਤੀ ਮੇਰੇ ਕੋਲ ਹੈ, ਮੈਂ ਤੁਸਾਂ ਦੋਹਾਂ ਜੀਆਂ ਨੂੰ ਉਸ ਦਿਨ ਮਰਵਾ ਦੇਣਾ ਸੀ, ਜਿਸ ਦਿਨ ਤੁਸੀਂ ਲਾਹੌਰ ਪੁੱਜੇ ਸੀ ਪਰ ਮੈਂ ਤੇਰੇ ਜੋਬਨ ਤੇ ਰੂਪ ਉੱਤੇ ਤਰਸ ਖਾ ਗਿਆ। ਮੈਨੂੰ ਤੂੰ ਚੰਗੀ ਲੱਗਦੀ ਹੈਂ।'

'ਚੰਗੀ ਲੱਗਦੀ ਹੈਂ' ਸ਼ਬਦ ਅਜੇ ਧਿਆਨ ਸਿੰਘ ਦੇ ਬੁੱਲ੍ਹਾਂ ਤੋਂ ਬਾਹਰ ਨਹੀਂ ਸਨ ਆਏ ਕਿ ਕ੍ਰੋਧ ਤੇ ਜੋਸ਼ ਨਾਲ ਪਾਗਲ ਹੋ ਕੇ ਬਹਾਦਰ ਸ਼ਰਨ ਕੌਰ ਨੇ ਧਿਆਨ ਸਿੰਘ ਦੇ ਮੂੰਹ ਉੱਤੇ ਜ਼ੋਰ ਨਾਲ ਚਪੇੜ ਮਾਰੀ। ਚਪੇੜ ਦੇ ਧਮਾਕੇ ਨਾਲ ਬੋਲੀ, 'ਚੰਡਾਲ ! ਬੁੱਕਲ ਦੇ ਸੱਪ! ਅਕ੍ਰਿਤਘਣ! ਬੇਟੀ ਦੇ ਰੂਪ 'ਤੇ ਡੁਲ੍ਹ ਪਿਉਂ, ਮੈਨੂੰ ਤੂੰ ਕੀ ਸਮਝਿਆ ਹੈ? ਮੈਂ ਆਪ ਮਰ ਜਾਵਾਂਗੀ ਪਰ ਤੇਰੇ ਜੀਵਨ ਦਾ ਅੰਤ ਕਰ ਦਿਆਂਗੀ। ਦੁਸ਼ਟ! ਪਾਪ ਕਰਨ ਬਦਲੇ ਸਵੇਰ ਦਾ ਮਾਯਾ ਜਾਲ ਤਾਣਿਆਂ ਹੋਇਆ ਸੀ, ਮੇਰੇ ਰਾਹ ਅੱਗੋਂ ਹਟ ਜਾ, ਮੈਂ ਚੰਡੀ ਹਾਂ। ਤੇਰਾ ਪੇਟ ਚੀਰ ਸੁੱਟਾਂਗੀ, ਤੇਰੀ ਜ਼ਬਾਨ ਖਿੱਚ ਲਵਾਂਗੀ ਜੋ ਮੰਦਾ ਬੋਲ ਰਹੀ ਹੈ। ਹੱਟ ਜਾਹ! ਪਾਪੀ, ਹੱਟ ਜਾਹ।

ਧਿਆਨ ਸਿੰਘ ਕਮਰੇ ਦੇ ਦਰਵਾਜ਼ੇ ਅੱਗੇ ਖਲੋਤਾ ਸੀ। ਉਸਦੇ ਪਾਸੇ ਹੋਣ ਤੋਂ ਬਿਨਾਂ ਦਰਵਾਜ਼ਾ ਨਹੀਂ ਸੀ ਖੁੱਲ੍ਹ ਸਕਦਾ। ਮਸ਼ੀਨ ਦੀ ਤਰ੍ਹਾਂ ਕਾਹਲੀ ਕਾਹਲੀ ਉਪਰਲੇ ਬੋਲ ਬੋਲ ਕੇ ਸ਼ਰਨ ਕੌਰ ਨੇ ਇਕ ਚਪੇੜ ਹੋਰ ਮਾਰ ਦਿੱਤੀ। ਉਸ ਚਪੇੜ ਨੇ ਧਿਆਨ ਸਿੰਘ ਦੇ ਅੰਦਰ ਤਬਦੀਲੀ ਲਿਆ ਦਿੱਤੀ। ਉਹ ਵੀ ਨਿਰਾਦਰ ਸਹਿ ਨਾ ਸਕਿਆ, ਮਰਦ ਸੀ, ਫ਼ੌਜੀ ਸਿਪਾਹੀ ਰਹਿ ਚੁੱਕਿਆ ਸੀ। ਬਦਲੇ ਦੀ ਰੂਹ ਜਾਗ ਪਈ। ਉਸ ਨੇ ਜ਼ੋਰ ਨਾਲ ਸ਼ਰਨ ਕੌਰ ਨੂੰ ਧੱਕਾ ਮਾਰਿਆ। ਉਹ ਧੱਕੇ ਨੂੰ ਨਾ ਝਲਦੀ ਹੋਈ ਪਿੱਛੇ ਡਿੱਗ ਪਈ । ਇਸੇ ਸਮੇਂ ਵਿਚ ਧਿਆਨ ਸਿੰਘ ਨੇ ਕਮਰੇ ਦਾ ਦਰਵਾਜ਼ਾ ਬੰਦ ਕਰ

ਦਿੱਤਾ। ਕੁੰਡਾ ਮਾਰ ਕੇ ਅੱਗੇ ਵਧਿਆ। ਕਮਰਬੰਦ ਵਿਚੋਂ ਖੰਜਰ ਕੱਢ ਕੇ ਦੰਦੀਆਂ ਪੀਂਹਦਾਂ ਹੋਇਆ ਆਖਦਾ ਗਿਆ.....''ਧਿਆਨ ਸਿੰਘ ਨੇ ਜਿਸ ਨੂੰ ਮਾਰਨਾ ਚਾਹਿਆ ਉਹ ਨਹੀਂ ਬਚਿਆ, ਮੇਰੀ ਨਿਰਾਦਰੀ ਕਰ ਕੇ ਬਚ ਕੇ ਜਾਵੇਂ, ਮੈਂ ਤੈਨੂੰ ਮਾਰ ਸੁੱਟਣਾ ਹੈ।''

ਏਨੇ ਸਮੇਂ ਨੂੰ ਸ਼ਰਨ ਕੌਰ ਸਾਵਧਾਨ ਹੋ ਚੁੱਕੀ ਸੀ। ਪਠਾਣੀ ਦੇਸ਼ ਵਿਚ ਪਲੀ, ਬਹਾਦਰ ਸ਼ਰਨ ਕੌਰ ਮਰਦ ਨਾਲੋਂ ਬਹੁਤਾ ਬਲ ਰਖਦੀ ਸੀ। ਉਸਦੇ ਕੋਲ ਵੀ ਖੰਜਰ ਸੀ, ਪਰ ਉਸਨੂੰ ਮਿਆਨ ਵਿਚੋਂ ਖੰਜਰ ਕੱਢਣ ਦਾ ਸਮਾਂ ਨਹੀਂ ਸੀ ਮਿਲਿਆ। ਚੰਗੇ ਗਤਕੇਬਾਜ ਤੇ ਪਹਿਲਵਾਨ ਦੀ ਤਰ੍ਹਾਂ ਧਿਆਨ ਸਿੰਘ ਦੀਆਂ ਅੱਖਾਂ ਵਿਚ ਅੱਖਾਂ ਗੱਡੀਆਂ ਸਰੀਰ ਦੇ ਬਲ ਨੂੰ ਇਕੱਠਾ ਕੀਤਾ। ਜਾਨ ਤੇ ਸੱਚੇ ਸਤਿਕਾਰ ਨੂੰ ਬਚਾਉਣ ਬਦਲੇ ਧਿਆਨ ਸਿੰਘ ਨਾਲ ਟਾਕਰਾ ਕਰਨ ਲੱਗੀ ਜਿਉਂ, ਹੀ ਧਿਆਨ ਸਿੰਘ ਨੇ ਖੰਜਰ ਵਾਲਾ ਹੱਥ ਅੱਗੇ ਵਧਾਇਆ। ਤਿਉਂ ਹੀ ਸ਼ਰਨ ਕੌਰ ਨੇ ਉਛਲਕੇ ਉਸ ਖੰਜਰ ਵਾਲੇ ਹੱਥ ਦੇ ਗੁਟ ਨੂੰ ਘੁਟ ਲਿਆ। ਦੋਵੇਂ ਲੋਹੇ ਵਾਂਗ ਆਕੜ ਕੇ ਖਲੋ ਗਏ। ਕਿਸੇ ਦਾ ਪੈਰ ਅੱਗੇ ਪਿੱਛੇ ਨਾ ਹੋਇਆ। ਧਿਆਨ ਸਿੰਘ ਯਤਨ ਕਰਨ ਲੱਗਾ ਕਿ ਸ਼ਰਨ ਕੌਰ ਦੇ ਸੀਨੇ ਵਿਚ ਖੰਜਰ ਮਾਰੇ ਤੇ ਉਸਨੂੰ ਸਦਾ ਵਾਸਤੇ ਚਿਤ ਕਰ ਦੇਵੇ। ਸ਼ਰਨ ਕੌਰ ਇਸ ਯਤਨ ਵਿਚ ਸੀ ਕਿ ਉਹ ਆਪ ਵੀ ਬਚੇ ਅਤੇ ਧਿਆਨ ਸਿੰਘ ਨੂੰ ਵੀ ਨਾ ਮਾਰੇ। ਦਸ ਪੰਦਰਾਂ ਮਿੰਟਾਂ ਦੇ ਕਰੜੇ ਘੋਲ ਪਿੱਛੋਂ ਸ਼ਰਨ ਕੌਰ ਨੂੰ ਐਸਾ ਫੁਰਿਆ, ਜਿਸ ਨਾਲ ਧਿਆਨ ਸਿੰਘ ਧੜੱਮ ਕਰਦਾ ਫ਼ਰਸ਼ ਉੱਤੇ ਡਿੱਗ ਪਿਆ। ਸ਼ਰਨ ਕੌਰ ਸ਼ੇਰਨੀ ਦੀ ਤਰ੍ਹਾਂ ਕੁਦ ਕੇ ਉਸ ਦੀ ਹਿੱਕ ਉੱਤੇ ਬੈਠ ਗਈ, ਖੰਜਰ ਹੱਥੋਂ ਖੋਹ ਲਿਆ। ਸੱਜੇ ਹੱਥ ਵਿਚ ਨੰਗੇ ਖੰਜਰ ਨੂੰ ਉੱਚਾ ਕਰਕੇ ਧਿਆਨ ਸਿੰਘ ਦੇ ਫਰੇਬੀ ਸੀਨੇ ਵਿਚ ਮਾਰਨ ਲੱਗੀ ਤਾਂ ਧਿਆਨ ਸਿੰਘ ਦੀਆਂ ਅੱਖਾਂ ਦੇਖ ਨਾ ਸਕੀਆਂ, ਉਸਦਾ ਸਰੀਰ ਨਿਰਬਲ ਹੋ ਗਿਆ। ਉਸਨੂੰ ਜੀਵਨ ਦੀ ਆਸ ਮੁਕਦੀ ਦਿਸੀ। ਉਹ ਚਾਲਾਕ ਸੀ। ਇਕ ਰਾਜਨੀਤਿਕ

ਚਾਲਾਕੀ ਸੁਝੀ। ਉਸਨੇ ਤਰਲੇ ਦੇ ਲਹਿਜੇ ਵਿਚ ਆਖਿਆ,'ਬੇਟੀ! ਬਸ ਤੂੰ ਮੇਰੀ ਪੁੱਤਰੀ ਹੈਂ। ਆਪਣੇ ਬਾਪ ਨੂੰ ਜਾਨੋਂ ਨਾ ਮਾਰ। ਮੈਂ ਪਰਖਣ ਵਾਸਤੇ ਇਹ ਬਨਾਵਟੀ ਨਾਟਕ ਰਚਿਆ ਸੀ। ਮੈਂ ਦੇਖਣਾ ਚਾਹੁੰਦਾ ਸਾਂ ਕਿ ਬੀਬੀ ਸ਼ਰਨ ਕੌਰ ਸੱਚਮੁਚ ਬਹਾਦਰ, ਫੁਰਤੀਲੀ ਤੇ ਸਤਵੰਤੀ ਹੈ। ਮੇਰੇ ਸਾਰੇ ਭਰਮ ਦੂਰ ਹੋ ਗਏ, ਦੇਵੀ! ਮੇਰੀ ਜਾਨ ਬਖਸ਼। ਮਹਾਰਾਜ ਵੱਲੋਂ ਕੋਈ ਮੌਤ ਡੰਨ ਦਾ ਹੁਕਮ ਨਹੀਂ ਆਇਆ। ਮੈਨੂੰ ਖਿਮਾਂ ਕਰਨੀ, ਮੈਂ ਝੂਠ ਬੋਲਿਆ। ਤੇਰਾ ਪਤੀ ਠੀਕ ਹੈ, ਉਹ ਸਰਦਾਰਾਂ ਦੇ ਨਾਲ ਸ਼ਿਕਾਰ ਖੇਡਣ ਗਿਆ ਹੈ। ਪੁੱਤਰੀ ਹੱਥ ਹੇਠਾਂ ਕਰ ਲੈ। ਮੈਨੂੰ ਖਿਮਾਂ ਕਰ। ਮੇਰੀ ਜਾਨ ਬਖਸ਼, ਮੈਂ ਅੱਗੇ ਨੂੰ ਕਿਸੇ ਇਸਤਰੀ ਨਾਲ ਐਸੀਆਂ ਮਾੜੀਆਂ ਗੱਲਾਂ ਨਹੀਂ ਕਰਾਂਗਾ।'

'ਨਹੀਂ, ਤੇਰੇ ਜਹੇ ਧਰੋਹੀ, ਅਧਰਮੀ, ਕਾਮੀ ਨੂੰ ਮੈਂ ਪਿਤਾ ਨਹੀਂ ਮੰਨ ਸਕਦੀ। ਤੇਰਾ ਮਰਨਾ ਹੀ ਚੰਗਾ ਹੈ। ਤੂੰ ਬਦਲਾ ਲੈਣੋਂ ਢਿੱਲ ਨਹੀਂ ਕਰਨੀ।

'ਨਹੀਂ ਦੇਵੀ! ਪੁੱਤ੍ਰੀ!! ਮੈਂ ਪ੍ਰਮਾਤਮਾ ਦੀ ਕਸਮ ਖਾਂਦਾ ਹਾਂ। ਮੈਂ ਬਦਲਾ ਨਹੀਂ ਲਵਾਂਗਾ। ਤੈਨੂੰ ਤੇ ਤੇਰੇ ਪਤੀ ਨੂੰ ਕਦੀ ਨੁਕਸਾਨ ਨਹੀਂ ਪਹੁੰਚਾਵਾਂਗਾ, ਮੇਰੀ ਜਾਨ ਬਖਸ਼ । ਮੈਂ ਕੋਹੜਾ ਹੋ ਕੇ ਮਰਾਂ ਜੇ ਮਾੜਾ ਚਿਤਵਾਂ ਸਗੋਂ ਮੈਂ ਹੋਰ ਖਿਮਾਂ ਮੰਗਦਾ ਹਾਂ ਕਿ ਜਦੋਂ ਸਰਕਾਰ ਆਵੇ ਤਦੋਂ ਉਨ੍ਹਾਂ ਨੂੰ ਇਸ ਘਟਨਾ ਬਾਰੇ ਕੁਝ ਨਾ ਦੱਸਣਾ। ਮੇਰੀਆਂ ਚਿੱਠੀਆਂ ਵੀ ਨਾ ਪ੍ਰਗਟ ਕਰਨੀਆਂ, ਮੈਂ ਮਾਰਿਆ ਜਾਵਾਂਗਾ। ਮੈਂ ਇਕ ਮੰਗਤੇ ਦੀ ਤਰ੍ਹਾਂ ਭਿਖਿਆ ਮੰਗਦਾ ਹਾਂ। ਪੁਤ੍ਰੀ ! ਮੇਰੇ ਉੱਤੇ ਤਰਸ ਕਰ ਮੈਨੂੰ ਜਾਨੋਂ ਨਾ ਮਾਰ।'

ਧਿਆਨ ਸਿੰਘ ਦਾ ਇਹ ਤਰਲਾ ਸੁਣ ਕੇ ਬਹਾਦਰ ਸ਼ਰਨ ਕੌਰ ਦਾ ਦਿਲ ਨਰਮ ਹੋ ਗਿਆ। ਉਸ ਨੇ ਖੰਜਰ ਨੀਵਾਂ ਕਰ ਲਿਆ, ਪਰ ਨੀਤੀ ਤੋਂ ਕੰਮ ਲਿਆ। ਉਸਨੇ ਜੀਵਨ ਤਜਰਬੇ ਤੋਂ ਸਿਖਿਆ ਹਾਸਲ

ਕੀਤੀ ਹੋਈ ਸੀ ਕਿ ਪਾਪੀ ਤੇ ਖ਼ੂਨੀ ਦੁਸ਼ਮਨ ਦੀਆਂ ਗੱਲਾਂ ਜਾਂ ਕਸਮਾਂ ਉੱਤੇ ਬਹੁਤਾ ਭਰੋਸਾ ਨਹੀਂ ਕਰਨਾ ਚਾਹੀਦਾ ਜੇ ਦੁਸ਼ਟ ਆਤਮਾ ਨੂੰ ਖਿਮਾਂ ਕੀਤਾ ਜਾਵੇ ਤਾਂ ਆਪਣਾ ਬਚਾ ਪਹਿਲਾਂ ਕਰ ਲੈਣਾ ਚਾਹੀਦਾ ਏ। ਸ਼ਰਨ ਕੌਰ ਨੂੰ ਜਿੰਨਾ ਆਪਣੇ ਬਲ ਤੇ ਧਰਮ ਉੱਤੇ ਭਰੋਸਾ ਸੀ ਅਤੇ ਆਪਣੇ ਜਾਸੂਸੀ ਦੇ ਹਥਿਆਰਾਂ ਉੱਤੇ ਵੀ ਮਾਣ ਸੀ। ਇਨ੍ਹਾਂ ਚੀਜ਼ਾਂ ਦੇ ਆਸਰੇ ਹੀ ਨਿਰਭਉ ਹਰ ਥਾਂ ਚਲੀ ਜਾਂਦੀ ਸੀ। ਖੰਜਰ ਨੂੰ ਸੱਜੇ ਹੱਥ ਵਿਚ ਹੀ ਰੱਖਦਿਆਂ ਹੋਇਆਂ ਖੱਬੇ ਹੱਥ ਨਾਲ ਜੇਬ ਵਿਚੋਂ ਉਹ ਰੁਮਾਲ ਕੱਢਿਆ, ਜਿਸ ਨੂੰ ਕਿਸੇ ਮਨੁੱਖ ਦੀਆਂ ਨਾਸਾਂ ਕੋਲ ਕੀਤਿਆਂ ਮਨੁੱਖ ਨੂੰ ਬੇਸੁਰਤ ਕੀਤਾ ਜਾਂਦਾ ਸੀ। ਉਸ ਰੁਮਾਲ ਨੂੰ ਬਾਹਰ ਕੱਢ ਕੇ ਛੇਤੀ ਨਾਲ ਧਿਆਨ ਸਿੰਘ ਦੀਆਂ ਨਾਸਾਂ ਘੁਟ ਲਈਆਂ। ਦੋ ਕੁ ਵਾਰ ਤੜਫ ਕੇ ਉਹ ਠੰਢਾ ਹੋ ਗਿਆ। ਜਦੋਂ ਉਹ ਹਿੱਲਣ ਜੋਗਾ ਨਾ ਰਿਹਾ ਤਾਂ ਸ਼ਰਨ ਕੌਰ ਉਠ ਬੈਠੀ। ਖੰਜਰ ਨੂੰ ਆਪਣੇ ਕੋਲ ਲੁਕੋ ਲਿਆ। ਬੇਸੁਰਤ ਹੋਏ ਧਿਆਨ ਸਿੰਘ ਨੂੰ ਲੱਤੋਂ ਫੜ ਕੇ ਖਿੱਚਿਆ ਤੇ ਇਕ ਪਾਸੇ ਕਰਕੇ ਹੱਸੀ। ਖ਼ੂਬ ਹੱਸੀ। ਹੱਸਦਿਆਂ ਹੋਇਆਂ ਆਪ ਮੁਹਾਰੀ ਬੋਲੀ, 'ਮੂਰਖ! ਤੂੰ ਸ਼ਰਨ ਕੌਰ ਨੂੰ ਸਮਝ ਨਾ ਸਕਿਆ। ਜੋ ਸ਼ਰਨ ਕੌਰ ਪਠਾਣਾਂ ਦੇ ਕੰਨ ਕਤਰ ਸਕਦੀ ਹੈ, ਉਹ ਧਿਆਨ ਸਿੰਘ ਵਰਗਿਆਂ ਨੂੰ ਕੀ ਜਾਣਦੀ ਹੈ।

ਆਪਣੇ ਆਪ ਨੂੰ ਸੰਭਾਲ ਕੇ ਸ਼ਰਨ ਕੌਰ ਨੇ ਕਮਰੇ ਦਾ ਬੂਹਾ ਖੋਲ੍ਹਿਆ ਤੇ ਚੁੱਪ ਚਾਪ ਹਵੇਲੀ ਵਿਚੋਂ ਬਾਹਰ ਨਿਕਲ ਕੇ ਕਿਲ੍ਹੇ ਵਿਚ ਜਾ ਪੁੱਜੀ।

ਦੁਸ਼ਮਨ ਨੂੰ ਖ਼ਾਲਸਾ ਰਾਜ ਦੀਆਂ ਸਰਹੱਦਾਂ ਤੋਂ ਦੂਰ ਕਰਕੇ ਸ਼ੇਰੇ ਪੰਜਾਬ ਵਾਪਸ ਲਾਹੌਰ ਪੁੱਜੇ। ਭਾਵੇਂ ਦੁਸ਼ਮਨਾਂ ਨਾਲ ਘਮਸਾਨ ਲੜਾਈ ਲੜੀ ਗਈ। ਇਕ ਸ: ਹਰੀ ਸਿੰਘ ਨਲੂਏ ਬਦਲੇ ਹਜ਼ਾਰਾਂ ਪਠਾਣਾਂ ਤੇ ਮੁਗਲਾਂ ਨੂੰ ਤਲਵਾਰ ਦੇ ਘਾਟ ਪਾਰ ਕੀਤਾ ਗਿਆ। ਹਕੂਮਤ ਕਾਬਲ, ਹਿੰਦੁਸਤਾਨ ਵੱਲ ਤੱਕਨ ਦੇ ਕਾਬਲ ਵੀ ਨਾ ਰਹੀ, ਫਿਰ ਵੀ ਸ: ਹਰੀ

ਸਿੰਘ ਨਲੂਏ ਦੇ ਵਿਛੋੜੇ ਨੇ ਖ਼ਾਲਸਾ ਰਾਜ ਦੀ ਸ਼ਕਤੀ ਨੂੰ ਜੋ ਘਾਟਾ ਪਾਇਆ ਉਹ ਕਦੀ ਨਾ ਪੂਰਾ ਹੋਣ ਵਾਲਾ ਸੀ। ਉਸ ਮਹਾਨ ਘ਼ਾਟੇ ਨੇ ਸ਼ੇਰੇ-ਪੰਜਾਬ ਦੇ ਦਿਲ ਉੱਤੇ ਬਹੁਤ ਅਸਰ ਪਾਇਆ। ਉਨ੍ਹਾਂ ਦੇ ਚਿਹਰੇ ਉਤੇਂ ਗੰਭੀਰਤਾ ਤੇ ਉਦਾਸੀ ਦੇ ਚਿੰਨ੍ਹ ਨਾ ਮਿਟੇ। ਫਿਰ ਵੀ ਰਾਜ-ਕਾਜ ਕਰਨ ਵਾਸਤੇ ਹੌਸਲੇ ਤੇ ਮੁਸਕ੍ਰਾਹਟ ਦੀ ਲੋੜ ਹਰ ਮਹਾਰਾਜੇ ਜਾਂ ਸਮਰਾਟ ਨੂੰ ਹੁੰਦੀ ਹੈ। ਇਸ ਵਾਸਤੇ ਕਿਲ੍ਹੇ ਵਿਚ ਦਾਖਲ ਹੁੰਦਿਆਂ ਹੀ ਸਰਕਾਰ ਨੇ ਹੁਕਮ ਦਿੱਤਾ ਕਿ ਇਕ ਆਲੀਸ਼ਾਨ ਦਰਬਾਰ ਕੀਤਾ ਜਾਵੇ। ਉਸ ਦਰਬਾਰ ਵਿਚ ਸ਼ਹਿਰੀ ਤੇ ਫ਼ੌਜੀ ਸਰਦਾਰ ਬੁਲਾਏ ਜਾਣ। ਹੁਕਮ ਦੀ ਪਾਲਣਾ ਹੋ ਗਈ। ਦੀਵਾਨੇਆਮ ਵਿਚ ਦਰਬਾਰ ਸਜਾਇਆ ਗਿਆ।

ਮਹਾਰਾਜਾ ਸਾਹਿਬ ਮੋਤੀ ਹੀਰੇ ਜੜਤ ਸੁਨਹਿਰੀ ਤਖ਼ਤ ਉੱਤੇ ਆ ਬਿਰਾਜੇ। ਹੋਰ ਕਾਰਵਾਈ ਹੋ ਚੁੱਕਣ ਪਿਛੋਂ ਲੜਾਈ ਵਿਚ ਬਹਾਦਰੀਆਂ ਕਰਨ ਵਾਲਿਆਂ ਨੂੰ ਇਨਾਮ ਤੇ ਜਗੀਰਾਂ ਵੰਡਣ ਦਾ ਸਮਾਂ ਆਇਆ। ਸ: ਮਹਾਂ ਸਿੰਘ ਜੀ ਵਰਗੇ ਬਹਾਦਰਾਂ ਨੂੰ ਜਾਗੀਰ ਬਖਸ਼ਣ ਪਿਛੋਂ ਸ਼ੇਰੇ ਪੰਜਾਬ ਭੀਮ ਬਲੀ ਸਿੰਘ ਤੇ ਬਹਾਦਰ ਸ਼ਰਨ ਕੌਰ ਨੂੰ ਆਪਣੇ ਸਨਮੁਖ ਸੱਦਿਆ। ਬਹਾਦਰ ਤੇ ਰਾਜ ਦੀ ਵਫ਼ਾਦਾਰ ਜੋੜੀ ਜਦੋਂ ਮਹਾਰਾਜ ਦੇ ਕੋਲ ਪੁੱਜੀ ਤਾਂ ਮਹਾਰਾਜ ਨੇ ਭਰੇ ਦਰਬਾਰ ਵਿਚ ਇਉਂ ਫ਼ੁਰਮਾਇਆ, 'ਸਤਿਕਾਰ ਯੋਗ ਦਰਬਾਰੀਓ' ਖ਼ਾਲਸਾ ਰਾਜ ਕੇ ਸਹਾਇਕੋ ਤੇ ਪ੍ਰੇਮੀਓ! ਇਸ ਬਹਾਦਰ ਬੀਬੀ ਸ਼ਰਨ ਕੌਰ ਨੇ, ਜੋ ਖ਼ਾਲਸਾ ਰਾਜ ਦੀ ਸੇਵਾ ਕੀਤੀ ਹੈ, ਇਹ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਵੇਗੀ।....ਜਿਸ ਤਰ੍ਹਾਂ ਘਰੇਲੂ ਜੀਵਨ ਇਸਤ੍ਰੀ ਦੀ ਹਮਦਰਦੀ, ਸਾਂਝ ਤੇ ਹਿੰਮਤ ਬਿਨਾਂ ਸੁੱਖਾਂ ਭਰਿਆ ਨਹੀਂ ਹੋ ਸਕਦਾ, ਤਿਵੇਂ ਰਾਜ ਨੂੰ ਉੱਚੀ ਪੱਧਰ ਉੱਤੇ ਚਲਾਉਣ ਵਾਲੀਆਂ ਬਹਾਦਰ ਸ਼ਰਨ ਕੌਰ ਜਿਹੀਆਂ ਮਹਾਨ ਇਸਤ੍ਰੀਆਂ ਦੀ ਲੋੜ ਹੈ। ਬਹਾਦਰ ਨਿਰਭੈ ਅਤੇ ਅਕਲਮੰਦ ਦੇਵੀ ਜਿੱਥੇ

ਆਪਣੀ ਜੀਵਨ ਰਾਖੀ ਕਰ ਸਕਦੀ ਹੈ, ਉਥੇ ਕੌਮ, ਦੇਸ਼ ਤੇ ਧਰਮ ਦੀ ਸੇਵਾ ਕਰਨ ਦੇ ਯੋਗ ਬਣ ਜਾਂਦੀ ਹੈ। ਸਾਡਾ ਇਤਿਹਾਸ ਗਵਾਹ ਹੈ ਕਿ ਸਿੰਘਾਂ ਦੀਆਂ ਸਿੰਘਣੀਆਂ ਨੇ ਧਰਮ ਬਦਲੇ ਵੱਧ ਚੜ੍ਹ ਕੇ ਕੁਰਬਾਨੀਆਂ ਕੀਤੀਆਂ। ਪੰਜਾਬ ਦੀ ਹਰ ਦੇਵੀ ਨੂੰ ਬੀਬੀ ਸਰਨ ਕੌਰ ਵਾਂਗ ਬਹਾਦਰ ਤੇ ਚੰਗੇਰੀ ਸੂਝ ਵਾਲੀ ਬਣਨਾ ਚਾਹੀਦਾ ਹੈ। ਇਹਨਾਂ ਦੀਆਂ ਬਹਾਦਰੀਆਂ ਤੇ ਕੁਰਬਾਨੀਆਂ ਬਦਲੇ ਖਾਲਸੇ ਰਾਜ ਵੱਲੋਂ ਦੋਹਾਂ ਜੀਆਂ ਨੂੰ ਚਾਰ ਚਾਰ ਹਜ਼ਾਰ ਰੁਪੈ ਸਲਾਨਾ ਜਾਗੀਰ ਦਿੱਤੀ ਜਾਂਦੀ ਹੈ। ਰਾਜ ਦੇ ਗੁਪਤ ਤੇ ਪੜਤਾਲੀਏ ਮਹਿਕਮੇ ਵਿਚ ਅਫਸਰੀ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ।"

ਮਹਾਰਾਜ ਦਾ ਫੁਰਮਾਨ ਸੁਣ ਕੇ ਬੀਬੀ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਬੇਅੰਤ ਖ਼ੁਸ਼ ਹੋਏ। ਸਾਰਾ ਦਰਬਾਰ ਤਾਲੀਆਂ ਤੇ ਜੈਕਾਰਿਆਂ ਨਾਲ ਉਨ੍ਹਾਂ ਦੀ ਵਡਿਆਈ ਦੀ ਉਪਮਾ ਕਰਨ ਲੱਗਾ। ਉਸ ਖ਼ੁਸ਼ੀ ਵਿਚ ਫਰੇਬੀ ਧਿਆਨ ਸਿੰਘ ਵੀ ਸ਼ਾਮਲ ਸੀ, ਜੋ ਬੀਬੀ ਸ਼ਰਨ ਕੌਰ ਵੱਲ ਅੱਖ ਚੁੱਕ ਕੇ ਨਹੀਂ ਸੀ ਦੇਖ ਸਕਦਾ। ਉਹਦਾ ਫਰੇਬੀ ਤੇ ਪਾਪੀ ਮਨ ਸ਼ਰਮ ਦੇ ਭਾਰ ਨਾਲ ਧਰਤੀ ਵੱਲ ਝੁਕ ਰਿਹਾ ਸੀ।




ISBN 81-7601-135-5
9788176011358